Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.
# ਪੰਜਾਬ ਮੇਲ
Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567
916-320-9444

Vol. 19, Issue- 842, 20 to 26 Feb., 2025, Ph: 916-320-9444, E-mail: punjabmailusa@yahoo.com, Web: punjabmailusa.com

## ਪੰਜਾਬ 'ਚ ਭਾਜਪਾ-ਅਕਾਲੀ ਦਲ ਦੁਬਾਰਾ ਬਣਾ ਸਕਦੈ ਗਠਜੋੜ !

**ਨਵੀਂ ਦਿੱਲੀ, (ਪੰਜਾਬ ਮੇਲ)-** ਪਿਛਲੇ ਕੁੱਝ ਸਮੇਂ ਤੋਂ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਗਠਜੋੜ 'ਚ ਦਰਾਰ ਪੈ ਗਈ ਸੀ ਅਤੇ ਦੋਵਾਂ ਪਾਰਟੀਆਂ ਨੇ ਵੱਖੋ-ਵੱਖ ਚੋਣਾਂ ਲੜਨੀਆਂ ਸ਼ੁਰੂ ਕਰ ਦਿੱਤੀਆਂ ਸਨ। ਪਰ ਹੁਣ ਅੰਦਰਖਾਤੇ ਇਕ ਵਾਰ ਫਿਰ ਦੋਵਾਂ ਪਾਰਟੀਆਂ ਦੇ ਆਗੂ ਦੁਬਾਰਾ ਗਠਜੋੜ ਬਣਾਉਣ ਲਈ ਵਿਚਾਰ-ਵਟਾਂਦਰੇ ਕਰ ਰਹੇ ਹਨ। ਅਕਾਲੀ ਦਲ-ਭਾਜਪਾ ਵਿਚ ਦਰਾੜ ਪੈ ਜਾਣ ਕਾਰਨ ਪੰਜਾਬ ਵਿਚ ਇਹ ਦੋਵੇਂ ਪਾਰਟੀਆਂ ਹਾਸ਼ੀਏ 'ਤੇ ਪਹੁੰਚ ਗਈਆਂ ਹਨ। ਇਨ੍ਹਾਂ ਦੋਵਾਂ ਪਾਰਟੀਆਂ ਨੇ ਇਹ ਤੱਤ ਕੱਢ ਲਿਆ ਹੈ ਕਿ ਪੰਜਾਬ ਵਿਚ ਵੱਖ-ਵੱਖ ਹੋ ਕੇ ਚੋਣਾਂ ਨਹੀਂ ਲੜੀਆਂ ਜਾ ਸਕਦੀਆਂ।

ਪਿਛਲੇ ਦਿਨੀਂ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਧੀ ਦੇ ਵਿਆਹ ਵਿਚ ਬਹੁਤ ਸਾਰੇ ਸੀਨੀਅਰ ਭਾਜਪਾ ਆਗੂਆਂ ਨੇ ਸ਼ਮੂਲੀਅਤ ਕੀਤੀ ਸੀ, ਜਿਸ ਨਾਲ ਇਹ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਇਹ ਦੋਵੇਂ ਪਾਰਟੀਆਂ ਪਹਿਲਾਂ ਵਿਧਾਨ ਸਭਾ ਚੋਣਾਂ ਇਕੱਠੀਆਂ ਲੜਨਗੀਆਂ, ਫਿਰ ਲੋਕ ਸਭਾ ਚੋਣਾਂ ਵੀ ਗਠਜੋੜ ਕਰਕੇ ਹੀ ਲੜਨਗੀਆਂ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਇਨ੍ਹਾਂ ਦੋਵਾਂ ਪਾਰਟੀਆਂ ਦਾ ਆਧਾਰ ਖਤਮ ਹੋ ਚੁੱਕਾ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ 'ਤੇ ਲੱਗੇ ਦੋਸ਼ਾਂ ਨਾਲ ਪਾਰਟੀ ਦਾ ਗ੍ਰਾਫ ਕਾਫੀ ਥੱਲੇ ਆਇਆ ਹੈ, ਜਦਕਿ ਲੰਮੇ ਸਮੇਂ ਤੋਂ ਕਿਸਾਨ ਅੰਦੋਲਨ ਹੋਣ ਕਾਰਨ ਭਾਜਪਾ ਦਾ ਆਧਾਰ ਵੀ ਪੰਜਾਬ ਵਿਚ ਖਤਮ ਹੋ ਗਿਆ ਹੈ। ਹੁਣ ਦੇਖਣਾ ਇਹ ਹੈ ਕਿ ਭਾਜਪਾ ਪੰਜਾਬ ਦੀ ਸਿਆਸਤ ਵਿਚ ਦੁਬਾਰਾ ਸਰਗਰਮ ਹੋਣ ਲਈ ਕਿਸਾਨਾਂ ਨੂੰ ਕੋਈ ਵਿਸ਼ੇਸ਼ ਪੈਕੇਜ ਦੇਵੇਗੀ ਅਤੇ ਕੀ ਉਹ ਪੰਜਾਬ ਦੀਆਂ ਲੰਮੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਵੱਲ ਧਿਆਨ ਦੇਵੇਗੀ, ਇਹ ਤਾਂ ਹੁਣ ਆਉਣ ਵਾਲਾ ਸਮਾਂ ਦੱਸੇਗਾ। ਜੇਕਰ ਭਾਜਪਾ ਪੰਜਾਬ ਲਈ ਗੰਭੀਰ ਹੈ, ਤਾਂ ਉਹ ਇਸ ਬਾਰੇ ਕੀ ਸੋਚਦੀ ਹੈ।

## ਹੁਣ ਅਮਰੀਕਾ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਸਿੱਧਾ ਭਾਰਤ ਨਹੀਂ ਕਰੇਗਾ ਡਿਪੋਰਟ !

■ **ਕੋਸਟਾ ਰੀਕਾ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਭੇਜਣ 'ਚ ਇੱਕ "ਪੁਲ" ਵਜੋਂ ਕੰਮ ਕਰਨ 'ਤੇ ਸਹਿਮਤ ਪ੍ਰਗਟਾਈ**




**ਸੈਨਹੋਜ਼ੇ, (ਪੰਜਾਬ ਮੇਲ)-** ਕੋਸਟਾ ਰੀਕਾ ਨੇ ਭਾਰਤ ਅਤੇ ਮੱਧ ਏਸ਼ੀਆ ਦੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਤੋਂ ਵਾਪਸ ਭੇਜਣ ਵਿਚ ਇੱਕ "ਪੁਲ" ਵਜੋਂ ਕੰਮ ਕਰਨ 'ਤੇ ਸਹਿਮਤ ਪ੍ਰਗਟਾਈ ਹੈ। ਇਹ ਜਾਣਕਾਰੀ ਮੰਗਲਵਾਰ ਨੂੰ ਜਾਰੀ ਇੱਕ ਅਧਿਕਾਰਤ ਰਿਲੀਜ਼ ਵਿਚ ਦਿੱਤੀ ਗਈ। ਅਮਰੀਕਾ ਤੋਂ ਭੇਜੇ ਗਏ ਪ੍ਰਵਾਸੀ ਉਦੋਂ ਤੱਕ ਕੋਸਟਾ ਰੀਕਾ ਵਿਚ ਰਹਿਣਗੇ, ਜਦੋਂ ਤੱਕ ਉਨ੍ਹਾਂ ਨੂੰ ਉਨ੍ਹਾਂ ਦੇ ਦੇਸ਼ਾਂ ਵਿਚ ਵਾਪਸ ਨਹੀਂ ਭੇਜਿਆ ਜਾ ਸਕਦਾ। ਕੋਸਟਾ ਰੀਕਾ ਦੇ ਰਾਸ਼ਟਰਪਤੀ ਰੋਡਰੀਗੋ ਚਾਵੇਸ ਰੋਬਲਜ਼ ਦੇ ਦਫ਼ਤਰ ਵੱਲੋਂ ਜਾਰੀ ਕੀਤੇ ਗਏ ਇੱਕ ਬਿਆਨ ਅਨੁਸਾਰ, 200 ਪ੍ਰਵਾਸੀਆਂ ਦਾ ਪਹਿਲਾ ਬੈਚ ਬੁੱਧਵਾਰ ਨੂੰ ਇੱਕ ਵਪਾਰਕ ਉਡਾਣ ਰਾਹੀਂ ਜੁਆਨ ਸੈਂਟਾਮਾਰੀਆ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚੇਗਾ।

ਬਿਆਨ ਵਿਚ ਕਿਹਾ ਗਿਆ ਹੈ, "ਕੋਸਟਾ ਰੀਕਾ ਸਰਕਾਰ ਨੇ 200 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜਣ ਵਿਚ ਅਮਰੀਕਾ ਨਾਲ ਸਹਿਯੋਗ ਕਰਨ 'ਤੇ ਸਹਿਮਤੀ ਪ੍ਰਗਟਾਈ ਹੈ। ਇਹ ਲੋਕ ਮੱਧ ਏਸ਼ੀਆਈ ਦੇਸ਼ਾਂ ਅਤੇ ਭਾਰਤ ਤੋਂ ਹਨ।" ਬਿਆਨ ਵਿਚ ਇਹ ਨਹੀਂ ਦੱਸਿਆ ਗਿਆ ਕਿ ਉਨ੍ਹਾਂ ਵਿਚੋਂ ਕਿੰਨੇ ਭਾਰਤ ਤੋਂ ਹਨ। ਇਸ ਵਿਚ ਕਿਹਾ ਗਿਆ ਹੈ, "ਕੋਸਟਾ ਰੀਕਾ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਮੂਲ ਦੇਸ਼ਾਂ ਤੱਕ ਪਹੁੰਚਣ ਲਈ ਇੱਕ ਪੁਲ ਦਾ ਕੰਮ ਕਰੇਗਾ।" ਟਰੰਪ ਪ੍ਰਸ਼ਾਸਨ ਦੇ ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਸਖ਼ਤ ਕਾਰਵਾਈ ਦੌਰਾਨ ਕੁੱਲ 332 ਭਾਰਤੀਆਂ ਨੂੰ ਪਹਿਲਾਂ ਹੀ 3 ਬੈਚਾਂ ਵਿਚ ਭਾਰਤ ਵਾਪਸ ਭੇਜਿਆ ਜਾ ਚੁੱਕਾ ਹੈ।

## 26 ਹਜ਼ਾਰ ਪ੍ਰਵਾਸੀ ਬੱਚਿਆਂ 'ਤੇ ਵੀ ਲਟਕੀ ਡਿਪੋਰਟੇਸ਼ਨ ਦੀ ਤਲਵਾਰ !

■ **ਟਰੰਪ ਵੱਲੋਂ ਬੱਚਿਆਂ ਨੂੰ ਇਮੀਗ੍ਰੇਸ਼ਨ ਅਦਾਲਤ 'ਚ ਕਾਨੂੰਨੀ ਪ੍ਰਤੀਨਿਧਤਾ ਲਈ ਦਿੱਤੀ ਜਾਣ ਵਾਲੀ ਸਹਾਇਤਾ 'ਤੇ ਰੋਕ**



**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਵਿਚ ਅਮਰੀਕਾ ਵੱਲੋਂ ਗੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਐਕਸ਼ਨ ਲਗਾਤਾਰ ਜਾਰੀ ਹੈ। ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਪਹਿਲਾਂ ਹੀ ਫ਼ੌਜੀ ਜਹਾਜ਼ਾਂ ਰਾਹੀਂ ਡਿਪੋਰਟ ਕਰ ਕੇ ਆਪੋ-ਆਪਣੇ ਦੇਸ਼ ਵਾਪਸ ਭੇਜਿਆ ਜਾ ਰਿਹਾ ਹੈ। ਇਸ ਵਿਚਾਲੇ ਹੁਣ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਵਾਲੇ ਪ੍ਰਸ਼ਾਸਨ ਨੇ ਉਨ੍ਹਾਂ ਬੱਚਿਆਂ ਨੂੰ ਇਮੀਗ੍ਰੇਸ਼ਨ ਅਦਾਲਤ ਵਿਚ ਕਾਨੂੰਨੀ ਪ੍ਰਤੀਨਿਧਤਾ ਲਈ ਦਿੱਤੀ ਜਾਣ ਵਾਲੀ ਸਹਾਇਤਾ ਰੋਕ ਦਿੱਤੀ ਹੈ, ਜੋ ਕਥਿਤ ਤੌਰ 'ਤੇ ਇਕੱਲੇ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਦਾਖ਼ਲ ਹੋਏ ਸਨ।

ਸਰਕਾਰ ਦਾ ਇਹ ਕਦਮ ਉਨ੍ਹਾਂ ਲੋਕਾਂ ਲਈ ਝਟਕਾ ਹੈ, ਜੋ ਦੇਸ਼ ਨਿਕਾਲੇ ਦੀ ਲੜਾਈ ਲੜ ਰਹੇ ਹਨ ਅਤੇ ਵਕੀਲ ਦਾ ਖਰਚਾ ਨਹੀਂ ਚੁੱਕ ਸਕਦੇ। ਅਕੇਸ਼ੀਆ ਸੈਂਟਰ ਫਾਰ ਜਸਟਿਸ ਨੇ ਕਿਹਾ ਕਿ ਉਹ ਆਪਣੇ ਸੰਘੀ ਇਕਰਾਰਨਾਮੇ ਦੇ ਤਹਿਤ 26 ਹਜ਼ਾਰ ਪ੍ਰਵਾਸੀ ਬੱਚਿਆਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ। ਟਰੰਪ ਦੇ ਇਸ ਫ਼ੈਸਲੇ ਨਾਲ ਉਨ੍ਹਾਂ 'ਤੇ ਵੀ ਡਿਪੋਰਟੇਸ਼ਨ ਦੀ ਤਲਵਾਰ ਲਟਕ ਗਈ ਹੈ, ਕਿਉਂਕਿ ਉਨ੍ਹਾਂ ਨੂੰ ਇਮੀਗ੍ਰੇਸ਼ਨ ਅਦਾਲਤ ਵਿਚ ਕਾਨੂੰਨੀ ਨੁਮਾਇੰਦਗੀ ਲਈ ਕੋਈ ਸਹਾਇਤਾ ਨਹੀਂ ਮਿਲੇਗੀ। ਗ੍ਰਹਿ ਮੰਤਰਾਲੇ ਨੇ "ਸਟਾਪ ਵਰਕ ਆਰਡਰ" ਲਈ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਅਤੇ ਸਮੂਹ ਨੂੰ ਸਿਰਫ ਇਹ ਦੱਸਿਆ ਕਿ ਇਹ ਕਦਮ "ਤੁਹਾਡੇ ਨਿਯੰਤਰਣ ਤੋਂ ਬਾਹਰ ਦੇ ਕਾਰਨਾਂ" ਕਰਕੇ ਲਿਆ ਗਿਆ ਸੀ ਅਤੇ ਇਸ ਨੂੰ ਮਾੜੀ ਕਾਰਗੁਜ਼ਾਰੀ ਦੇ ਅਧਾਰ 'ਤੇ ਕੀਤੇ ਗਏ ਫ਼ੈਸਲੇ ਵਜੋਂ ਨਹੀਂ ਸਮਝਿਆ ਜਾਣਾ ਚਾਹੀਦਾ।

■ ਬਾਕੀ ਖਬਰ ਸਫਾ 15 'ਤੇ

## '84 ਸਿੱਖ ਵਿਰੋਧੀ ਦੰਗੇ; ਦਿੱਲੀ ਪੁਲਿਸ ਵੱਲੋਂ ਸੱਜਣ ਕੁਮਾਰ ਲਈ ਸਜ਼ਾ-ਏ-ਮੌਤ ਦੀ ਮੰਗ

■ **21 ਫਰਵਰੀ ਨੂੰ ਹੋ ਸਕਦੈ ਸਜ਼ਾ ਦਾ ਐਲਾਨ**



**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ 'ਚ ਸਾਲ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਜੁੜੇ ਇਕ ਮਾਮਲੇ 'ਚ ਕਾਂਗਰਸ ਦੇ ਸਾਬਕਾ ਨੇਤਾ ਅਤੇ ਸੰਸਦ ਮੈਂਬਰ ਸੱਜਣ ਕੁਮਾਰ ਦੀ ਸਜ਼ਾ ਦਾ ਐਲਾਨ ਹੁਣ 21 ਫਰਵਰੀ ਨੂੰ ਹੋਵੇਗਾ। ਮੰਗਲਵਾਰ ਨੂੰ ਹੋਈ ਸੁਣਵਾਈ ਦੌਰਾਨ ਦਿੱਲੀ ਪੁਲਿਸ ਨੇ ਸੱਜਣ ਕੁਮਾਰ ਲਈ ਸਜ਼ਾ-ਏ-ਮੌਤ ਮੰਗੀ। ਪੀੜਤ ਪੱਖ ਨੇ ਵੀ ਇਸੇ ਸਜ਼ਾ ਦੀ ਮੰਗ ਕੀਤੀ ਅਤੇ ਇਸ ਨੂੰ 'ਦੁਰਲੱਭ ਤੋਂ ਦੁਰਲੱਭ' ਅਪਰਾਧ ਦੱਸਿਆ ਗਿਆ ਹੈ। ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੂੰ ਇਸ ਪਟੀਸ਼ਨ ਬਾਰੇ ਇਸਤਗਾਸਾ ਪੱਖ ਵੱਲੋਂ ਦਾਇਰ ਇਕ ਲਿਖਤੀ ਹਲਫ਼ਨਾਮੇ 'ਚ ਸੂਚਿਤ ਕੀਤਾ ਗਿਆ। ਕਤਲ ਦੀ ਘੱਟੋ-ਘੱਟ ਸਜ਼ਾ ਉਮਰ ਕੈਦ ਹੈ। ਕੁਮਾਰ ਦੇ ਵਕੀਲ ਨੇ ਮਾਮਲੇ 'ਤੇ ਬਹਿਸ ਕਰਨ ਲਈ ਸਮਾਂ ਮੰਗਿਆ, ਜਿਸ ਤੋਂ ਬਾਅਦ ਜੱਜ ਨੇ ਇਹ ਕਹਿੰਦੇ ਹੋਏ ਮਾਮਲੇ ਦੀ ਸੁਣਵਾਈ 21 ਫਰਵਰੀ ਤੱਕ ਲਈ ਮੁਲਤਵੀ ਕਰ ਦਿੱਤੀ ਕਿ ਵਕੀਲ, ਐਡਵੋਕੇਟ ਸੋਧ ਬਿੱਲ 2025 ਦੇ ਵਿਰੋਧ 'ਚ ਮੰਗਲਵਾਰ ਨੂੰ ਕੰਮ ਨਹੀਂ ਕਰਨਗੇ। ਸ਼ਿਕਾਇਤਕਰਤਾ ਦੇ ਵਕੀਲ ਸੀਨੀਅਰ ਐਡਵੋਕੇਟ ਐੱਚ.ਐੱਸ. ਫੂਲਕਾ ਨੇ ਇਸਤਗਾਸਾ ਪੱਖ ਦੀ ਸਜ਼ਾ-ਏ-ਮੌਤ ਦੀ ਮੰਗ ਦਾ ਸਮਰਥਨ ਕੀਤਾ ਅਤੇ ਬਹਿਸ ਲਈ ਸਮਾਂ ਮੰਗਿਆ। ਕੁਮਾਰ ਫਿਲਹਾਲ ਤਿਹਾੜ ਜੇਲ੍ਹ 'ਚ ਬੰਦ ਹੈ।

■ ਬਾਕੀ ਖਬਰ ਸਫਾ 15 'ਤੇ

## ਸੰਸਦੀ ਬਜਟ ਇਜਲਾਸ 'ਚ ਸ਼ਮੂਲੀਅਤ ਲਈ ਹਾਈ ਕੋਰਟ ਪੁੱਜਾ ਅੰਮ੍ਰਿਤਪਾਲ

■ **ਸੰਸਦੀ ਇਜਲਾਸ 'ਚੋਂ ਗ਼ੈਰਹਾਜ਼ਰੀ ਨੂੰ ਦੱਸਿਆ ਆਪਣੇ ਸੰਵਿਧਾਨਕ ਹੱਕਾਂ ਦੀ ਉਲੰਘਣਾ**



**ਚੰਡੀਗੜ੍ਹ, (ਪੰਜਾਬ ਮੇਲ)-** ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਸੰਸਦ ਦੇ ਬਜਟ ਇਜਲਾਸ ਵਿਚ ਸ਼ਮੂਲੀਅਤ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਰੁਖ਼ ਕਰਦਿਆਂ ਕੇਂਦਰ ਸਰਕਾਰ, ਪੰਜਾਬ ਸਰਕਾਰ ਤੇ ਹੋਰਨਾਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਦੀ ਮੰਗ ਕੀਤੀ ਹੈ। ਅੰਮ੍ਰਿਤਪਾਲ ਸਿੰਘ ਨੇ ਪਟੀਸ਼ਨ ਵਿਚ ਕਿਹਾ ਕਿ ਲੋਕ ਸਭਾ ਦੇ ਸਕੱਤਰ ਜਨਰਲ ਵੱਲੋਂ ਜਾਰੀ ਸੰਮਨਾਂ ਦੀ ਤਾਮੀਲ ਲਈ ਉਸ ਦੀ ਸੰਸਦ 'ਚ ਹਾਜ਼ਰੀ ਜ਼ਰੂਰੀ ਹੈ। ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਉਸ ਦੀ ਗੈਰਹਾਜ਼ਰੀ ਉਹਦੇ ਸੰਵਿਧਾਨਕ ਹੱਕਾਂ ਦੀ ਉਲੰਘਣਾ ਹੈ।

ਖਡੂਰ ਸਾਹਿਬ ਤੋਂ ਸੰਸਦ ਮੈਂਬਰ ਤੇ 'ਵਾਰਿਸ ਪੰਜਾਬ ਦੇ' ਦਾ ਮੁਖੀ ਅੰਮ੍ਰਿਤਪਾਲ ਸਿੰਘ ਇਸ ਵੇਲੇ ਕੌਮੀ ਸੁਰੱਖਿਆ ਐਕਟ ਦੀਆਂ ਵਿਵਸਥਾਵਾਂ ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ। ਪਟੀਸ਼ਨਰ ਨੇ ਦਾਅਵਾ ਕੀਤਾ ਕਿ ਉਸ ਨੂੰ ਗਿਣਮਿੱਥ ਕੇ ਸੰਸਦ ਦੇ ਇਜਲਾਸ ਵਿਚ ਸ਼ਾਮਲ ਹੋਣ ਤੋਂ ਰੋਕਿਆ ਜਾ ਰਿਹਾ ਹੈ, ਤਾਂ ਕਿ ਖਡੂਰ ਸਾਹਿਬ ਸੰਸਦੀ ਸੀਟ ਨੂੰ ਖਾਲੀ ਐਲਾਨਿਆ ਜਾ ਸਕੇ।

ਅੰਮ੍ਰਿਤਪਾਲ ਸਿੰਘ ਨੇ ਦਾਅਵਾ ਕੀਤਾ ਕਿ ਜੇ ਉਹ 60 ਦਿਨਾਂ ਤੋਂ ਵੱਧ ਸੰਸਦ 'ਚੋਂ ਗੈਰਮੌਜੂਦ ਰਹਿੰਦਾ ਹੈ, ਤਾਂ ਨਤੀਜੇ ਵਜੋਂ ਸੀਟ ਨੂੰ ਖਾਲੀ ਐਲਾਨਿਆ ਜਾ ਸਕਦਾ ਹੈ ਅਤੇ ਜੇ ਅਜਿਹਾ ਹੁੰਦਾ ਹੈ ਤਾਂ ਉਸ ਦਾ ਅਸਰ ਨਾ ਸਿਰਫ਼ ਉਸ ਉੱਤੇ, ਬਲਕਿ ਉਸ ਦੇ ਹਲਕੇ ਦੇ 19 ਲੱਖ ਲੋਕਾਂ 'ਤੇ ਪਏਗਾ।

ਅੰਮ੍ਰਿਤਸਪਾਲ ਸਿੰਘ ਨੇ ਅਧਿਕਾਰੀਆਂ ਤੋਂ ਐੱਮਪੀਲੈਡ ਸਕੀਮ ਨੂੰ ਲਾਗੂ ਕਰਨ ਸਬੰਧੀ ਅਧਿਕਾਰੀਆਂ ਅਤੇ ਮੰਤਰੀਆਂ ਨੂੰ ਮਿਲਣ ਦੀ ਆਗਿਆ ਦੇਣ ਲਈ ਨਿਰਦੇਸ਼ ਵੀ ਮੰਗੇ। ਐੱਮਪੀਲੈਡ ਸਕੀਮ ਸੰਸਦ ਮੈਂਬਰਾਂ ਨੂੰ ਸਥਾਨਕ ਤੌਰ 'ਤੇ ਪਛਾਣੀਆਂ ਗਈਆਂ ਜ਼ਰੂਰਤਾਂ ਦੇ ਅਧਾਰ 'ਤੇ ਵਿਕਾਸ ਪ੍ਰੋਜੈਕਟਾਂ ਦੀ ਸਿਫਾਰਸ਼ ਕਰਨ ਦੀ ਆਗਿਆ ਦਿੰਦੀ ਹੈ। ਪਟੀਸ਼ਨ ਮੁਤਾਬਕ, ਅੰਮ੍ਰਿਤਪਾਲ ਨੇ ਪਿਛਲੇ ਸਾਲ 30 ਨਵੰਬਰ ਨੂੰ ਲੋਕ ਸਭਾ

■ ਬਾਕੀ ਖਬਰ ਸਫਾ 15 'ਤੇ

## ਪਨਾਮਾ ਨੇ ਹੋਟਲ 'ਚ ਹਿਰਾਸਤ 'ਚ ਰੱਖੇ ਅਮਰੀਕਾ ਤੋਂ ਡਿਪੋਰਟ ਹੋਏ ਭਾਰਤੀ



**ਪਨਾਮਾ ਸਿਟੀ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੁਆਰਾ ਦੇਸ਼ ਨਿਕਾਲਾ ਦਿੱਤੇ ਗਏ ਵੱਖ-ਵੱਖ ਦੇਸ਼ਾਂ ਦੇ ਲਗਭਗ 300 ਲੋਕਾਂ ਨੂੰ ਪਨਾਮਾ ਨੇ ਇੱਕ ਹੋਟਲ ਵਿਚ ਹਿਰਾਸਤ ਵਿਚ ਰੱਖਿਆ ਹੈ ਅਤੇ ਉਨ੍ਹਾਂ ਨੂੰ ਉਦੋਂ ਤੱਕ ਜਾਣ ਦੀ ਇਜਾਜ਼ਤ ਨਹੀਂ ਦਿੰਦੀ ਜਾਵੇਗੀ, ਜਦੋਂ ਤੱਕ ਅੰਤਰਰਾਸ਼ਟਰੀ ਅਧਿਕਾਰੀ ਉਨ੍ਹਾਂ ਦੀ ਵਾਪਸੀ ਦਾ ਪ੍ਰਬੰਧ ਨਹੀਂ ਕਰਦੇ। ਅਧਿਕਾਰੀਆਂ ਨੇ ਕਿਹਾ ਕਿ 40 ਫੀਸਦੀ ਤੋਂ ਵੱਧ ਪ੍ਰਵਾਸੀ ਆਪਣੀ ਮਰਜ਼ੀ ਨਾਲ ਆਪਣੇ ਵਤਨ ਵਾਪਸ ਨਹੀਂ ਜਾਣਾ ਚਾਹੁੰਦੇ ਅਤੇ ਉਨ੍ਹਾਂ ਨੇ ਹੋਟਲ ਦੇ ਕਮਰਿਆਂ ਦੀਆਂ ਖਿੜਕੀਆਂ 'ਤੇ "ਮਦਦ ਕਰੋ" ਅਤੇ "ਅਸੀਂ ਆਪਣੇ ਦੇਸ਼ ਵਿਚ ਸੁਰੱਖਿਅਤ ਨਹੀਂ ਹਾਂ" ਵਰਗੇ ਸੁਨੇਹੇ ਲਿਖੇ ਹੋਏ ਹਨ। ਇਹ ਪ੍ਰਵਾਸੀ ਈਰਾਨ, ਭਾਰਤ, ਨੇਪਾਲ, ਸ਼੍ਰੀਲੰਕਾ, ਪਾਕਿਸਤਾਨ, ਅਫਗਾਨਿਸਤਾਨ ਅਤੇ ਚੀਨ ਸਮੇਤ ਹੋਰ ਦੇਸ਼ਾਂ ਤੋਂ ਹਨ।

ਅਮਰੀਕਾ ਨੂੰ ਇਨ੍ਹਾਂ ਵਿਚੋਂ ਕੁਝ ਦੇਸ਼ਾਂ ਵਿਚ ਸਿੱਧੇ ਤੌਰ 'ਤੇ ਡਿਪੋਰਟ ਕਰਨ ਵਿਚ ਮੁਸ਼ਕਲ ਆ ਰਹੀ ਹੈ, ਇਸ ਲਈ ਪਨਾਮਾ ਨੂੰ ਇੱਕ ਸਟਾਪਓਵਰ ਵਜੋਂ ਵਰਤਿਆ ਜਾ ਰਿਹਾ ਹੈ। ਪਨਾਮਾ ਦੇ ਸੁਰੱਖਿਆ ਮੰਤਰੀ ਫਰੈਂਕ ਅਬਰੇਗੋ ਨੇ ਮੰਗਲਵਾਰ ਨੂੰ ਕਿਹਾ ਕਿ ਪਨਾਮਾ ਅਤੇ ਅਮਰੀਕਾ ਵਿਚਕਾਰ ਹੋਏ ਪ੍ਰਵਾਸ ਸਮਝੌਤੇ ਦੇ ਤਹਿਤ ਪ੍ਰਵਾਸੀਆਂ ਨੂੰ ਡਾਕਟਰੀ ਦੇਖਭਾਲ ਅਤੇ ਭੋਜਨ ਪ੍ਰਦਾਨ ਕੀਤਾ ਜਾ ਰਿਹਾ ਹੈ। ਪਨਾਮਾ ਸਰਕਾਰ ਹੁਣ ਡਿਪੋਰਟੀਆਂ ਲਈ "ਪੁਲ" ਵਜੋਂ ਕੰਮ ਕਰਨ ਲਈ ਸਹਿਮਤ ਹੋ ਗਈ ਹੈ, ਜਦੋਂਕਿ ਅਮਰੀਕਾ ਇਸ ਕਾਰਵਾਈ ਦੇ ਸਾਰੇ ਖਰਚੇ ਨੂੰ ਪੂਰਾ ਕਰੇਗਾ। ਇਸ ਮਹੀਨੇ ਦੇ ਸ਼ੁਰੂ ਵਿਚ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੇ ਦੌਰੇ ਤੋਂ ਬਾਅਦ ਇਸ ਸਮਝੌਤੇ ਦਾ ਐਲਾਨ ਕੀਤਾ ਗਿਆ ਸੀ। ਪਨਾਮਾ ਨਹਿਰ 'ਤੇ ਕਬਜ਼ਾ ਵਾਪਸ ਲੈਣ ਦੀਆਂ ਟਰੰਪ ਦੀਆਂ ਧਮਕੀਆਂ ਕਾਰਨ ਰਾਜਨੀਤਿਕ ਦਬਾਅ ਦਾ ਸਾਹਮਣਾ ਕਰ ਰਹੇ ਪਨਾਮਾ ਦੇ ਰਾਸ਼ਟਰਪਤੀ ਜੋਸ ਰਾਉਲ ਮੁਲੀਨੋ ਨੇ ਪਿਛਲੇ ਵੀਰਵਾਰ ਨੂੰ ਦੇਸ਼ ਨਿਕਾਲਾ ਪ੍ਰਾਪਤ ਲੋਕਾਂ ਦੀ ਪਹਿਲੀ ਉਡਾਣ ਦੇ ਆਉਣ ਦਾ ਐਲਾਨ ਕੀਤਾ ਸੀ।

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਤੀਸਰਾ ਆਤਮ ਰਸ ਕੀਰਤਨ ਦਰਬਾਰ ਅਤੇ ਮਹਾਨ ਨਗਰ ਕੀਰਤਨ 23 ਮਾਰਚ ਨੂੰ

**ਸੈਕਰਾਮੈਂਟੋ, (ਪੰਜਾਬ ਮੇਲ)**- ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵੱਲੋਂ ਹੋਲਾ ਮਹੱਲਾ ਨੂੰ ਸਮਰਪਿਤ ਨੂੰ **ਤੀਸਰਾ** ਆਤਮ ਰਸ ਕੀਰਤਨ ਦਰਬਾਰ ਅਤੇ ਮਹਾਨ ਨਗਰ ਕੀਰਤਨ 23 ਮਾਰਚ, 2025, ਦਿਨ ਐਤਵਾਰ ਨੂੰ ਹੋਵੇਗਾ। ਇਨ੍ਹਾਂ ਸਮਾਗਮਾਂ ਲਈ ਲੜੀਵਾਰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋ ਚੁੱਕੇ ਹਨ। ਜਿਸ ਦੇ ਭੋਗ 23 ਮਾਰਚ, 2025, ਦਿਨ ਐਤਵਾਰ ਨੂੰ ਪੈਣਗੇ।

15 ਅਤੇ 16 ਮਾਰਚ ਨੂੰ ਵਿਸ਼ੇਸ਼ ਰਾਗ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਦੇ ਪ੍ਰਸਿੱਧ ਕੀਰਤਨੀਏ ਗੁਰਬਾਣੀ ਰਾਹੀਂ ਆਈਆਂ ਸੰਗਤਾਂ ਨੂੰ ਨਿਹਾਲ ਕਰਨਗੇ। 21 ਮਾਰਚ, ਦਿਨ ਸ਼ੁੱਕਰਵਾਰ ਨੂੰ ਰਾਤ 9 ਵਜੇ ਆਤਿਸ਼ਬਾਜ਼ੀ ਦੇ ਨਜ਼ਾਰੇ ਪੇਸ਼ ਕੀਤੇ ਜਾਣਗੇ। 22 ਮਾਰਚ ਨੂੰ ਸਵੇਰੇ ਅੰਮ੍ਰਿਤ ਸੰਚਾਰ ਹੋਵੇਗਾ ਅਤੇ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਜਾਵੇਗੀ। 23 ਮਾਰਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਤੋਂ ਬਾਅਦ ਕੀਰਤਨ ਦਰਬਾਰ ਹੋਵੇਗਾ। ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਵਿਚ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਹੇਠ ਨਗਰ ਕੀਰਤਨ ਦੇ ਚਾਲੇ ਪੈਣਗੇ। ਇਨ੍ਹਾਂ ਸਮਾਗਮਾਂ ਦੌਰਾਨ ਵੱਖ-ਵੱਖ ਜਥੇਬੰਦੀਆਂ ਵੱਲੋਂ ਲੰਗਰਾਂ ਦੇ ਸਟਾਲ ਲਗਾਏ ਜਾਣਗੇ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਇਸ ਮਹਾਨ ਨਗਰ ਕੀਰਤਨ ਵਿਚ ਪਹੁੰਚਣ ਦੀ ਬੇਨਤੀ ਕੀਤੀ ਗਈ ਹੈ।



# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ 25ਵਾਂ ਮਹਾਨ ਨਗਰ ਕੀਰਤਨ 9 ਮਾਰਚ ਨੂੰ



**ਸੈਕਰਾਮੈਂਟੋ, (ਪੰਜਾਬ ਮੇਲ)**- ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 25ਵਾਂ ਮਹਾਨ ਨਗਰ, 9 ਮਾਰਚ, 2025, ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ, ਸੈਕਰਾਮੈਂਟੋ ਵਿਖੇ ਮਨਾਇਆ ਜਾ ਰਿਹਾ ਹੈ।

ਇਸ ਸੰਬੰਧੀ ਲੜੀਵਾਰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋ ਚੁੱਕੇ ਹਨ, ਜੋ ਕਿ 9 ਮਾਰਚ 2025, ਦਿਨ ਐਤਵਾਰ ਤੱਕ ਚੱਲਣਗੇ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਤੋਂ ਬਾਅਦ ਕੀਰਤਨ ਦਰਬਾਰ ਹੋਵੇਗਾ। ਇਸ ਮੌਕੇ ਪੰਥ ਦੇ ਮਹਾਨ ਰਾਗੀ, ਢਾਡੀ, ਕਥਾਵਾਚਕ, ਗੁਰਬਾਣੀ ਰਾਹੀਂ ਆਈਆਂ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਵਿਚ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਵਿਸ਼ਾਲ ਨਗਰ ਕੀਰਤਨ ਆਰੰਭ ਹੋਵੇਗਾ।

ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ ਅਤੇ ਹੋਰ ਵੀ ਬਹੁਤ ਸਾਰੇ ਸਟਾਲ ਲਗਾਏ ਜਾਣਗੇ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਪਰਿਵਾਰਾਂ ਸਮੇਤ ਇਸ ਮਹਾਨ ਨਗਰ ਕੀਰਤਨ ਵਿਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਕੈਨੇਡੀਅਨ ਇਤਿਹਾਸ ’ਚ ਸਭ ਤੋਂ ਵੱਡੀ ਸੋਨੇ ਦੀ ਚੋਰੀ ਕਰਨ ਵਾਲਾ ਮੋਸਟ ਵਾਂਟੇਡ ਚੰਡੀਗੜ੍ਹ ’ਚ!


**ਚੰਡੀਗੜ੍ਹ/ਕੈਨੇਡਾ, (ਪੰਜਾਬ ਮੇਲ)**- ਕੈਨੇਡਾ ਦੇ ਇਤਿਹਾਸ ’ਚ ਸਭ ਤੋਂ ਵੱਡੀ ਸੋਨੇ ਦੀ ਚੋਰੀ ਕਰਨ ਵਾਲੇ ਮੋਸਟ ਵਾਂਟੇਡ ਸਿਮਰਨਪ੍ਰੀਤ ਪਨੇਸਰ ਦੇ ਚੰਡੀਗੜ੍ਹ ’ਚ ਹੋਣ ਦੀ ਖ਼ਬਰ ਸਾਹਮਣੇ ਆ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਉਹ ਚੰਡੀਗੜ੍ਹ ਜਾਂ ਇਸ ਦੇ ਨੇੜੇ-ਤੇੜੇ ਆਪਣੇ ਪਰਿਵਾਰ ਨਾਲ ਕਿਰਾਏ ਦੇ ਮਕਾਨ ’ਚ ਰਹਿ ਰਿਹਾ ਹੈ ਅਤੇ ਕੈਨੇਡਾ ਦੀ ਪੀਲ ਪੁਲਿਸ ਨੇ ਉਸ ਨੂੰ ਲੋਕੇਟ ਕਰ ਲਿਆ ਹੈ। ਇਹ ਖ਼ੁਲਾਸਾ ਭਾਰਤੀ ਅਤੇ ਕੈਨੇਡੀਅਨ ਮੀਡੀਆ ਦੀ ਰਿਪੋਰਟ ’ਚ ਕੀਤਾ ਗਿਆ ਹੈ।

ਸਿਮਰਨਪ੍ਰੀਤ ਪਨੇਸਰ 20 ਮਿਲੀਅਨ ਡਾਲਰ ਦੀ ਡਕੈਤੀ ’ਚ ਸ਼ਾਮਲ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਪਨੇਸਰ ਦੀ ਪਤਨੀ ਉਸ ਨਾਲ ਉਕਤ ਚੋਰੀ ’ਚ ਸ਼ਾਮਲ ਨਹੀਂ ਸੀ। ਕੈਨੇਡਾ ਦੀ ਪੀਲ ਪੁਲਿਸ ਦੇ ਦਸਤਾਵੇਜ਼ਾਂ ਮੁਤਾਬਕ ਇਸ ਮਾਮਲੇ ਦੀ ਜਾਂਚ ’ਚ 20 ਅਧਿਕਾਰੀ ਸ਼ਾਮਲ ਹਨ ਅਤੇ ਇਸ ਦੌਰਾਨ ਉਨ੍ਹਾਂ ਨੇ ਟ੍ਰੈਕਿੰਗ, ਇੰਟਰਵਿਊ ਅਤੇ ਸੀ.ਸੀ.ਟੀ.ਵੀ. ਜਾਂਚ ਵਰਗੇ ਕੰਮ ਕੀਤੇ। ਹਾਲਾਂਕਿ ਸਿਮਰਨਪ੍ਰੀਤ ਦੇ ਵਕੀਲ ਦਾ ਕਹਿਣਾ ਹੈ ਕਿ ਸਿਮਰਨਪ੍ਰੀਤ ਆਪਣੀ ਬੇਗੁਨਾਹੀ ਸਾਬਤ ਕਰਨ ਲਈ ਕੈਨੇਡਾ ਵਾਪਸ ਜਾਣ ਦੀ ਤਿਆਰੀ ਕਰ ਰਿਹਾ ਹੈ। ਇਹ ਸੋਨੇ ਦੀ ਸਭ ਤੋਂ ਵੱਡੀ ਚੋਰੀ ਅਪ੍ਰੈਲ 2023 ’ਚ ਹੋਈ ਸੀ, ਜਿਸ ’ਚ 400 ਕਿੱਲੋ ਦੀਆਂ 6600 ਸੋਨੇ ਦੀਆਂ ਇੱਟਾਂ ਅਤੇ ਕਰੀਬ 2.5 ਮਿਲੀਅਨ ਡਾਲਰ ਮੁੱਲ ਦੀਆਂ ਵਿਦੇਸ਼ੀ ਮੁਦਰਾਵਾਂ ਟੋਰਾਂਟੋ ਦੇ ਪਿਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਚੋਰੀ ਹੋ ਗਈਆਂ ਸਨ।



ੴ ਸਤਿਗੁਰ ਪ੍ਰਸਾਦਿ॥
ਲੱਖ ਖੁਸੀਆਂ ਪਾਤਿਸ਼ਾਹੀਆਂ ਜੇ ਸਤਿਗੁਰੁ ਨਦਰਿ ਕਰੇਇ॥





# ਹੋਲਾ ਮਹੱਲਾ ਨੂੰ ਸਮਰਪਿਤ

# ਤੀਸਰਾ ਆਤਮ ਰਸ ਕੀਰਤਨ ਦਰਬਾਰ

# ਮਹਾਨ ਨਗਰ ਕੀਰਤਨ

## 23 ਮਾਰਚ, 2025 ਦਿਨ ਐਤਵਾਰ




ਗੁਰੂ ਪਿਆਰੀ ਸਾਧ ਸੰਗਤ ਜੀ ਹੋਲੇ ਮਹੱਲੇ ਨੂੰ ਸਮਰਪਿਤ
ਨਗਰ ਕੀਰਤਨ ਅਤੇ ਆਤਮ ਰਸ ਕੀਰਤਨ ਦਰਬਾਰ ਦੇ ਲਈ
ਸ੍ਰੀ ਅਖੰਡ ਪਾਠਾਂ ਦੀ ਲੜੀ ਆਰੰਭ ਹੈ ਜੋ 23 ਮਾਰਚ 2025 ਤੱਕ ਚਲੇਗੀ

### ਪ੍ਰੋਗਰਾਮ

15-16 ਮਾਰਚ 2025 ਨੂੰ ਵਿਸ਼ੇਸ਼ ਰਾਗ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਕੀਰਤਨੀਏ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਆਤਿਸ਼ਬਾਜ਼ੀ ਟਾਈਮ : 21 ਮਾਰਚ, 2025 ਦਿਨ ਸ਼ੁੱਕਰਵਾਰ, ਰਾਤ 9 ਵਜੇ
ਨਿਸ਼ਾਨ ਸਾਹਿਬ ਦੀ ਸੇਵਾ ਅਤੇ ਅੰਮ੍ਰਿਤ ਸੰਚਾਰ : 22 ਮਾਰਚ, 2025

ਭੋਗ ਸ੍ਰੀ ਅਖੰਡ ਪਾਠ ਸਾਹਿਬ :
23 ਮਾਰਚ, 2025 ਦਿਨ ਐਤਵਾਰ

ਉਪਰੰਤ ਕੀਰਤਨ ਦੀਵਾਨ ਸਜਾਏ ਜਾਣਗੇ। ਉਪਰੰਤ ਸਵੇਰੇ 10:30 ਵਜੇ ਨਗਰ ਕੀਰਤਨ ਦੀ ਰਵਾਨਗੀ ਹੋਵੇਗੀ।

### ਪਹੁੰਚ ਰਹੇ ਕੀਰਤਨੀ ਜਥੇ ਅਤੇ ਕਥਾਵਾਚਕ



- ਗਿਆਨੀ ਪਿੰਦਰ ਪਾਲ ਸਿੰਘ, ਕਥਾਵਾਚਕ
- ਡਾ. ਗੁਰਨਾਮ ਸਿੰਘ
- ਭਾਈ ਕਮਲਜੀਤ ਸਿੰਘ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
- ਭਾਈ ਕਰਮਜੀਤ ਸਿੰਘ, ਯੂ.ਕੇ. ਵਾਲੇ
- ਡਾ. ਗਗਨਦੀਪ ਸਿੰਘ
- ਭਾਈ ਸਰਬਜੀਤ ਸਿੰਘ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
- ਭਾਈ ਹਰਜੀਤ ਪਾਲ ਸਿੰਘ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਗੁਰਦੁਆਰਾ ਬਰਾਡਸ਼ਾਅ ਰੋਡ
- ਗਿਆਨੀ ਵਿਕਰਮਜੀਤ ਸਿੰਘ, ਪਾਠੀ ਸਿੰਘ
- ਭਾਈ ਹਰਪ੍ਰੀਤ ਸਿੰਘ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ

| ਅੰਮ੍ਰਿਤ ਸੰਚਾਰ ਲਈ ਸੰਪਰਕ | ਫਲੋਟਾਂ ਦੀ ਸੇਵਾ ਲਈ | ਸਟਾਲ ਤੇ ਦੁਕਾਨਾਂ ਲਈ | ਲੰਗਰਾਂ ਲਈ |
|---|---|---|---|
| ਕਰਮਜੀਤ ਸਿੰਘ : 916-385-2735 | ਚਰਨਜੀਤ ਸਿੰਘ ਢੀਂਡਸਾ (ਸੋਨਾ) : 916-601-0322 | ਬਲਜੀਤ ਸਿੰਘ : 408-528-5409 | ਗੁਰਪਿੰਦਰ ਸੰਧੂ : 916-533-4480 |

### ਹੋਰ ਜਾਣਕਾਰੀ ਲਈ ਸੰਪਰਕ ਕਰੋ

ਲਖਵੀਰ ਸਿੰਘ ਔਜਲਾ, ਪ੍ਰਧਾਨ : 916-826-9800, ਗੁਰਿੰਦਰਪਾਲ ਸਿੰਘ ਲਾਡੀ ਗਿੱਲ, ਸੈਕਟਰੀ : 916-717-2277

ਸਹਿਯੋਗ: ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ

## ਸੈਕਰਾਮੈਂਟੋ ਸਿੱਖ ਸੁਸਾਇਟੀ

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ

7676, Bradshaw Road, Sacramento, CA-95829

Designed by : Punjab Mail USA

# ਅਮਰੀਕਾ ਤੇ ਭਾਰਤ ਵਿਚਾਲੇ ਟੈਕਸ, ਦੁਪਾਸੜ ਸਬੰਧ ਤੇ ਪ੍ਰਵਾਸ ਨਾਲ ਜੁੜੇ ਮੁੱਦਿਆਂ ਦਾ ਹੱਲ ਜ਼ਰੂਰੀ : ਸ਼੍ਰੀ ਥਾਨੇਦਾਰ


ਸ਼੍ਰੀ ਥਾਨੇਦਾਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਕਾਂਗਰਸਮੈਨ ਸ਼੍ਰੀ ਥਾਨੇਦਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੀਟਿੰਗ ਤੋਂ ਪਹਿਲਾਂ ਟੈਕਸ ਦੇ ਮੁੱਦੇ ਨੂੰ ਉਭਾਰਦਿਆਂ ਕਿਹਾ ਹੈ ਕਿ ਵਪਾਰ, ਦੁਪਾਸੜ ਸਬੰਧ ਤੇ ਪ੍ਰਵਾਸ ਪ੍ਰਮੁੱਖ ਮੁੱਦੇ ਹਨ, ਜਿਨ੍ਹਾਂ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ। ਸ਼੍ਰੀ ਥਾਨੇਦਾਰ ਨੇ ਕਿਹਾ ਕਿ ਇਹ ਬਹੁਤ ਉਤਸੁਕਤਾ ਵਾਲਾ ਸਮਾਂ ਹੈ, ਪ੍ਰਧਾਨ ਮੰਤਰੀ ਮੋਦੀ ਤੇ ਡੋਨਾਲਡ ਟਰੰਪ ਇਸ ਤੋਂ ਪਹਿਲਾਂ ਦੋ ਵਾਰ ਮਿਲ ਚੁੱਕੇ ਹਨ, ਮੈਂ ਹੁਣ ਇਸ ਮੀਟਿੰਗ ਤੋਂ ਆਸਵੰਦ ਹਾਂ, ਜਿਸ ਵਿਚ ਕੁਝ ਅਹਿਮ ਮੁੱਦਿਆਂ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਟੈਕਸ, ਆਪਸੀ ਸਬੰਧ, ਵਣਜ ਤੇ ਪ੍ਰਵਾਸ ਅਹਿਮ ਹਨ। ਮੈਂ ਆਸ ਕਰਦਾ ਹਾਂ ਕਿ ਇਨ੍ਹਾਂ ਮੁੱਦਿਆਂ ਬਾਰੇ ਗੱਲ ਕੀਤੀ ਜਾਵੇਗੀ ਤੇ ਫੈਸਲਾ ਲਿਆ ਜਾਵੇਗਾ। ਜਦੋਂ ਪੁੱਛਿਆ ਗਿਆ ਕਿ ਕੀ ਮੀਟਿੰਗ ਦੌਰਾਨ ਬੰਗਲਾਦੇਸ਼ ਦੇ ਮੁੱਦੇ 'ਤੇ ਵੀ ਵਿਚਾਰ ਹੋ ਸਕਦੀ ਹੈ, ਤਾਂ ਸ਼੍ਰੀ ਥਾਨੇਦਾਰ ਨੇ ਕਿਹਾ, ਮੈਨੂੰ ਆਸ ਹੈ ਕਿ ਅਜਿਹਾ ਹੋਵੇਗਾ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਬਾਇਡਨ ਦੇ ਕਾਰਜਕਾਲ ਵੇਲੇ ਵਿਦੇਸ਼ ਵਿਭਾਗ ਨੇ ਬੰਗਲਾਦੇਸ਼ ਵਿਰੁੱਧ ਕੁਝ ਆਰਥਿਕ ਪਾਬੰਦੀਆਂ ਲਾਈਆਂ ਸਨ, ਜਿਨ੍ਹਾਂ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਦੇ ਪੁੱਤਰ ਧਰੁਵ ਜੈਸ਼ੰਕਰ ਕਾਰਜਕਾਰੀ ਡਾਇਰੈਕਟਰ ਆਬਜ਼ਰਵਰ ਰਿਸਰਚ ਫਾਊਂਡੇਸ਼ਨ ਅਮੇਰਿਕਾ ਕਹਿ ਚੁੱਕੇ ਹਨ ਕਿ ਭਾਰਤ ਤੇ ਅਮਰੀਕਾ ਵਿਚਾਲੇ ਵਪਾਰ ਟਕਰਾਅ ਰੋਕਣ ਲਈ ਸਮਝੌਤਾ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਭਾਰਤ ਸਟੀਲ ਦਾ ਪ੍ਰਮੁੱਖ ਉਤਪਾਦਕ ਹੈ, ਇਸ ਲਈ ਟਕਰਾਅ ਸੰਭਵ ਹੈ। ਜ਼ਿਕਰਯੋਗ ਹੈ ਕਿ ਟਰੰਪ ਸਟੀਲ ਦਰਾਮਦ ਉਪਰ 25% ਟੈਕਸ ਲਾਉਣ ਦਾ ਐਲਾਨ ਕਰ ਚੁੱਕੇ ਹਨ। ਜੈਸ਼ੰਕਰ ਨੇ ਗੈਰ ਕਾਨੂੰਨੀ ਭਾਰਤੀ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਦੇ ਮੁੱਦੇ ਨੂੰ ਵੀ ਹੱਲ ਕਰਨ 'ਤੇ ਜ਼ੋਰ ਦਿੱਤਾ ਹੈ।

# ਸੰਘੀ ਜੱਜ ਵੱਲੋਂ ਮੁਲਾਜ਼ਮਾਂ ਦੀ ਛਾਂਟੀ ਵਿਰੁੱਧ ਦਾਇਰ ਪਟੀਸ਼ਨ 'ਤੇ ਸੁਣਵਾਈ ਤੋਂ ਨਾਂਹ

**■ ਅਦਾਲਤ ਵੱਲੋਂ ਟਰੰਪ ਪ੍ਰਸ਼ਾਸਨ ਨੂੰ ਨੀਤੀ ਲਾਗੂ ਕਰਨ ਦੀ ਮਿਲੀ ਖੁੱਲ੍ਹ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਮੈਸਾਚੂਸੈਟਸ ਦੀ ਇਕ ਅਦਾਲਤ ਵੱਲੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੰਘੀ ਮੁਲਾਜ਼ਮਾਂ ਸਬੰਧੀ ਨੀਤੀ ਨੂੰ ਲਾਗੂ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ। ਜੱਜ ਦਾ ਇਹ ਫੈਸਲਾ ਵੱਡੀ ਪੱਧਰ 'ਤੇ ਸੰਘੀ ਮੁਲਾਜ਼ਮਾਂ ਦੀ ਕਟੌਤੀ ਦਾ ਵਿਰੋਧ ਕਰਨ ਵਾਲਿਆਂ ਲਈ ਵੱਡਾ ਝਟਕਾ ਹੈ। ਯੂ.ਐੱਸ. ਡਿਸਟ੍ਰਿਕਟ ਜੱਜ ਜਾਰਜ ਓ ਟੂਲ ਨੇ ਇਕ ਲਿਖਤੀ ਆਦੇਸ਼ ਵਿਚ ਕਿਹਾ ਕਿ ਸੰਘੀ ਮੁਲਾਜ਼ਮ ਯੂਨੀਅਨਾਂ ਵੱਲੋਂ ਪ੍ਰੋਗਰਾਮ ਰੋਕਣ ਲਈ ਦਾਇਰ ਪਟੀਸ਼ਨ 'ਤੇ ਸੁਣਵਾਈ ਲਈ ਆਧਾਰ ਮੌਜੂਦ ਨਹੀਂ ਹੈ ਕਿਉਂਕਿ ਇਸ ਮੁੱਦੇ 'ਤੇ ਸੁਣਵਾਈ ਕਰਨਾ ਇਸ ਅਦਾਲਤ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦਾ। ਜੱਜ ਨੇ ਪ੍ਰੋਗਰਾਮ ਲਾਗੂ ਕਰਨ ਉਪਰ ਪਿਛਲੇ ਹਫਤੇ ਲਾਈ ਰੋਕ ਖਤਮ ਕਰ ਦਿੱਤੀ ਹੈ। ਟਰੰਪ ਪ੍ਰਸ਼ਾਸਨ ਨੇ ਤਕਰੀਬਨ 23 ਲੱਖ ਸੰਘੀ ਮੁਲਾਜ਼ਮਾਂ ਨੂੰ ਪੇਸ਼ਕਸ਼ ਕੀਤੀ ਹੈ ਕਿ ਜੇਕਰ ਉਹ ਖੁਦ ਅਸਤੀਫਾ ਦੇ ਦਿੰਦੇ ਹਨ, ਤਾਂ ਉਨ੍ਹਾਂ ਨੂੰ 8 ਮਹੀਨੇ ਦੀ ਤਨਖਾਹ ਤੇ ਹੋਰ ਲਾਭ ਦਿੱਤੇ ਜਾਣਗੇ। ਸੰਘੀ ਵਰਕਰਾਂ ਨੂੰ ਇਸ ਸਬੰਧੀ ਫੈਸਲਾ ਲੈਣ ਵਾਸਤੇ 6 ਫਰਵਰੀ ਤੱਕ ਦਾ ਸਮਾਂ ਦਿੱਤਾ ਗਿਆ ਹੈ। ਜੱਜ ਟੂਲ ਨੇ ਪਿਛਲੇ ਹਫਤੇ ਸੁਣਵਾਈ ਦੌਰਾਨ ਇਸ ਸਮਾਂ ਸੀਮਾ ਨੂੰ ਰੱਦ ਕਰ ਦਿੱਤਾ ਸੀ। ਟਰੰਪ ਪ੍ਰਸ਼ਾਸਨ ਨੂੰ ਹੁਣ ਸੰਘੀ ਵਰਕਰਾਂ ਦੇ ਜਵਾਬ ਲਈ ਨਵੀਂ ਸਮਾਂ ਸੀਮਾ ਮਿਥਣੀ ਪਵੇਗੀ। ਵਾਈਟ ਹਾਊਸ ਪ੍ਰੈੱਸ ਸਕੱਤਰ ਕਾਰੋਲਾਈਨ ਲੀਵਿਟ ਨੇ ਜੱਜ ਦੇ ਆਦੇਸ਼ ਦਾ ਸਵਾਗਤ ਕਰਦਿਆਂ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸਪੱਸ਼ਟ ਹੈ ਕਿ 7.7 ਕਰੋੜ ਤੋਂ ਵਧ ਅਮਰੀਕੀਆਂ ਜਿਨ੍ਹਾਂ ਨੇ ਰਾਸ਼ਟਰਪਤੀ ਟਰੰਪ ਤੇ ਉਨ੍ਹਾਂ ਦੀਆਂ ਤਰਜੀਹਾਂ ਦਾ ਸਮਰਥਨ ਕੀਤਾ ਹੈ, ਦੀ ਜਿੱਤ ਹੋਈ ਹੈ। ਜਿਕਰਯੋਗ ਹੈ ਕਿ ਪਿਛਲੇ ਹਫਤੇ 60 ਹਜ਼ਾਰ ਤੋਂ ਵਧ ਵਰਕਰ ਟਰੰਪ ਪ੍ਰਸ਼ਾਸਨ ਦੇ ਪ੍ਰੋਗਰਾਮ ਉਪਰ ਸਹਿਮਤੀ ਪ੍ਰਗਟਾ ਚੁੱਕੇ ਹਨ, ਹਾਲਾਂਕਿ ਇਹ ਵਰਕਰ ਕੁੱਲ੍ਹ ਸੰਘੀ ਵਰਕਰਾਂ ਦਾ 2.6% ਹੀ ਹਨ। ਵਾਈਟ ਹਾਊਸ ਦਾ ਅਨੁਮਾਨ ਹੈ ਕਿ 5 ਤੋਂ 10% ਤੱਕ ਵਰਕਰ ਇਸ ਪ੍ਰੋਗਰਾਮ ਦਾ ਹਿੱਸਾ ਬਣਨ ਲਈ ਤਿਆਰ ਹੋ ਜਾਣਗੇ।

# ਭਾਰਤ 'ਚ ਅਪਰਾਧ ਕਰਨ ਮਗਰੋਂ ਅਮਰੀਕਾ ਸ਼ਰਨ ਲਈ ਬੈਠੇ ਅਪਰਾਧੀਆਂ ਦੀ ਨਹੀਂ ਖੈਰ : ਟਰੰਪ



**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਵਿਚ ਅਪਰਾਧ ਕਰਨ ਤੋਂ ਬਾਅਦ ਅਮਰੀਕਾ ਵਿਚ ਸ਼ਰਨ ਲੈ ਕੇ ਬੈਠੇ ਅਪਰਾਧੀਆਂ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਬਿਆਨ ਬਹੁਤ ਚਿੰਤਾ ਪੈਦਾ ਕਰਨ ਵਾਲਾ ਹੈ। ਭਾਰਤ ਵਿਚ ਵੱਖਵਾਦ ਅਤੇ ਖਾਲਿਸਤਾਨ ਨੂੰ ਉਤਸ਼ਾਹਿਤ ਕਰਨ ਵਾਲੇ ਤੱਤਾਂ ਨੂੰ ਅਮਰੀਕਾ ਵਿਚ ਮਿਲੀ ਸ਼ਰਨ ਦੇ ਜਵਾਬ ਵਿਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਸਾਬਕਾ ਰਾਸ਼ਟਰਪਤੀ ਬਾਇਡਨ ਦੇ ਸ਼ਾਸਨ ਦੌਰਾਨ ਅਮਰੀਕਾ ਅਤੇ ਭਾਰਤ ਦੇ ਸਬੰਧ ਇੰਨੇ ਚੰਗੇ ਨਹੀਂ ਸਨ, ਇਸੇ ਕਾਰਨ ਅਮਰੀਕਾ ਭਾਰਤ ਨੂੰ ਤੇਲ ਦੀ ਬਰਾਮਦ ਨਹੀਂ ਕਰ ਸਕਿਆ।

ਮੈਨੂੰ ਲੱਗਦਾ ਹੈ ਕਿ ਬਾਇਡਨ ਦੇ ਰਾਜਕਾਲ 'ਚ ਬਹੁਤ ਸਾਰੀਆਂ ਚੀਜ਼ਾਂ ਹੋਈਆਂ ਹਨ, ਜੋ ਬਿਹਤਰ ਤਰੀਕੇ ਨਾਲ ਹੋ ਸਕਦੀਆਂ ਸਨ। ਅਸੀਂ ਤਹੱਵੁਰ ਰਾਣਾ ਵਰਗੇ ਹਿੰਸਕ ਵਿਅਕਤੀ ਨੂੰ ਭਾਰਤ ਨੂੰ ਸੌਂਪ ਰਹੇ ਹਾਂ। ਅਸੀਂ ਅਪਰਾਧ ਦੇ ਮਾਮਲੇ ਵਿਚ ਭਾਰਤ ਦੇ ਨਾਲ ਮਿਲਕੇ ਕੰਮ ਕਰ ਰਹੇ ਹਾਂ ਅਤੇ ਭਾਰਤ ਵੱਲੋਂ ਅਮਰੀਕਾ ਨੂੰ ਇਸ ਤਰ੍ਹਾਂ ਦੀਆਂ ਕਈ ਹੋਰ ਅਪੀਲਾਂ ਵੀ ਕੀਤੀਆਂ ਗਈਆਂ ਹਨ। ਸਾਡੇ ਲਈ ਭਾਰਤ-ਅਮਰੀਕਾ ਦੇ ਰਿਸ਼ਤੇ ਬਹੁਤ ਅਹਿਮੀਅਤ ਰੱਖਦੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਸ ਬਿਆਨ ਤੋਂ ਬਾਅਦ ਅਮਰੀਕਾ ਤੋਂ ਉਨ੍ਹਾਂ ਲੋਕਾਂ ਦੀ ਹਵਾਲਗੀ ਤੇਜ਼ੀ ਫੜ ਸਕਦੀ ਹੈ, ਜੋ ਭਾਰਤ ਵਿਚ ਲੋੜੀਂਦੇ ਹਨ। ਪਤਾ ਲੱਗਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਦੌਰਾਨ ਵੀ ਭਾਰਤੀ ਅਧਿਕਾਰੀਆਂ ਨੇ ਅਮਰੀਕਾ ਨਾਲ 12 ਅਜਿਹੇ ਅਪਰਾਧੀਆਂ ਦਾ ਵੇਰਵਾ ਸਾਂਝਾ ਕੀਤਾ ਹੈ, ਜਿਨ੍ਹਾਂ ਦੀ ਭਾਰਤ ਨੂੰ ਜਲਦੀ ਲੋੜ ਹੈ। ਇਸ ਵਿਚ ਅਨਮੋਲ ਬਿਸ਼ਨੋਈ ਅਤੇ ਗੋਲਡੀ ਬਰਾੜ ਦੇ ਨਾਂ ਵੀ ਸ਼ਾਮਲ ਦੱਸੇ ਜਾ ਰਹੇ ਹਨ। ਟਰੰਪ ਦੇ ਬਿਆਨ ਤੋਂ ਬਾਅਦ ਇਨ੍ਹਾਂ ਵੱਡੇ ਅਪਰਾਧੀਆਂ ਦੀ ਹਵਾਲਗੀ ਦੀ ਪ੍ਰਕਿਰਿਆ ਵੀ ਸ਼ੁਰੂ ਹੋ ਸਕਦੀ ਹੈ।

## ਜੀ-8 'ਚ ਰੂਸ ਦੀ ਵਾਪਸੀ ਚਾਹੁੰਦੇ ਨੇ ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਉਦਯੋਗਿਕ ਦੇਸ਼ਾਂ ਦੇ ਸੰਗਠਨ, ਜੀ-8 ਵਿਚ ਰੂਸ ਦੀ ਵਾਪਸੀ ਚਾਹੁੰਦੇ ਹਨ। ਉਨ੍ਹਾਂ ਨੇ ਇੱਕ ਦਹਾਕੇ ਪਹਿਲਾਂ ਰੂਸ ਨੂੰ ਕੱਢਣ ਦੇ ਅਮਰੀਕੀ ਲੀਡਰਸ਼ਿਪ ਦੇ ਫੈਸਲੇ ਨੂੰ 'ਗਲਤੀ' ਦੱਸਿਆ ਹੈ। ਟਰੰਪ ਨੇ ਵੀਰਵਾਰ ਨੂੰ ਵ੍ਹਾਈਟ ਹਾਊਸ ਦੇ ਓਵਲ ਦਫ਼ਤਰ 'ਚ ਪੱਤਰਕਾਰਾਂ ਨੂੰ ਕਿਹਾ, "ਮੈਂ ਉਨ੍ਹਾਂ ਨੂੰ ਵਾਪਸ ਲਿਆਉਣਾ ਪਸੰਦ ਕਰਾਂਗਾ। ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਬਾਹਰ ਕੱਢਣਾ ਗਲਤੀ ਸੀ।" ਜੀ-8, ਜਿਸ ਵਿਚ ਗਰੁੱਪ ਆਫ ਸੈਵਨ (ਜੀ-7) ਅਤੇ ਰੂਸ ਸ਼ਾਮਲ ਸਨ, ਮਾਰਚ 2014 'ਚ ਉਦੋਂ ਸਮਾਪਤ ਹੋ ਗਿਆ ਸੀ, ਜਦੋਂ ਉਸ ਸਮੇਂ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੀ ਅਗਵਾਈ ਹੇਠ ਰੂਸ ਨੂੰ ਬਾਹਰ ਕੱਢਣ ਲਈ ਅਮਰੀਕਾ ਦੀ ਅਗਵਾਈ ਵਿਚ ਕੋਸ਼ਿਸ਼ ਕੀਤੀ ਗਈ ਸੀ, ਜਿਸ ਵਿਚ ਉਸ ਸਾਲ ਕਰੀਮੀਆ 'ਤੇ ਰੂਸ ਦਾ ਕਬਜ਼ਾ ਦੱਸਿਆ ਗਿਆ ਸੀ।

# ਅਮਰੀਕੀ ਫੌਜ 'ਚ ਭਰਤੀ ਨਹੀਂ ਹੋ ਸਕਣਗੇ ਟਰਾਂਸਜੈਂਡਰ

**■ ਫ਼ੌਜੀਆਂ ਨੂੰ ਆਪਣਾ ਲਿੰਗ ਬਦਲਣ ਦੀ ਵੀ ਨਹੀਂ ਦਿੱਤੀ ਜਾਵੇਗੀ ਇਜਾਜ਼ਤ; ਅਮਰੀਕੀ ਫੌਜ ਵੱਲੋਂ ਭਰਤੀ 'ਤੇ ਫੌਰੀ ਰੋਕ**



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ 'ਚ ਹੁਣ ਟਰਾਂਸਜੈਂਡਰ ਫ਼ੌਜ 'ਚ ਭਰਤੀ ਨਹੀਂ ਹੋ ਸਕਣਗੇ। ਅਮਰੀਕੀ ਫੌਜ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਪੋਸਟ ਕਰਕੇ ਇਹ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਫ਼ੌਜੀਆਂ ਨੂੰ ਆਪਣਾ ਲਿੰਗ ਬਦਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਨਾ ਹੀ ਫ਼ੌਜ ਲਿੰਗ-ਪੁਸ਼ਟੀ ਦੇਖਭਾਲ ਦੀ ਸਹੂਲਤ ਪ੍ਰਦਾਨ ਕਰੇਗੀ। ਯੂ.ਐੱਸ. ਆਰਮੀ ਨੇ ਐਕਸ ਪੋਸਟ ਵਿਚ ਲਿਖਿਆ, "ਟਰਾਂਸਜੈਂਡਰ ਵਿਅਕਤੀਆਂ ਨੂੰ ਹੁਣ ਫੌਜ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਫੌਜ ਸਿਪਾਹੀਆਂ ਲਈ ਲਿੰਗ ਪੁਨਰ ਨਿਯੁਕਤੀ ਪ੍ਰਕਿਰਿਆਵਾਂ ਨੂੰ ਪ੍ਰਦਰਸ਼ਨ ਜਾਂ ਸਹੂਲਤ ਦੇਣਾ ਬੰਦ ਕਰ ਦੇਵੇਗੀ।"

ਅਮਰੀਕੀ ਫੌਜ ਨੇ ਇਸ ਵਿਚ ਲਿਖਿਆ ਹੈ ਕਿ ਸੇਵਾ ਮੈਂਬਰਾਂ ਲਈ ਲਿੰਗ ਪੁਨਰ-ਸਾਈਨਮੈਂਟ ਦੀ ਪੁਸ਼ਟੀ ਕਰਨ ਜਾਂ ਸਹੂਲਤ ਦੇਣ ਲਈ ਸਾਰੀਆਂ ਡਾਕਟਰੀ ਪ੍ਰਕਿਰਿਆਵਾਂ ਨੂੰ ਰੋਕ ਦਿੱਤਾ ਗਿਆ ਹੈ। ਜੈਂਡਰ ਡਿਸਫੋਰੀਆ ਤੋਂ ਪੀੜਤ ਵਿਅਕਤੀਆਂ ਨੇ ਸਵੈਇੱਛਤ ਤੌਰ 'ਤੇ ਸਾਡੇ ਦੇਸ਼ ਦੀ ਸੇਵਾ ਕੀਤੀ ਹੈ ਅਤੇ ਉਨ੍ਹਾਂ ਨੂੰ ਮਾਣ ਅਤੇ ਸਤਿਕਾਰ ਨਾਲ ਪੇਸ਼ ਕੀਤਾ ਜਾਵੇਗਾ। ਇਹ ਐਲਾਨ 27 ਜਨਵਰੀ ਨੂੰ ਰਾਸ਼ਟਰਪਤੀ ਟਰੰਪ ਦੁਆਰਾ ਹਸਤਾਖਰ ਕੀਤੇ ਇੱਕ ਕਾਰਜਕਾਰੀ ਆਦੇਸ਼ ਤੋਂ ਬਾਅਦ ਕੀਤੀ ਗਈ ਹੈ, ਜਿਸ ਵਿਚ ਪੈਂਟਾਗਨ (ਯੂ.ਐੱਸ. ਡਿਪਾਰਟਮੈਂਟ ਆਫ਼ ਡਿਫੈਂਸ) ਨੂੰ 30 ਦਿਨਾਂ ਦੇ ਅੰਦਰ ਟਰਾਂਸਜੈਂਡਰ ਫੌਜੀਆਂ ਲਈ ਇੱਕ ਨੀਤੀ ਨਿਰਧਾਰਤ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ। ਡੋਨਾਲਡ ਟਰੰਪ ਨੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਦੇ ਰੂਪ 'ਚ ਸਹੁੰ ਚੁੱਕਣ ਤੋਂ ਬਾਅਦ ਆਪਣੇ ਪਹਿਲੇ ਭਾਸ਼ਣ 'ਚ ਕਿਹਾ ਸੀ ਕਿ ਉਨ੍ਹਾਂ ਦੇ ਦੂਜੇ ਕਾਰਜਕਾਲ 'ਚ ਅਮਰੀਕਾ 'ਚ ਤੀਜੇ ਲਿੰਗ ਲਈ ਕੋਈ ਥਾਂ ਨਹੀਂ ਹੋਵੇਗੀ, ਹੁਣ ਸਿਰਫ ਦੋ ਲਿੰਗ ਹੋਣਗੇ, ਮਰਦ ਅਤੇ ਔਰਤ।

# ਭਾਰਤ ਵੱਲੋਂ ਅਮਰੀਕਾ ਨੂੰ 65 ਅਪਰਾਧੀਆਂ ਦੀ ਹਵਾਲਗੀ ਦੀ ਅਪੀਲ !



**ਨਵੀਂ ਦਿੱਲੀ, (ਪੰਜਾਬ ਮੇਲ)**- ਮੁੰਬਈ ਦੇ 26/11 ਦੇ ਅੱਤਵਾਦੀ ਹਮਲੇ ਦੇ ਮਾਸਟਰ ਮਾਈਂਡ ਤਹੱਵੁਰ ਰਾਣਾ ਦੀ ਹਵਾਲਗੀ ਦਾ ਰਸਤਾ ਸਾਫ ਹੋਣ ਤੋਂ ਬਾਅਦ ਹੁਣ ਅਮਰੀਕਾ 'ਚ ਸ਼ਰਨ ਲੈ ਕੇ ਬੈਠੇ 64 ਹੋਰ ਅਪਰਾਧੀਆਂ ਦੀਆਂ ਰਾਤਾਂ ਦੀ ਨੀਂਦ ਉਡਣ ਵਾਲੀ ਹੈ, ਜਿਨ੍ਹਾਂ ਨੇ ਭਾਰਤ ਵਿਚ ਅਪਰਾਧ ਕਰਨ ਤੋਂ ਬਾਅਦ ਅਮਰੀਕਾ ਵਿਚ ਸ਼ਰਨ ਲੈ ਰੱਖੀ ਹੈ। ਭਾਰਤ ਨੇ ਅਮਰੀਕਾ ਨੂੰ ਹਵਾਲਗੀ ਦੀਆਂ ਕੁੱਲ 65 ਅਪੀਲਾਂ ਕੀਤੀਆਂ ਹਨ। ਇਸ ਸੂਚੀ ਵਿਚ ਗੈਂਗਸਟਰਾਂ ਤੋਂ ਲੈ ਕੇ ਅੱਤਵਾਦੀ, ਖਾਲਿਸਤਾਨੀ ਗਤੀਵਿਧੀਆਂ 'ਚ ਸ਼ਾਮਲ ਲੋਕ ਅਤੇ ਹੋਰ ਤਰ੍ਹਾਂ ਦੇ ਅਪਰਾਧ ਕਰਨ ਵਾਲੇ ਲੋਕ ਵੀ ਸ਼ਾਮਲ ਹਨ।

ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ 10 ਦਸੰਬਰ ਨੂੰ ਸੰਸਦ ਵਿਚ ਇਕ ਸਵਾਲ ਦੇ ਜਵਾਬ ਵਿਚ ਕਿਹਾ ਸੀ ਕਿ ਭਾਰਤ ਨੇ ਵੱਖ-ਵੱਖ ਦੇਸ਼ਾਂ ਨੂੰ ਹਵਾਲਗੀ ਦੀਆਂ ਕੁੱਲ 178 ਅਪੀਲਾਂ ਭੇਜੀਆਂ ਹਨ, ਜਿਨ੍ਹਾਂ ਵਿਚ 65 ਸਿਰਫ ਅਮਰੀਕਾ ਨੂੰ ਭੇਜੀਆਂ ਗਈਆਂ ਹਨ। ਭਾਰਤ ਨੇ ਹਵਾਲਗੀ ਦੀਆਂ ਇਹ ਸਾਰੀਆਂ ਅਪੀਲਾਂ ਪਿਛਲੇ 5 ਸਾਲਾਂ ਦੌਰਾਨ ਕੀਤੀਆਂ ਸਨ ਅਤੇ ਇਸ ਦੌਰਾਨ ਜ਼ਿਆਦਾਤਰ ਸਮੇਂ ਤੱਕ ਜੋਅ ਬਾਇਡਨ ਰਾਸ਼ਟਰਪਤੀ ਸਨ ਅਤੇ ਜੋਅ ਬਾਇਡਨ ਦੇ ਪ੍ਰਸ਼ਾਸਨ ਨੇ ਭਾਰਤ ਦੀਆਂ ਇਨ੍ਹਾਂ ਅਪੀਲਾਂ ਵੱਲ ਧਿਆਨ ਨਹੀਂ ਦਿੱਤਾ। ਇਸ ਗੱਲ ਦਾ ਇਸ਼ਾਰਾ ਡੋਨਾਲਡ ਟਰੰਪ ਨੇ ਵੀ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।

ਹੁਣ ਅਮਰੀਕਾ ਵਿਚ ਸੱਤਾ ਬਦਲ ਚੁੱਕੀ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਆਪਸੀ ਸਬੰਧ ਬਹੁਤ ਬਿਹਤਰ ਹਨ, ਲਿਹਾਜ਼ਾ ਹੁਣ ਅਮਰੀਕਾ ਵੱਲੋਂ ਇਸ ਤਰ੍ਹਾਂ ਦੇ ਮਾਮਲਿਆਂ ਵਿਚ ਤੇਜ਼ੀ ਲਿਆਉਣ ਦੇ ਸੰਕੇਤ ਮਿਲ ਰਹੇ ਹਨ। ਜ਼ਿਕਰਯੋਗ ਹੈ ਕਿ ਭਾਰਤ ਦਾ 48 ਦੇਸ਼ਾਂ ਅਤੇ 12 ਟੈਰੇਟਰੀਜ਼ ਦੇ ਨਾਲ ਹਵਾਲਗੀ ਸਮਝੌਤਾ ਹੈ ਅਤੇ 2019 ਤੋਂ ਬਾਅਦ ਹੁਣ ਤੱਕ ਭਾਰਤ 23 ਅਜਿਹੇ ਅਪਰਾਧੀਆਂ ਦੀ ਹਵਾਲਗੀ ਵਿਚ ਸਫਲ ਹੋ ਚੁੱਕਾ ਹੈ, ਜੋ ਭਾਰਤ ਨੂੰ ਅਪਰਾਧਿਕ ਮਾਮਲਿਆਂ ਵਿਚ ਲੋੜੀਂਦੇ ਸਨ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit Saini
Ishu Hallan
Vijay
Surbhi Sharma
Sanjeev Khanna



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਟਰੰਪ ਸਰਕਾਰ ਵੱਡੇ ਪੱਧਰ ’ਤੇ ਕਰ ਰਹੀ ਹੈ ਸਰਕਾਰੀ ਵਿਭਾਗਾਂ ’ਚੋਂ ਛਾਂਟੀ

**■ ਫਜ਼ੂਲਖਰਚੀ ਘੱਟ ਕਰਨ ਲਈ 10,000 ਮੁਲਾਜ਼ਮ ਨੌਕਰੀਓਂ ਕੱਢੇ**



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਸਰਕਾਰੀ ਨੌਕਰੀਆਂ ਤੋਂ ਛਾਂਟੀ ਇਨ੍ਹੀਂ ਦਿਨੀਂ ਚਰਚਾ ਦਾ ਮੁੱਖ ਵਿਸ਼ਾ ਬਣੀ ਹੋਈ ਹੈ। ਵੱਖ-ਵੱਖ ਵਿਭਾਗਾਂ ਵਿਚ ਕੰਮ ਕਰਦੇ ਹਜ਼ਾਰਾਂ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਇਸ ਵਾਰ ਭੂਮੀ ਪ੍ਰਬੰਧਨ ਅਤੇ ਸਾਬਕਾ ਫ਼ੌਜੀਆਂ ਦੀ ਦੇਖਭਾਲ ਵਿਚ ਲੱਗੇ ਕਰਮਚਾਰੀ ਜ਼ਿਆਦਾ ਪ੍ਰਭਾਵਿਤ ਹੋਏ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਰਕਾਰ ਸਰਕਾਰੀ ਵਿਭਾਗਾਂ ਵਿਚ ਵੱਡੇ ਪੱਧਰ ’ਤੇ ਛਾਂਟੀ ਕਰ ਰਹੀ ਹੈ। ਸ਼ੁੱਕਰਵਾਰ ਨੂੰ 10,000 ਤੋਂ ਵੱਧ ਸਰਕਾਰੀ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਰਾਸ਼ਟਰਪਤੀ ਟਰੰਪ ਅਤੇ ਉਨ੍ਹਾਂ ਦੇ ਸਲਾਹਕਾਰ ਐਲੋਨ ਮਸਕ ਦੀ ਅਗਵਾਈ ਹੇਠ ਸਰਕਾਰੀ ਨੌਕਰਸ਼ਾਹੀ ਨੂੰ ਘਟਾਉਣ ਦੀ ਮੁਹਿੰਮ ਤੇਜ਼ੀ ਨਾਲ ਚੱਲ ਰਹੀ ਹੈ। ਛਾਂਟੀ ਕੀਤੇ ਗਏ ਕਰਮਚਾਰੀਆਂ ਵਿਚ ਜ਼ਿਆਦਾਤਰ ਉਹ ਲੋਕ ਸ਼ਾਮਲ ਹਨ, ਜੋ ਭੂਮੀ ਪ੍ਰਬੰਧਨ ਅਤੇ ਸਾਬਕਾ ਫੌਜੀਆਂ ਦੀ ਦੇਖਭਾਲ ਵਿਚ ਸ਼ਾਮਲ ਹਨ।

ਟਰੰਪ ਪ੍ਰਸ਼ਾਸਨ ਦੇ ਇਸ ਕਦਮ ਨਾਲ ਗ੍ਰਹਿ, ਊਰਜਾ, ਵੈਟਰਨਜ਼ ਅਫੇਅਰਜ਼, ਖੇਤੀਬਾੜੀ, ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗਾਂ ਦੇ ਕਰਮਚਾਰੀ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਏ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਮੁਲਾਜ਼ਮ ਜੋ ਪ੍ਰੋਬੇਸ਼ਨਰੀ ਵਰਕਰ ਸਨ, ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਅਜਿਹੇ ਕਰਮਚਾਰੀਆਂ ਦੀ ਨੌਕਰੀ ਦੀ ਸੁਰੱਖਿਆ ਘੱਟ ਹੁੰਦੀ ਹੈ, ਜਿਸ ਦਾ ਫਾਇਦਾ ਉਠਾਉਂਦੇ ਹੋਏ ਸਰਕਾਰ ਨੇ ਛਾਂਟੀ ਕੀਤੀ। ਸਰਕਾਰ ਦੇ ਮਨੁੱਖੀ ਸਰੋਤ ਵਿਭਾਗ ਨੇ ਲਗਭਗ 2 ਲੱਖ ਪ੍ਰੋਬੇਸ਼ਨਰੀ ਕਰਮਚਾਰੀਆਂ ਦੀ ਛਾਂਟੀ ਕਰਨ ਦੀ ਸਿਫਾਰਸ਼ ਕੀਤੀ ਸੀ। ਇਸ ਤੋਂ ਬਾਅਦ ਵੀਰਵਾਰ ਤੋਂ ਕਈ ਵਿਭਾਗਾਂ ਵਿਚ ਛਾਂਟੀ ਸ਼ੁਰੂ ਹੋ ਗਈ। ਇਸ ਤੋਂ ਇਲਾਵਾ ਬਹੁਤ ਸਾਰੀਆਂ ਏਜੰਸੀਆਂ, ਜਿਵੇਂ ਕਿ ਖਪਤਕਾਰ ਵਿੱਤੀ ਸੁਰੱਖਿਆ ਬਿਊਰੋ ਨੂੰ ਲਗਭਗ ਬੰਦ ਕਰ ਦਿੱਤਾ ਗਿਆ ਹੈ। ਫਿਕਸਡ ਟਰਮ ਕੰਟਰੈਕਟ ’ਤੇ ਕੰਮ ਕਰਨ ਵਾਲੇ ਕਰਮਚਾਰੀ ਵੀ ਇਸ ਫੈਸਲੇ ਨਾਲ ਪ੍ਰਭਾਵਿਤ ਹੋਏ ਹਨ।

ਰਿਪੋਰਟ ਮੁਤਾਬਕ, ਅਗਲੇ ਹਫ਼ਤੇ ਅੰਦਰੂਨੀ ਮਾਲ ਸੇਵਾ (ਆਈ.ਆਰ.ਐੱਸ.) ਦੇ ਹਜ਼ਾਰਾਂ ਕਰਮਚਾਰੀਆਂ ਨੂੰ ਵੀ ਨੌਕਰੀ ਤੋਂ ਕੱਢੇ ਜਾਣ ਦੀ ਸੰਭਾਵਨਾ ਹੈ। ਰਾਸ਼ਟਰਪਤੀ ਟਰੰਪ ਅਤੇ ਐਲੋਨ ਮਸਕ ਨੇ ਕਰਮਚਾਰੀਆਂ ਨੂੰ ਸਵੈਇੱਛਤ ਸੇਵਾਮੁਕਤੀ ਦਾ ਬਦਲ ਵੀ ਦਿੱਤਾ ਸੀ। ਵ੍ਹਾਈਟ ਹਾਊਸ ਮੁਤਾਬਕ ਹੁਣ ਤੱਕ 75,000 ਸਰਕਾਰੀ ਕਰਮਚਾਰੀ ਸਵੈ-ਇੱਛਾ ਨਾਲ ਸੇਵਾਮੁਕਤ ਹੋ ਚੁੱਕੇ ਹਨ, ਜੋ ਕੁੱਲ 23 ਲੱਖ ਸਰਕਾਰੀ ਕਰਮਚਾਰੀਆਂ ਦਾ ਲਗਭਗ 3 ਫੀਸਦੀ ਹੈ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਸਰਕਾਰੀ ਵਿਭਾਗਾਂ ਵਿਚ ਫਜ਼ੂਲ ਖਰਚੀ ਅਤੇ ਧੋਖਾਧੜੀ ਕਾਰਨ ਵੱਡੀ ਰਕਮ ਬਰਬਾਦ ਹੋ ਰਹੀ ਹੈ। ਵਰਤਮਾਨ ਵਿਚ ਫੈਡਰਲ ਸਰਕਾਰ ਉੱਤੇ $36 ਟ੍ਰਿਲੀਅਨ (36 ਟ੍ਰਿਲੀਅਨ ਡਾਲਰ) ਦਾ ਕਰਜ਼ਾ ਹੈ ਅਤੇ ਪਿਛਲੇ ਸਾਲ ਅਮਰੀਕਾ ਵਿਚ $1.8 ਟ੍ਰਿਲੀਅਨ ਦਾ ਘਾਟਾ ਸੀ।

# ਮੈਰੀਲੈਂਡ ਦੇ ਗਵਰਨਰ ਦੀ ਇੰਟਰਫੇਥ ਕੌਂਸਲ ਮੀਟਿੰਗ ਵਿਚ ਭਾਈ ਸਵਿੰਦਰ ਸਿੰਘ ਵੱਲੋਂ ਸਿੱਖ ਭਾਈਚਾਰੇ ਦੀ ਨੁਮਾਇੰਦਗੀ

**ਮੈਰੀਲੈਂਡ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕਾ ਦੇ ਸੂਬੇ ਮੈਰੀਲੈਂਡ ਦੇ ਲੈਫਟੀਨੈਂਟ ਗਵਰਨਰ ਅਰੁਣਾ ਮਿਲਰ ਦੇ ਸੱਦੇ ’ਤੇ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ, ਭਾਈ ਸਵਿੰਦਰ ਸਿੰਘ ਨੇ ਹਾਲ ਹੀ ਵਿਚ ਹੋਈ ਗਵਰਨਰ ਦੀ ਇੰਟਰਫੇਥ ਕੌਂਸਲ ਦੀ ਮੀਟਿੰਗ ਵਿਚ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿਚ ਵੱਖ-ਵੱਖ ਧਰਮਾਂ ਦੇ ਆਗੂ ਭਾਈਚਾਰੇ ਨੂੰ ਦਰਪੇਸ਼ ਸਾਂਝੀਆਂ ਚੁਣੌਤੀਆਂ ਸੰਬੰਧੀ ਵਿਚਾਰ-ਵਟਾਂਦਰਾ ਅਤੇ ਵੱਖ-ਵੱਖ ਧਰਮਾਂ ਦੇ ਲੋਕਾਂ ਵਿਚਕਾਰ ਏਕਤਾ ਨੂੰ ਉਤਸ਼ਾਹਿਤ ਕਰਨ ਲਈ ਇਕੱਠੇ ਹੋਏ। ਕੌਂਸਲ ਦੀ ਮੀਟਿੰਗ ਵਿਚ ਉਨ੍ਹਾਂ ਦੀ ਸ਼ਮੂਲੀਅਤ ਸਿੱਖ ਸਿਧਾਂਤਾਂ ‘ਸਮਾਨਤਾ, ਨਿਰਸਵਾਰਥ ਸੇਵਾ ਅਤੇ ਵਿਸ਼ਵਵਿਆਪੀ ਭਾਈਚਾਰੇ’ ਦਾ ਪ੍ਰਚਾਰ ਕਰਦੀ ਹੈ, ਜੋ ਕਿ ਇੰਟਰਫੇਥ ਕੌਂਸਲ ਦੇ ਏਕਤਾ ਅਤੇ ਸਾਂਝ ਨੂੰ ਮਜ਼ਬੂਤ ਕਰਨ ਦੇ ਮਿਸ਼ਨ ਨਾਲ ਮੇਲ ਖਾਂਦੀ ਹੈ। ਭਾਈ ਸਵਿੰਦਰ ਸਿੰਘ ਨੇ ਇਸ ਇੰਟਰਫੇਥ



ਮੀਟਿੰਗ ਦੀ ਮਹੱਤਤਾ ਉੱਤੇ ਜ਼ੋਰ ਦਿੰਦਿਆ ਕਿਹਾ ਕਿ ਅਜਿਹੀਆਂ ਬੈਠਕਾਂ ਆਪਸੀ ਸਮਝ ਨੂੰ ਵਿਕਸਿਤ ਕਰਦੀਆਂ ਹਨ ਅਤੇ ਮਨੁੱਖਤਾ ਦੀ ਭਲਾਈ ਵਾਸਤੇ ਸਾਂਝੀਆਂ ਕੋਸ਼ਿਸ਼ਾਂ ਨੂੰ ਮਜ਼ਬੂਤ ਕਰਦੀਆਂ ਹਨ। ਉਨ੍ਹਾਂ ਨੇ ਗਵਰਨਰ ਵੱਲੋਂ ਵੱਖ-ਵੱਖ ਧਰਮਾਂ ਦੇ ਆਗੂਆਂ ਨੂੰ ਵਿਚਾਰ-ਵਟਾਂਦਰੇ ਅਤੇ ਸਹਿਯੋਗ ਲਈ ਇਕੱਠੇ ਕਰਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇੰਟਰਫੇਥ ਕੌਂਸਲ ਦੇ ਮੈਂਬਰ ਵਜੋਂ, ਭਾਈ ਸਵਿੰਦਰ ਸਿੰਘ ਨੇ ‘ਫੂਡ (ਖੁਰਾਕ) ਸੁਰੱਖਿਆ’ ਅਤੇ ‘ਇੰਟਰਫੇਥ ਕੌਂਸਲ ਰਿਲੇਸ਼ਨ’ ਕਮੇਟੀ ਵਿਚ ਸ਼ਾਮਲ ਹੋਣ ਦਾ ਫੈਸਲਾ ਲਿਆ ਹੈ।

# ਟਰੰਪ ਵੱਲੋਂ ਵਿਦੇਸ਼ੀ ਸਹਾਇਤਾ ਬੰਦ ਕਰਨ ਦੇ ਫੈਸਲੇ ਨਾਲ ਲੱਖਾਂ ਲੋਕਾਂ ਦੀ ਜਾਨ ਪਈ ਖਤਰੇ ’ਚ!


**ਜੋਹਾਨਸਬਰਗ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਵੱਲੋਂ ਵਿਦੇਸ਼ੀ ਸਹਾਇਤਾ ਬੰਦ ਕਰਨ ਦੇ ਫੈਸਲੇ ਨਾਲ ਦੱਖਣੀ ਅਫਰੀਕਾ ਵਿੱਚ ਐੱਚ.ਆਈ.ਵੀ. ਸੰਕਰਮਿਤ ਲੋਕਾਂ ਦੇ ਇਲਾਜ ’ਤੇ ਸੰਕਟ ਪੈਦਾ ਹੋ ਗਿਆ ਹੈ। ਦੱਖਣੀ ਅਫ਼ਰੀਕਾ ਦੇ ਕਵਾਜ਼ੁਲੂ-ਨਟਾਲ ਸੂਬੇ ਦੇ ਇੱਕ ਪੇਂਡੂ ਖੇਤਰ ਵਿਚ ਰਹਿਣ ਵਾਲੀ ਨੋਜ਼ੁਕੋ ਮਜੋਲਾ (19) ਉਨ੍ਹਾਂ ਲੱਖਾਂ ਮਰੀਜ਼ਾਂ ਵਿਚੋਂ ਇਕ ਹੈ, ਜਿਸ ’ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਗਲੋਬਲ ਵਿਦੇਸ਼ੀ ਸਹਾਇਤਾ ਰੋਕਣ ਦਾ ਪ੍ਰਭਾਵ ਪਿਆ ਹੈ। ਇਸ ਦੇ ਨਤੀਜੇ ਵਜੋਂ ਐੱਚ.ਆਈ.ਵੀ. ਮਰੀਜ਼ਾਂ ਦੇ ਇਲਾਜ ਵਿਚ ਵਿਘਨ ਪੈ ਸਕਦਾ ਹੈ, ਲਾਗ ਦਰਾਂ ਵਿਚ ਵਾਧਾ ਅਤੇ ਮੌਤਾਂ ਦੀ ਗਿਣਤੀ ਵਧਣ ਦਾ ਖਦਸ਼ਾ ਹੈ। ਹਿਊਮਨ ਸਾਇੰਸਜ਼ ਰਿਸਰਚ ਕੌਂਸਲ ਨੇ 2024 ਵਿਚ ਦੱਸਿਆ ਸੀ ਕਿ ਦੱਖਣੀ ਅਫ਼ਰੀਕਾ ਵਿਚ ਐੱਚ.ਆਈ.ਵੀ. ਦਾ ਦੂਜਾ ਸਭ ਤੋਂ ਵੱਡਾ ਪ੍ਰਸਾਰ ਮਜੋਲਾ ਦੇ ਹੀ ਸੂਬੇ ਵਿਚ ਹੈ, ਜਿੱਥੇ ਹਰ ਹਫ਼ਤੇ ਲਗਭਗ 1,300 ਨੌਜਵਾਨ ਇਸ ਲਾਗ ਦਾ ਸ਼ਿਕਾਰ ਹੁੰਦੇ ਹਨ। ਕਵਾਜ਼ੁਲੂ-ਨਟਾਲ ਵਿਚ 2022 ਵਿਚ ਲਗਭਗ 19.8 ਲੱਖ ਲੋਕ ਐੱਚ.ਆਈ.ਵੀ. ਨਾਲ ਸੰਕਰਮਿਤ ਸਨ। ਦੇਸ਼ ਵਿਚ 75 ਲੱਖ ਤੋਂ ਵੱਧ ਲੋਕ ਏਡਜ਼ ਦਾ ਕਾਰਨ ਬਣਨ ਵਾਲੇ ਵਾਇਰਸ ਨਾਲ ਸੰਕਰਮਿਤ ਹਨ ਅਤੇ ਇਹ ਗਿਣਤੀ ਕਿਸੇ ਵੀ ਹੋਰ ਦੇਸ਼ ਨਾਲੋਂ ਵੱਧ ਹੈ। ਟਰੰਪ ਵੱਲੋਂ ਰਾਸ਼ਟਰਪਤੀ ਐਮਰਜੈਂਸੀ ਏਡਜ਼ ਰਾਹਤ ਯੋਜਨਾ (ਪੀ.ਈ.ਪੀ.ਐੱਫ.ਏ.ਆਰ.) ਨੂੰ ਮੁਅੱਤਲ ਕਰਨ ਨਾਲ ਦੇਸ਼ ਦੇ 55 ਲੱਖ ਮਰੀਜ਼ਾਂ ਦੇ ਇਲਾਜ ’ਤੇ ਸੰਕਟ ਖੜ੍ਹਾ ਹੋ ਗਿਆ ਹੈ। ਇਸ ਯੋਜਨਾ ਦੇ ਤਹਿਤ ਦੱਖਣੀ ਅਫ਼ਰੀਕਾ ਦੇ ਐੱਚ.ਆਈ.ਵੀ. ਪ੍ਰੋਗਰਾਮਾਂ ਅਤੇ ਕਈ ਗੈਰ-ਸਰਕਾਰੀ ਸੰਗਠਨਾਂ ਨੂੰ ਹਰ ਸਾਲ 40 ਕਰੋੜ ਅਮਰੀਕੀ ਡਾਲਰ ਦੀ ਸਹਾਇਤਾ ਮਿਲਦੀ ਸੀ।




ਧੰਨ ਧੰਨ

ਸਤਿਗੁਰੂ ਰਵਿਦਾਸ ਮਹਾਰਾਜ ਜੀ

ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ



# 25ਵਾਂ ਮਹਾਨ ਨਗਰ ਕੀਰਤਨ

## 9 ਮਾਰਚ 2025, ਦਿਨ ਐਤਵਾਰ

### ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ



ਪ੍ਰੋਗਰਾਮ

ਇਸ ਸੰਬੰਧੀ ਲੜੀਵਾਰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋ ਚੁੱਕੇ ਹਨ, ਜੋ ਕਿ 9 ਮਾਰਚ 2025, ਦਿਨ ਐਤਵਾਰ ਤੱਕ ਚੱਲਣਗੇ।

ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਤੋਂ ਬਾਅਦ ਕੀਰਤਨ ਦਰਬਾਰ ਹੋਵੇਗਾ। ਇਸ ਮੌਕੇ ਪੰਥ ਦੇ ਮਹਾਨ ਰਾਗੀ, ਢਾਡੀ, ਕਥਾਵਾਚਕ, ਗੁਰਬਾਣੀ ਰਾਹੀਂ ਆਈਆਂ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਵਿਚ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਵਿਸ਼ਾਲ ਨਗਰ ਕੀਰਤਨ ਆਰੰਭ ਹੋਵੇਗਾ।

ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ ਅਤੇ ਹੋਰ ਵੀ ਬਹੁਤ ਸਾਰੇ ਸਟਾਲ ਲਗਾਏ ਜਾਣਗੇ।

ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਪਰਿਵਾਰਾਂ ਸਮੇਤ ਇਸ ਮਹਾਨ ਨਗਰ ਕੀਰਤਨ ਵਿਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ, ਸੈਕਰਾਮੈਂਟੋ

**6221 16th Street Rio Linda, CA 95673**

ਗੁਰੂਘਰ ਦਾ ਫੋਨ : 916-992-1710

Designed by : Punjab Mail USA

# ਅਮਰੀਕਾ ਵੱਲੋਂ ਭਾਰਤ ਨੂੰ ਝਟਕਾ: ਰੋਕੀ 22 ਮਿਲੀਅਨ ਡਾਲਰ ਦੀ ਫੰਡਿੰਗ

**ਵਾਸ਼ਿੰਗਟਨ, (ਪੰਜਾਬ ਮੇਲ)-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਦੌਰਾਨ ਐਲੋਨ ਮਸਕ ਦੀ ਅਗਵਾਈ ਵਾਲੇ ਡਿਪਾਰਟਮੈਂਟ ਆਫ਼ ਗਵਰਨਮੈਂਟ ਐਫੀਸ਼ੈਂਸੀ (DOGE) ਨੇ ਭਾਰਤ ਨੂੰ ਵੱਡਾ ਝਟਕਾ ਦਿੱਤਾ ਹੈ। DOGE ਨੇ ਸ਼ਨੀਵਾਰ ਨੂੰ ਭਾਰਤ ਵਿਚ "ਵੋਟਰ ਭਾਗੀਦਾਰੀ" ਲਈ ਰੱਖੇ ਗਏ 22 ਮਿਲੀਅਨ ਡਾਲਰ ਨੂੰ ਰੱਦ ਕਰਨ ਦਾ ਐਲਾਨ ਕੀਤਾ। ਇਹ ਕਦਮ ਉਦੋਂ ਆਇਆ, ਜਦੋਂ DOGE ਨੇ ਯੂ.ਐੱਸ. ਟੈਕਸਦਾਤਾਵਾਂ ਦੁਆਰਾ ਖਰਚ ਕੀਤੇ ਜਾਣ ਵਾਲੇ ਕਈ ਹੋਰ ਫੰਡਾਂ ਨੂੰ ਰੱਦ ਕਰਨ ਦਾ ਫੈਸਲਾ ਕੀਤਾ ਸੀ।

DOGE ਦੇ ਟਵਿੱਟਰ ਹੈਂਡਲ 'ਤੇ ਇੱਕ ਪੋਸਟ ਵਿਚ ਦੱਸਿਆ ਗਿਆ ਕਿ ਕਿਵੇਂ ਯੂ.ਐੱਸ. ਟੈਕਸਦਾਤਾਵਾਂ ਦੇ ਪੈਸਿਆਂ ਦਾ ਖਰਚਾ ਰੱਦ ਕੀਤਾ ਗਿਆ ਹੈ, ਜਿਸ ਵਿਚ 21 ਮਿਲੀਅਨ ਡਾਲਰ ਵੀ ਸ਼ਾਮਲ ਹੈ, ਜੋ ਭਾਰਤ ਵਿਚ ਵੋਟਰਾਂ ਦੀ ਭਾਗੀਦਾਰੀ ਨੂੰ ਵਧਾਉਣ ਲਈ ਸੀ। ਇਸ ਰਾਸ਼ੀ ਨੂੰ ਰੱਦ ਕਰਨ ਦੀ ਘੋਸ਼ਣਾ ਨੇ ਮਹੱਤਵਪੂਰਨ ਧਿਆਨ ਖਿੱਚਿਆ ਹੈ, ਕਿਉਂਕਿ ਇਹ ਭਾਰਤੀ ਚੋਣ ਪ੍ਰਕਿਰਿਆ ਵਿਚ ਬਾਹਰੀ ਦਖਲਅੰਦਾਜ਼ੀ ਦਾ ਦੋਸ਼ ਲਗਾਉਂਦੇ ਹੋਏ ਕੁਝ ਲੋਕਾਂ ਲਈ ਵਿਵਾਦਪੂਰਨ ਬਣ ਗਿਆ ਸੀ।

ਭਾਜਪਾ ਦੇ ਬੁਲਾਰੇ ਅਮਿਤ ਮਾਲਵੀਆ ਨੇ ਟਵੀਟ ਕਰਕੇ ਇਸ ਫੈਸਲੇ 'ਤੇ ਪ੍ਰਤੀਕਿਰਿਆ ਦਿੱਤੀ, "21 ਮਿਲੀਅਨ ਡਾਲਰ ਦਾ ਖਰਚ? ਇਹ ਸਪੱਸ਼ਟ ਤੌਰ 'ਤੇ ਭਾਰਤ ਦੀ ਚੋਣ



ਪ੍ਰਕਿਰਿਆ ਵਿਚ ਬਾਹਰੀ ਦਖਲਅੰਦਾਜ਼ੀ ਹੈ। ਇਸ ਦਾ ਫਾਇਦਾ ਕਿਸ ਨੂੰ ਹੋਵੇਗਾ? ਇਹ ਸਪੱਸ਼ਟ ਹੈ ਕਿ ਇਹ ਕੇਂਦਰ ਸਰਕਾਰ ਲਈ ਨਹੀਂ ਹੈ।" ਇਸ ਤੋਂ ਇਲਾਵਾ, DOGE ਨੇ ਕਈ ਹੋਰ ਸਕੀਮਾਂ ਲਈ ਰੱਖੇ ਫੰਡਿੰਗ ਨੂੰ ਵੀ ਰੱਦ ਕਰ ਦਿੱਤਾ। ਇਨ੍ਹਾਂ ਵਿਚ ਮੋਜ਼ਾਮਬੀਕ ਵਿਚ ਮਰਦਾਂ ਦੀ ਸਵੈ-ਇੱਛਤ ਡਾਕਟਰੀ ਸੁੰਨਤ (10 ਮਿਲੀਅਨ ਡਾਲਰ), ਮੋਲਡੋਵਾ ਵਿਚ ਇੱਕ ਸੰਮਲਿਤ ਅਤੇ ਭਾਗੀਦਾਰ ਰਾਜਨੀਤਿਕ ਪ੍ਰਕਿਰਿਆ ਨੂੰ ਉਤਸ਼ਾਹਿਤ ਕਰਨ ਲਈ 22 ਮਿਲੀਅਨ ਡਾਲਰ ਅਤੇ ਬੰਗਲਾਦੇਸ਼ ਵਿਚ ਰਾਜਨੀਤਿਕ ਦ੍ਰਿਸ਼ ਨੂੰ ਮਜ਼ਬੂਤ ਕਰਨ ਲਈ 29 ਮਿਲੀਅਨ ਡਾਲਰ ਸ਼ਾਮਲ ਹਨ।

DOGE ਨੇ ਇਹ ਵੀ ਘੋਸ਼ਣਾ ਕੀਤੀ ਕਿ ਉਸਨੇ ਵੱਖ-ਵੱਖ ਦੇਸ਼ਾਂ ਲਈ ਹੋਰ ਕਿਸਮਾਂ ਦੇ ਖਰਚਿਆਂ ਨੂੰ ਵੀ ਰੱਦ ਕਰ ਦਿੱਤਾ ਹੈ, ਜਿਵੇਂ ਕਿ ਲਾਇਬੇਰੀਆ ਵਿਚ ਵੋਟਰਾਂ ਦੇ ਵਿਸ਼ਵਾਸ ਨੂੰ ਉਤਸ਼ਾਹਿਤ ਕਰਨ ਲਈ 1.5 ਮਿਲੀਅਨ ਡਾਲਰ, ਮਾਲੀ ਵਿਚ ਸਮਾਜਿਕ ਏਕਤਾ ਨੂੰ ਉਤਸ਼ਾਹਿਤ ਕਰਨ ਲਈ 14 ਮਿਲੀਅਨ ਡਾਲਰ ਅਤੇ ਦੱਖਣੀ ਅਫਰੀਕਾ ਵਿਚ ਸੰਮਲਿਤ ਲੋਕਤੰਤਰ ਨੂੰ ਸਮਰਥਨ ਦੇਣ ਲਈ 2.5 ਮਿਲੀਅਨ ਡਾਲਰ ਦੀ ਫੰਡਿੰਗ ਨੂੰ ਰੱਦ ਕੀਤਾ ਗਿਆ ਹੈ। ਅਮਰੀਕੀ ਸਰਕਾਰ ਵੱਲੋਂ ਇਹ ਕਦਮ ਸਰਕਾਰੀ ਖਰਚਿਆਂ ਨੂੰ ਘਟਾਉਣ ਦੀ ਕੋਸ਼ਿਸ਼ ਦੇ ਹਿੱਸੇ ਵਜੋਂ ਚੁੱਕਿਆ ਗਿਆ ਹੈ। DOGE ਦਾ ਉਦੇਸ਼ ਸਰਕਾਰੀ ਫੰਡਿੰਗ ਨੂੰ ਸੁਚਾਰੂ ਬਣਾਉਣਾ ਅਤੇ ਉਨ੍ਹਾਂ ਪ੍ਰੋਜੈਕਟਾਂ 'ਤੇ ਖਰਚ ਨੂੰ ਕੰਟਰੋਲ ਕਰਨਾ ਹੈ, ਜੋ ਪ੍ਰਭਾਵੀ ਨਤੀਜੇ ਨਹੀਂ ਦੇ ਰਹੇ ਹਨ।

ਇਸ ਦੌਰਾਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਐਲੋਨ ਮਸਕ ਵਿਚਕਾਰ ਹਾਲ ਹੀ ਵਿਚ ਹੋਈ ਮੀਟਿੰਗ ਵਿਚ, ਨਵੀਨਤਾ, ਪੁਲਾੜ ਖੋਜ, ਨਕਲੀ ਖੁਫੀਆ (ਏ.ਆਈ.) ਅਤੇ ਟਿਕਾਊ ਵਿਕਾਸ ਵਰਗੇ ਖੇਤਰਾਂ ਵਿਚ ਭਾਰਤ ਅਤੇ ਅਮਰੀਕਾ ਦਰਮਿਆਨ ਵਧਦੇ ਸਹਿਯੋਗ ਬਾਰੇ ਚਰਚਾ ਕੀਤੀ ਗਈ।

ਮੀਟਿੰਗ ਵਿਚ ਦੋਵਾਂ ਆਗੂਆਂ ਨੇ ਇਨ੍ਹਾਂ ਖੇਤਰਾਂ ਵਿਚ ਸਾਂਝੇ ਯਤਨਾਂ ਨੂੰ ਵਧਾਉਣ ਦੇ ਮੌਕਿਆਂ 'ਤੇ ਵਿਚਾਰ ਕੀਤਾ। ਮੋਦੀ ਅਤੇ ਮਸਕ ਨੇ ਉਭਰਦੀਆਂ ਤਕਨੀਕਾਂ, ਉੱਦਮਸ਼ੀਲਤਾ ਅਤੇ ਚੰਗੇ ਪ੍ਰਸ਼ਾਸਨ ਨੂੰ ਸਾਂਝੇ ਤੌਰ 'ਤੇ ਉਤਸ਼ਾਹਿਤ ਕਰਨ ਬਾਰੇ ਵੀ ਗੱਲ ਕੀਤੀ। ਇਸ ਮੁਲਾਕਾਤ ਦੌਰਾਨ ਮੋਦੀ ਨੇ 'ਘੱਟੋ-ਘੱਟ ਸਰਕਾਰ, ਵੱਧ ਤੋਂ ਵੱਧ ਸ਼ਾਸਨ' ਦੇ ਪ੍ਰਤੀ ਭਾਰਤ 'ਚ ਹੋ ਰਹੇ ਸੁਧਾਰਾਂ ਨੂੰ ਸਾਂਝਾ ਕੀਤਾ। ਪ੍ਰਧਾਨ ਮੰਤਰੀ ਨੇ ਕਿਹਾ, "ਅਸੀਂ ਐਲੋਨ ਮਸਕ ਨਾਲ ਮੁਲਾਕਾਤ ਕੀਤੀ ਅਤੇ ਭਾਰਤ ਅਤੇ ਅਮਰੀਕਾ ਵਿਚਕਾਰ ਸਹਿਯੋਗ ਵਧਾਉਣ ਦੇ ਮੌਕਿਆਂ 'ਤੇ ਚਰਚਾ ਕੀਤੀ। ਅਸੀਂ ਚਾਹੁੰਦੇ ਹਾਂ ਕਿ ਦੋਵੇਂ ਦੇਸ਼ ਵਿਗਿਆਨ, ਤਕਨਾਲੋਜੀ ਅਤੇ ਵਿਕਾਸ ਦੇ ਖੇਤਰਾਂ ਵਿਚ ਮਜ਼ਬੂਤ ਸਾਂਝੇਦਾਰ ਹੋਣ।"

## ਅਮਰੀਕਾ 'ਚ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ

ਰੂਪਨਗਰ, (ਪੰਜਾਬ ਮੇਲ)- ਅਮਰੀਕਾ 'ਚ ਰੂਪਨਗਰ ਦੇ ਨੌਜਵਾਨ ਦੀ



ਸੜਕ ਹਾਦਸੇ 'ਚ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਬੀਤੇ ਦਿਨ ਯੂ.ਐੱਸ.ਏ. 'ਚ ਇਕ ਸੁਰੰਗ ਵਿਚ ਵਾਪਰੇ ਭਿਆਨਕ ਹਾਦਸੇ ਦੌਰਾਨ ਹਰਮਨਜੀਤ ਸਿੰਘ (30) ਪੁੱਤਰ ਤਜਿੰਦਰ ਸਿੰਘ ਸੈਣੀ ਦੀ ਮੌਤ ਹੋ ਗਈ। ਇਹ ਹਾਦਸਾ ਉਦੋਂ ਵਾਪਰਿਆਂ, ਜਦੋਂ ਹਰਮਨਜੀਤ ਸਿੰਘ ਆਪਣਾ ਟਰਾਲਾ ਚਲਾ ਰਿਹਾ ਸੀ। ਜਦੋਂ ਉਹ ਸਾਲਟ ਲੇਕ ਸਿਟੀ ਦੇ ਨੇੜੇ ਪੁੱਜਾ ਅਤੇ ਗ੍ਰੀਨ ਰੀਵਰ ਸੁਰੰਗ 'ਚ ਬਰਫ ਦਾ ਤੂਫਾਨ ਆਉਣ ਕਾਰਨ ਇਕ ਵਾਹਨ ਤਿਲਕ ਕੇ ਬੇਕਾਬੂ ਹੋ ਗਿਆ। ਇਸ ਤੋਂ ਬਾਅਦ ਪਿਛਲੇ ਵਾਹਨ ਆਪਸ 'ਚ ਭਿੜਦੇ ਚਲੇ ਗਏ। ਹਰਮਨਜੀਤ ਦੇ ਟਰਾਲੇ ਤੋਂ ਅਗਲੇ ਟਰੱਕ 'ਚ ਭਿਆਨਕ ਅੱਗ ਲੱਗਣ ਹੋਰ ਵਾਹਨਾਂ ਨੂੰ ਅੱਗ ਲੱਗ ਗਈ, ਜਿਸ ਕਾਰਨ ਟਾਇਰ ਫਟਦੇ ਰਹੇ ਅਤੇ ਕੁਝ ਜਣੇ ਸੀਸੇ ਤੋੜ ਕੇ ਨਿਕਲ ਗਏ ਪਰ ਹਰਮਨਜੀਤ ਅਤੇ ਇਕ ਹੋਰ ਵਾਹਨ ਚਾਲਕ ਬਾਹਰ ਨਾ ਨਿਕਲ ਸਕੇ, ਜਿਸ ਕਾਰਨ ਹਰਮਨਜੀਤ ਸਿੰਘ ਅਤੇ ਇਕ ਹੋਰ ਵਿਅਕਤੀ ਦੀ ਮੌਤ ਹੋ ਗਈ। ਇਹ ਖ਼ਬਰ ਸੁਣਦਿਆਂ ਹੀ ਰੂਪਨਗਰ ਸਮੇਤ ਪਿੰਡ ਖੇੜੀ ਸਲਾਬਤਪੁਰ ਅਤੇ ਇਲਾਕੇ 'ਚ ਸੋਗ ਦੀ ਲਹਿਰ ਫ਼ੈਲ ਗਈ।

## ਟਰੰਪ ਨੇ ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ ਦੇ ਬਹੁਤ ਸਾਰੇ ਕਰਮਚਾਰੀ ਨੌਕਰੀ ਤੋਂ ਕੱਢੇ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ ਦੇ ਬਹੁਤ ਸਾਰੇ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਿਆ ਜਾ ਰਿਹਾ ਹੈ, ਜਿਸ ਕਾਰਨ ਹਫਤੇ ਦੇ ਅੰਤ ਵਿਚ ਕਰਮਚਾਰੀਆਂ ਦੀ ਗਿਣਤੀ ਵਿਚ ਕਮੀ ਆਈ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਇਹ ਕਦਮ ਜਨਵਰੀ ਵਿਚ ਰੋਨਾਲਡ ਰੀਗਨ ਵਾਸ਼ਿੰਗਟਨ ਰਾਸ਼ਟਰੀ ਹਵਾਈ ਅੱਡੇ 'ਤੇ ਵਾਪਰੇ ਘਾਤਕ ਹਾਦਸੇ ਤੋਂ ਕੁਝ ਹਫ਼ਤਿਆਂ ਬਾਅਦ ਚੁੱਕਿਆ ਹੈ। 'ਪ੍ਰੋਫੈਸ਼ਨਲ ਏਵੀਏਸ਼ਨ ਸੇਫਟੀ ਸਪੈਸ਼ਲਿਸਟ ਯੂਨੀਅਨ' ਦੇ ਪ੍ਰਧਾਨ ਡੇਵਿਡ ਸਪੇਰੋ ਨੇ ਇੱਕ ਬਿਆਨ ਵਿਚ ਕਿਹਾ ਕਿ ਪ੍ਰੋਬੇਸ਼ਨਰੀ ਕਰਮਚਾਰੀਆਂ ਨੂੰ ਸ਼ੁੱਕਰਵਾਰ ਦੇਰ ਰਾਤ ਈਮੇਲ ਭੇਜੇ ਗਏ, ਜਿਸ ਵਿਚ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਉਨ੍ਹਾਂ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ।

ਇੱਕ ਹਵਾਈ ਟ੍ਰੈਫਿਕ ਕੰਟਰੋਲਰ ਨੇ ਮੁਤਾਬਕ ਇਨ੍ਹਾਂ ਵਿਚ ਐੱਫ.ਏ.ਏ. ਰਾਡਾਰ, ਲੈਂਡਿੰਗ ਅਤੇ ਨੈਵੀਗੇਸ਼ਨ ਰੱਖ-ਰਖਾਅ ਸਬੰਧੀ ਕੰਮ 'ਤੇ ਰੱਖੇ ਗਏ ਕਰਮਚਾਰੀ ਸ਼ਾਮਲ ਹਨ। ਆਵਾਜਾਈ ਵਿਭਾਗ ਦੇ ਇੱਕ ਅਧਿਕਾਰੀ ਨੇ ਸੋਮਵਾਰ ਨੂੰ ਕਿਹਾ ਕਿ ਇਸ ਫੈਸਲੇ ਨਾਲ ਕੋਈ ਵੀ ਹਵਾਈ ਆਵਾਜਾਈ ਕੰਟਰੋਲਰ ਪ੍ਰਭਾਵਿਤ ਨਹੀਂ ਹੋਇਆ ਹੈ ਅਤੇ ਏਜੰਸੀ ਨੇ "ਮਹੱਤਵਪੂਰਨ ਸੁਰੱਖਿਆ ਕਾਰਜ ਕਰਨ ਵਾਲੇ ਕਰਮਚਾਰੀਆਂ ਦੀਆਂ ਨੌਕਰੀਆਂ ਬਰਕਰਾਰ ਰੱਖੀਆਂ ਹੈ।"



ਨੈਸ਼ਨਲ ਏਅਰ ਟ੍ਰੈਫਿਕ ਕੰਟਰੋਲਰਜ਼ ਐਸੋਸੀਏਸ਼ਨ ਨੇ ਸੋਮਵਾਰ ਨੂੰ ਇੱਕ ਸੰਖੇਪ ਬਿਆਨ ਵਿਚ ਕਿਹਾ ਕਿ ਉਹ "ਸੰਘੀ ਕਰਮਚਾਰੀਆਂ ਦੀ ਛਾਂਟੀ ਨਾਲ ਹਵਾਬਾਜ਼ੀ ਸੁਰੱਖਿਆ, ਰਾਸ਼ਟਰੀ ਹਵਾਈ ਪ੍ਰਣਾਲੀ ਅਤੇ ਕਰਮਚਾਰੀਆਂ 'ਤੇ ਪੈਣ ਵਾਲੇ ਪ੍ਰਭਾਵ ਦਾ ਵਿਸ਼ਲੇਸ਼ਣ ਕਰ ਰਿਹਾ ਹੈ।"

ਸਪੇਰੋ ਨੇ ਕਿਹਾ ਕਿ ਕਰਮਚਾਰੀਆਂ ਨੂੰ ਛਾਂਟੀ ਦੇ ਕਾਰਨ ਨਹੀਂ ਦੱਸੇ ਗਏ ਸਨ। 29 ਜਨਵਰੀ ਨੂੰ ਇੱਕ ਅਮਰੀਕੀ ਫੌਜ ਦਾ ਬਲੈਕ ਹਾਕ ਹੈਲੀਕਾਪਟਰ ਅਤੇ ਇੱਕ ਅਮਰੀਕੀ ਏਅਰਲਾਈਨਜ਼ ਦਾ ਯਾਤਰੀ ਜਹਾਜ਼ ਦੀ ਟੱਕਰ ਹੋ ਗਈ ਸੀ। ਘਟਨਾ ਦੀ ਜਾਂਚ ਅਜੇ ਵੀ ਜਾਰੀ ਹੈ। ਹਾਦਸੇ ਦੇ ਸਮੇਂ, ਇੱਕ ਕੰਟਰੋਲਰ ਵਿਅਸਤ ਹਵਾਈ ਅੱਡੇ 'ਤੇ ਵਪਾਰਕ ਏਅਰਲਾਈਨ ਅਤੇ ਹੈਲੀਕਾਪਟਰ ਦੋਵਾਂ ਦਾ ਕੰਮਕਾਜ ਵੇਖ ਰਿਹਾ ਸੀ।



# ਕੈਨੇਡਾ ਨੇ ਇਮੀਗ੍ਰੇਸ਼ਨ ਨਿਯਮਾਂ ਨੂੰ ਕੀਤਾ ਸਖ਼ਤ: ਵੀਜ਼ਾ, ਪੜ੍ਹਾਈ, ਵਰਕ ਪਰਮਿਟ ਹੁਣ ਰੱਦ ਕਰਨਾ ਆਸਾਨ

**ਓਟਾਵਾ, (ਬਲਜਿੰਦਰ ਸੇਖਾ/ ਪੰਜਾਬ ਮੇਲ)**- ਕੈਨੇਡਾ ਇੰਮੀਗਰੇਸਨ ਨੇ ਨਵੇਂ ਰੈਗੂਲੇਟਰੀ ਸੋਧਾਂ ਦਾ ਐਲਾਨ ਕੀਤਾ ਹੈ, ਜਿਸ ਨਾਲ ਸਰਹੱਦੀ (ਸੀ.ਬੀ.ਐੱਸ.ਏ.) ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਅਸਥਾਈ ਨਿਵਾਸੀ ਦਸਤਾਵੇਜ਼ਾਂ ਨੂੰ ਰੱਦ ਕਰਨ ਦਾ ਵਿਸ਼ਾਲ ਅਧਿਕਾਰ ਦਿੱਤਾ ਗਿਆ ਹੈ, ਜਿਸ ਵਿਚ ਸਟੂਡੈਂਟ ਅਤੇ ਕੰਮ ਵਰਕ ਪਰਮਿਟ ਸ਼ਾਮਲ ਹਨ। ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਕੈਨੇਡਾ (ਆਈ.ਆਰ.ਸੀ.ਸੀ.) ਦੁਆਰਾ ਲਾਗੂ ਕੀਤੇ ਗਈਆਂ ਇਹ ਸੋਧਾਂ 31 ਜਨਵਰੀ, 2025 ਨੂੰ ਲਾਗੂ ਹੋਈਆਂ ਸਮਝੀਆਂ ਜਾਣਗੀਆਂ, ਜੋ ਕਿ ਕੈਨੇਡਾ ਗਜ਼ਟ 2 ਵਿਚ ਦਰਜ ਹਨ। ਇਹ ਕਾਨੂੰਨ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ



ਕਰਨ, ਇਮੀਗ੍ਰੇਸ਼ਨ ਧੋਖਾਧੜੀ ਨੂੰ ਰੋਕਣ ਅਤੇ ਕੈਨੇਡਾ ਦੇ ਅਸਥਾਈ ਨਿਵਾਸ ਪ੍ਰੋਗਰਾਮਾਂ ਦੀ ਅਖੰਡਤਾ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਅੱਪਡੇਟ ਕੀਤਾ ਢਾਂਚਾ ਪਿਛਲੀਆਂ ਨੀਤੀਆਂ ਤੋਂ ਇੱਕ ਪੈਰਾਡਾਈਮ ਸ਼ਿਫਟ ਨੂੰ ਦਰਸਾਉਂਦਾ ਹੈ, ਜਿਸ ਨਾਲ ਉਸ ਦਾਇਰੇ ਨੂੰ ਮਹੱਤਵਪੂਰਨ ਤੌਰ 'ਤੇ ਵਧਾਇਆ ਗਿਆ ਹੈ, ਜਿਸ ਦੇ ਤਹਿਤ ਇਮੀਗ੍ਰੇਸ਼ਨ ਅਧਿਕਾਰੀ, ਜਾਰੀ ਹੋ ਚੁੱਕੇ ਵਿਜ਼ਟਰ ਵੀਜ਼ੇ ਜਾਂ ਜਾਰੀ ਹੋਣ ਵਾਲੇ ਅਸਥਾਈ ਨਿਵਾਸੀ ਦਸਤਾਵੇਜ਼ਾਂ ਨੂੰ ਰੱਦ ਕਰ ਸਕਦੇ ਹਨ। ਇਸ ਮਹੱਤਵਪੂਰਨ ਤਬਦੀਲੀਆਂ ਵਿਚ ਸਟੂਡੈਂਟ ਅਤੇ ਵਰਕ ਪਰਮਿਟਾਂ ਨੂੰ ਰੱਦ ਕਰਨਾ ਵੀ ਵਿਚ ਸ਼ਾਮਿਲ ਹੈ।

ਇਮੀਗ੍ਰੇਸ਼ਨ ਨਿਯਮਾਂ ਵਿਚ ਸੋਧਾਂ ਵਿਚ ਅੱਪਡੇਟ ਕੀਤਾ ਗਿਆ ਢਾਂਚਾ ਪਿਛਲੀਆਂ ਨੀਤੀਆਂ ਤੋਂ ਇੱਕ ਮਿਸਾਲੀ ਤਬਦੀਲੀ ਦੀ ਨਿਸ਼ਾਨਦੇਹੀ ਕਰਦਾ ਹੈ, ਜਿਸ ਨਾਲ ਉਸ ਦਾਇਰੇ ਨੂੰ ਮਹੱਤਵਪੂਰਨ ਰੂਪ ਵਿਚ ਵਧਾਇਆ ਗਿਆ ਹੈ, ਜਿਸਦੇ ਤਹਿਤ ਅਧਿਕਾਰੀ ਕਿਸੇ ਵੀ ਕੈਨੇਡਾ ਦਾਖਲ ਹੋਣ ਜਾਂ ਕੈਨੇਡਾ ਅੰਦਰ ਰਹਿ ਰਹੇ ਅਸਥਾਈ ਨਿਵਾਸੀਆਂ ਦੇ ਦਸਤਾਵੇਜ਼ਾਂ ਨੂੰ ਰੱਦ ਕਰ ਸਕਦੇ ਹਨ।

# ਅਦਾਲਤ ਵੱਲੋਂ ਟਰੰਪ ਦੇ ਫੈਸਲੇ 'ਤੇ ਰੋਕ

**▪ ਜੱਜ ਨੇ ਵਿਦੇਸ਼ੀ ਸਹਾਇਤਾ ਲਈ ਫੰਡ ਜਾਰੀ ਕਰਨ ਦਾ ਦਿੱਤਾ ਹੁਕਮ**

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੇ ਇੱਕ ਸੰਘੀ ਜੱਜ ਨੇ ਅਮਰੀਕੀ ਸਹਾਇਤਾ ਅਤੇ ਦੁਨੀਆਂ ਭਰ ਵਿਚ ਵਿਕਾਸ ਪ੍ਰੋਗਰਾਮਾਂ ਵਿਚ ਅਮਰੀਕੀ ਫੰਡਿੰਗ 'ਤੇ 3 ਹਫ਼ਤੇ ਪਹਿਲਾਂ ਡੋਨਾਲਡ ਟਰੰਪ ਪ੍ਰਸ਼ਾਸਨ ਦੁਆਰਾ ਲਗਾਈ ਗਈ ਪਾਬੰਦੀ ਨੂੰ ਅਸਥਾਈ ਤੌਰ 'ਤੇ ਹਟਾਉਣ ਦਾ ਹੁਕਮ ਦਿੱਤਾ ਹੈ। ਟਰੰਪ ਪ੍ਰਸ਼ਾਸਨ ਦੇ ਇਸ ਹੁਕਮ ਨਾਲ ਦੁਨੀਆਂ ਭਰ ਵਿਚ ਅਮਰੀਕੀ ਸਹਾਇਤਾ ਅਤੇ ਵਿਕਾਸ ਪ੍ਰੋਗਰਾਮ ਬੰਦ ਹੋ ਗਏ ਹਨ। ਜੱਜ ਅਮੀਰ ਅਲੀ ਨੇ ਵੀਰਵਾਰ ਨੂੰ ਵਾਸ਼ਿੰਗਟਨ ਦੀ ਅਮਰੀਕੀ ਜ਼ਿਲ੍ਹਾ ਅਦਾਲਤ ਵਿਚ 2 ਸਿਹਤ ਸੰਗਠਨਾਂ ਵੱਲੋਂ ਦਾਇਰ ਮੁਕੱਦਮੇ ਦੀ ਸੁਣਵਾਈ ਦੌਰਾਨ ਇਹ ਹੁਕਮ ਜਾਰੀ ਕੀਤਾ। ਇਨ੍ਹਾਂ ਸਿਹਤ ਸੰਸਥਾਵਾਂ ਨੂੰ ਵਿਦੇਸ਼ਾਂ ਵਿਚ ਪ੍ਰੋਗਰਾਮਾਂ ਲਈ ਅਮਰੀਕਾ ਤੋਂ ਫੰਡਿੰਗ ਪ੍ਰਾਪਤ ਹੁੰਦੀ ਸੀ।

ਆਪਣੇ ਹੁਕਮ ਵਿਚ, ਅਲੀ ਨੇ ਜ਼ਿਕਰ ਕੀਤਾ ਕਿ ਟਰੰਪ ਪ੍ਰਸ਼ਾਸਨ ਨੇ ਦਲੀਲ ਦਿੱਤੀ ਕਿ ਉਸਨੇ ਵਿਦੇਸ਼ਾਂ ਵਿਚ ਹਜ਼ਾਰਾਂ ਅਮਰੀਕੀ ਏਜੰਸੀਆਂ ਦੇ ਅੰਤਰਰਾਸ਼ਟਰੀ ਵਿਕਾਸ ਸਹਾਇਤਾ ਪ੍ਰੋਗਰਾਮਾਂ ਲਈ ਫੰਡਿੰਗ ਰੋਕ ਦਿੱਤੀ ਹੈ, ਤਾਂ ਜੋ ਉਨ੍ਹਾਂ ਦੀ ਸਮੀਖਿਆ ਕੀਤੀ ਜਾ ਸਕੇ। ਜੱਜ ਨੇ ਕਿਹਾ ਕਿ, ਹਾਲਾਂਕਿ ਪ੍ਰਸ਼ਾਸਨਿਕ ਅਧਿਕਾਰੀਆਂ ਨੇ "ਇਸ ਗੱਲ ਦਾ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਹੈ ਕਿ ਕਾਂਗਰਸ ਦੁਆਰਾ ਨਿਰਧਾਰਤ ਸਾਰੀ ਵਿਦੇਸ਼ੀ ਸਹਾਇਤਾ ਨੂੰ ਪੂਰੀ ਤਰ੍ਹਾਂ ਮੁਅੱਤਲ ਕਿਉਂ ਕਰ ਦਿੱਤਾ ਗਿਆ, ਜਿਸ ਕਾਰਨ ਹਜ਼ਾਰਾਂ ਗੈਰ-ਲਾਭਕਾਰੀ ਸਮੂਹਾਂ, ਕਾਰੋਬਾਰਾਂ ਅਤੇ ਹੋਰਾਂ ਨਾਲ ਇਕਰਾਰਨਾਮਿਆਂ 'ਤੇ ਅਸਰ ਪਿਆ।"

ਇਹ ਫੈਸਲਾ ਟਰੰਪ ਪ੍ਰਸ਼ਾਸਨ ਦੁਆਰਾ ਵਿਦੇਸ਼ੀ ਸਹਾਇਤਾ 'ਤੇ ਲਗਾਈਆਂ ਗਈਆਂ ਫੰਡਿੰਗ ਪਾਬੰਦੀਆਂ ਨੂੰ ਅਸਥਾਈ ਤੌਰ 'ਤੇ ਵਾਪਸ ਲੈਣ ਵਾਲਾ ਪਹਿਲਾ ਫੈਸਲਾ ਹੈ, ਜਿਸ ਕਾਰਨ ਦੁਨੀਆਂ ਭਰ ਵਿਚ ਯੂ.ਐੱਸ.ਏ.ਆਈ.ਡੀ. ਅਤੇ ਵਿਦੇਸ਼ ਵਿਭਾਗ ਦੇ ਠੇਕੇਦਾਰਾਂ ਨੂੰ ਮਾਨਵਤਾਵਾਦੀ ਸਹਾਇਤਾ ਅਤੇ ਹੋਰ ਸਹਾਇਤਾ ਦੇਣੀ ਬੰਦ ਕਰਨੀ ਪਈ ਅਤੇ ਕਰਮਚਾਰੀਆਂ ਦੀ ਛਾਂਟੀ ਕਰਨੀ ਪਈ, ਜਿਸ ਨਾਲ ਵਿਸ਼ਵ ਦੇ ਜ਼ਿਆਦਾਤਰ ਸਹਾਇਤਾ ਵੰਡ ਨੈੱਟਵਰਕ ਠੱਪ ਹੋ ਗਏ।

# ਮਹਾਨ ਵਿਗਿਆਨੀ ਨਿਊਟਨ ਨੇ 300 ਸਾਲ ਪਹਿਲਾਂ ਕੀਤੀ ਸੀ ਦੁਨੀਆ ਦੇ ਅੰਤ ਦੀ ਭਵਿੱਖਬਾਣੀ!

**ਵਾਸ਼ਿੰਗਟਨ, (ਪੰਜਾਬ ਮੇਲ)**- ਦੁਨੀਆਂ ਦਾ ਅੰਤ ਕਦੋਂ ਹੋਵੇਗਾ? ਇਹ ਸਵਾਲ ਬਹੁਤ ਸਾਰੇ ਲੋਕਾਂ ਦੇ ਮਨ ਵਿਚ ਕਿਸੇ ਨਾ ਕਿਸੇ ਸਮੇਂ ਜ਼ਰੂਰ ਆਉਂਦਾ ਹੈ। ਮਹਾਨ ਵਿਗਿਆਨੀ ਸਰ ਆਈਜ਼ੈਕ ਨਿਊਟਨ ਨੇ 300 ਸਾਲ ਪਹਿਲਾਂ ਅਨੁਮਾਨ ਲਾਇਆ ਸੀ ਕਿ ਧਰਤੀ ਦਾ ਅੰਤ ਕਦੋਂ ਹੋਵੇਗਾ। 1704 ਈ. 'ਚ ਉਨ੍ਹਾਂ ਨੇ ਇਕ ਪੱਤਰ ਵਿਚ ਦੁਨੀਆਂ ਦੇ ਅੰਤ ਦੀ ਭਵਿੱਖਬਾਣੀ ਕੀਤੀ ਸੀ। ਉਨ੍ਹਾਂ ਨੇ ਭਵਿੱਖਬਾਣੀ ਕੀਤੀ ਸੀ ਕਿ ਦੁਨੀਆਂ 2060 ਵਿਚ ਖਤਮ ਹੋ ਸਕਦੀ ਹੈ।

ਹਾਲਾਂਕਿ, ਉਨ੍ਹਾਂ ਨੇ "ਅੰਤ" ਸ਼ਬਦ ਦੀ ਬਜਾਏ "ਰੀਸੈਟ" ਸ਼ਬਦ ਦੀ ਵਰਤੋਂ ਕੀਤੀ, ਜਿਸ ਨਾਲ ਇਹ ਸੰਕੇਤ ਮਿਲਦਾ ਹੈ ਕਿ ਦੁਨੀਆਂ 2060 ਵਿਚ ਤਬਾਹੀ ਦੀ ਬਜਾਏ ਇੱਕ ਨਵੇਂ ਯੁੱਗ ਵਿਚ ਪ੍ਰਵੇਸ਼ ਕਰ ਸਕਦੀ ਹੈ। ਨਿਊਟਨ ਇੱਕ ਧਾਰਮਿਕ ਵਿਅਕਤੀ ਸਨ ਅਤੇ ਉਨ੍ਹਾਂ ਨੇ ਬਾਈਬਲ ਦੀ "ਬੁਕ ਆਫ ਡੈਨੀਅਲ" ਤੋਂ ਤਾਰੀਖਾਂ ਦੀ ਗਣਨਾ ਕਰਕੇ ਇਹ ਸਿੱਟਾ ਕੱਢਿਆ ਸੀ। ਪੱਤਰ 'ਚ ਉਨ੍ਹਾਂ ਲਿਖਿਆ ਕਿ ਇਹ ਦੁਨੀਆਂ ਕਿਸੇ ਬੀਮਾਰੀ ਜਾਂ ਜੰਗ ਕਾਰਨ ਖਤਮ ਹੋ ਜਾਵੇਗੀ। ਹਾਲਾਂਕਿ ਸੰਭਵ ਹੈ ਕਿ ਦੁਨੀਆਂ ਬਾਅਦ 'ਚ ਖਤਮ ਹੋਵੇ, ਮੈਨੂੰ ਇਸ ਦੇ ਜਲਦੀ ਖਤਮ ਹੋਣ ਦਾ ਕੋਈ ਕਾਰਨ ਵੀ ਨਜ਼ਰ ਨਹੀਂ ਆਉਂਦਾ। ਨਿਊਟਨ ਨੇ ਸਹੀ ਤਾਰੀਖ਼ ਜਾਣਨ ਲਈ ਇਤਿਹਾਸ ਦਾ ਅਧਿਐਨ ਕੀਤਾ ਅਤੇ ਚਰਚ ਦੇ ਅੰਤ ਦੀ ਤਾਰੀਖ਼ 800 ਈਸਵੀ ਕੱਢੀ, ਜਦੋਂ ਪਵਿੱਤਰ ਰੋਮਨ ਸਾਮਰਾਜ ਦੀ ਸਥਾਪਨਾ ਹੋਈ ਸੀ। ਇੱਥੋਂ, ਜਦੋਂ ਨਿਊਟਨ ਨੇ 1260 ਸਾਲ ਜੋੜੇ, ਤਾਂ ਨਤੀਜਾ ਸਾਲ 2060 ਈ.ਸੀ. ਦੇ ਰੂਪ ਵਿਚ ਨਿਕਲਿਆ। ਇਸ ਤਰ੍ਹਾਂ, ਨਿਊਟਨ ਦੀ ਭਵਿੱਖਬਾਣੀ ਅਨੁਸਾਰ, ਦੁਨੀਆਂ 2060 ਵਿਚ ਖਤਮ ਹੋ ਜਾਵੇਗੀ।

# ਪੰਜਾਬ ਦੇ 3 ਜ਼ਿਲ੍ਹਿਆਂ 'ਚ ਨਗਰ ਕੌਂਸਲਾਂ ਦੀਆਂ ਆਮ ਚੋਣਾਂ 2 ਮਾਰਚ ਨੂੰ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਰਾਜ ਚੋਣ ਕਮਿਸ਼ਨ ਨੇ ਦੱਸਿਆ ਕਿ ਤਰਨਤਾਰਨ (ਜ਼ਿਲ੍ਹਾ ਤਰਨਤਾਰਨ), ਡੇਰਾ ਬਾਬਾ ਨਾਨਕ (ਜ਼ਿਲ੍ਹਾ ਗੁਰਦਾਸਪੁਰ) ਅਤੇ ਤਲਵਾੜਾ (ਜ਼ਿਲ੍ਹਾ ਹੁਸ਼ਿਆਰਪੁਰ) ਦੀਆਂ ਨਗਰ ਕੌਂਸਲਾਂ ਦੀਆਂ ਆਮ ਚੋਣਾਂ 2 ਮਾਰਚ ਨੂੰ ਕਰਵਾਈਆਂ ਜਾਣਗੀਆਂ।

ਵੋਟਿੰਗ ਸਵੇਰੇ 7:00 ਵਜੇ ਤੋਂ ਸ਼ਾਮ 4:00 ਵਜੇ ਤੱਕ ਹੋਵੇਗੀ। ਵੋਟਾਂ ਦੀ ਗਿਣਤੀ ਪੋਲਿੰਗ ਤੋਂ ਤੁਰੰਤ ਬਾਅਦ ਪੋਲਿੰਗ ਸਟੇਸ਼ਨਾਂ 'ਤੇ ਹੋਵੇਗੀ। ਵੋਟਾਂ ਦੀ ਗਿਣਤੀ ਲਈ ਕਮਿਸ਼ਨ ਵੱਲੋਂ ਵੱਖਰੇ ਨਿਰਦੇਸ਼ ਜਾਰੀ ਕੀਤੇ ਜਾਣਗੇ। ਰਾਜ ਚੋਣ ਕਮਿਸ਼ਨਰ, ਪੰਜਾਬ ਰਾਜ ਕਮਲ ਚੌਧਰੀ ਨੇ ਦੱਸਿਆ ਕਿ ਕਮਿਸ਼ਨ ਵੱਲੋਂ ਚੋਣਾਂ ਦੇ ਸ਼ਡਿਊਲ ਸਬੰਧੀ ਜਾਰੀ ਨੋਟੀਫਿਕੇਸ਼ਨ ਅਨੁਸਾਰ ਨਾਮਜ਼ਦਗੀਆਂ ਦਾਖਲ ਕਰਨ ਦੀ ਮਿਆਦ 20 ਫਰਵਰੀ ਤੱਕ ਹੋਵੇਗੀ। ਇਨ੍ਹਾਂ ਤਿੰਨਾਂ ਨਗਰ ਕੌਂਸਲਾਂ ਦੇ ਸਬੰਧਤ ਮਾਲ ਅਧਿਕਾਰ ਖੇਤਰਾਂ ਵਿਚ ਨੋਟੀਫਿਕੇਸ਼ਨ ਦੀ ਮਿਤੀ ਤੋਂ ਆਦਰਸ਼ ਚੋਣ ਜ਼ਾਬਤਾ ਲਾਗੂ ਹੋਵੇਗਾ। ਇਸ ਸਬੰਧੀ ਕਮਿਸ਼ਨ ਵੱਲੋਂ ਤਰਨਤਾਰਨ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਜ਼ਿਲ੍ਹਾ ਚੋਣ ਅਧਿਕਾਰੀਆਂ ਨੂੰ ਆਜ਼ਾਦ ਅਤੇ ਨਿਰਪੱਖ ਚੋਣਾਂ ਯਕੀਨੀ ਬਣਾਉਣ ਲਈ ਸਾਰੇ ਲੋੜੀਂਦੇ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।


Global Allianz

LAW FIRM LLP

ਕਾਨੂੰਨੀ ਸਲਾਹਾਂ

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense







Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188


EXPO
Furniture Gallery
We offer 0% interest financing and carry all major brands.
ਸੈਕਰਾਮੈਂਟੋ ’ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ ’ਤੇ ਇਕ ਵਾਰੀ ਜ਼ਰੂਰ ਆਓ
In business for over 30 years
New Year Special Sale
Best price guaranteed.
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਮੈਕਸੀਕੋ ਦੀ ਖਾੜੀ ਦਾ ਨਾਮ ਬਦਲਣ ’ਤੇ ਗੂਗਲ ਖਿਲਾਫ ਅਦਾਲਤ ਜਾਵੇਗੀ ਮੈਕਸੀਕੋ ਸਰਕਾਰ

**ਮੈਕਸੀਕੋ ਸਿਟੀ, (ਪੰਜਾਬ ਮੇਲ)**- ਮੈਕਸੀਕੋ ਸਰਕਾਰ ਨੇ ਗੂਗਲ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਹ ਉਪਭੋਗਤਾਵਾਂ ਲਈ ਆਪਣੇ ਗੂਗਲ ਮੈਪਸ ’ਤੇ ਮੈਕਸੀਕੋ ਦੀ ਖਾੜੀ ਦਾ ਨਾਮ ਬਦਲ ਕੇ ਅਮਰੀਕਾ ਦੀ ਖਾੜੀ ਕਰਦਾ ਹੈ, ਤਾਂ ਉਹ ਉਸਦੇ ਖਿਲਾਫ ਅਦਾਲਤ ਜਾਵੇਗੀ। ਗੂਗਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਾਰਜਕਾਰੀ ਆਦੇਸ਼ ਦੇ ਅਨੁਸਾਰ ਉਨ੍ਹਾਂ ਦੀ ਖਾੜੀ ਦਾ ਨਾਮ ਬਦਲਣ ਲਈ ਤਿਆਰ ਹੈ। ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ ਸੋਮਵਾਰ ਨੂੰ ਨੈਸ਼ਨਲ ਪੈਲੇਸ ਵਿਖੇ ਇੱਕ ਪ੍ਰੈਸ ਕਾਨਫਰੰਸ ਵਿਚ ਕਿਹਾ, “ਅਸੀਂ ਗੂਗਲ ਤੋਂ ਜਵਾਬ ਦੀ ਉਡੀਕ ਕਰਾਂਗੇ ਅਤੇ ਜੇਕਰ ਸਾਨੂੰ ਕੋਈ ਜਵਾਬ ਨਹੀਂ ਮਿਲਦਾ, ਤਾਂ ਅਸੀਂ ਕਾਨੂੰਨੀ ਕਾਰਵਾਈ ਕਰਾਂਗ। ਉਨ੍ਹਾਂ ਕੋਲ ਕੋਈ ਅਧਿਕਾਰ ਨਹੀਂ ਹੈ। ਗੂਗਲ ਨੂੰ ਮੈਕਸੀਕੋ ਅਤੇ ਕਿਊਬਾ ਲਈ ਪਲੇਟਫਾਰਮ ਦਾ ਨਾਮ ਬਦਲਣ ਦਾ ਅਧਿਕਾਰ ਨਹੀਂ ਹੈ ਅਤੇ ਇਸੇ ਕਾਰਨ ਇਹ ਸਥਿਤੀ ਪੈਦਾ ਹੋਈ ਹੈ।”

ਮੈਕਸੀਕੋ ਸਰਕਾਰ ਨੇ ਗੂਗਲ ਨੂੰ ਲਿਖੇ ਇੱਕ ਪੱਤਰ ਵਿਚ ਕਿਹਾ ਹੈ ਕਿ ਮੈਕਸੀਕੋ ਦੀ ਖਾੜੀ ਦਾ ਨਾਮ ਬਦਲ ਕੇ ਅਮਰੀਕਾ ਦੀ ਖਾੜੀ ਕਰਨ ਦਾ ਟਰੰਪ ਦਾ ਕਾਰਜਕਾਰੀ ਆਦੇਸ਼ ਅਮਰੀਕੀ ਖੇਤਰੀ ਪਾਣੀਆਂ ਦੇ ਅੰਦਰ ਜਾਂ ਤੱਟ ਤੋਂ 22 ਸਮੁੰਦਰੀ ਮੀਲ ਤੱਕ ਵੈਧ ਹੈ। ਕਾਰਜਕਾਰੀ ਹੁਕਮ ਸਿਰਫ਼ ਮਹਾਂਦੀਪੀ ਸ਼ੈਲਫ਼ ਦਾ ਨਾਮ ਬਦਲਦਾ ਹੈ, ਪੂਰੀ ਖਾੜੀ ਦਾ ਨਹੀਂ! ਇੱਥੇ, ਗੂਗਲ ਮੈਕਸੀਕਨ ਅਤੇ ਕਿਊਬਨ ਪਲੇਟਫਾਰਮਾਂ ਦਾ ਨਾਮ ਬਦਲ ਰਿਹਾ ਹੈ। ਅਸੀਂ ਇਸ ਨਾਲ ਸਹਿਮਤ ਨਹੀਂ ਹਾਂ।” ਇਹ ਧਿਆਨ ਦੇਣ ਯੋਗ ਹੈ ਕਿ 20 ਜਨਵਰੀ ਨੂੰ ਆਪਣੇ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਟਰੰਪ ਨੇ ਮੈਕਸੀਕੋ ਦੀ ਖਾੜੀ ਦਾ ਨਾਮ ਬਦਲ ਕੇ ਅਮਰੀਕਾ ਦੀ ਖਾੜੀ ਅਤੇ ਅਲਾਸਕਾ ਵਿਚ ਮਾਊਂਟ ਡੇਨਾਲੀ ਦਾ ਨਾਮ ਬਦਲ ਕੇ ਮਾਊਂਟ ਮੈਕਕਿਨਲੇ ਰੱਖਣ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਇੱਕ ਕਾਰਜਕਾਰੀ ਆਦੇਸ਼ ’ਤੇ ਦਸਤਖਤ

# ਲੰਡਨ ਤੋਂ ਅੰਮ੍ਰਿਤਸਰ ਸਿੱਧੀਆਂ ਉਡਾਣਾਂ ਦੀ ਗਿਣਤੀ ਵਧਾਉਣ ਸੰਬੰਧੀ ਸੇਵਾ ਟਰੱਸਟ ਯੂ.ਕੇ. ਅਤੇ ਅੰਮ੍ਰਿਤਸਰ ਫਲਾਈ ਇਨੀਸ਼ੀਏਟਿਵ ਦੇ ਯਤਨਾਂ ਨੂੰ ਪਿਆ ਬੂਰ

**ਲੰਡਨ, (ਪੰਜਾਬ ਮੇਲ)**- ਸੇਵਾ ਟਰੱਸਟ ਯੂ.ਕੇ. ਅਤੇ ਅੰਮ੍ਰਿਤਸਰ ਫਲਾਈ ਇਨੀਸ਼ੀਏਟਿਵ 2017 ਤੋਂ ਲਗਾਤਾਰ ਇੰਗਲੈਂਡ ਤੋਂ ਅੰਮ੍ਰਿਤਸਰ ਸਿੱਧੀਆਂ ਉਡਾਣਾਂ ਲਈ ਯਤਨਸ਼ੀਲ ਹਨ। ਜਿੱਥੇ ਦੋਨਾਂ ਸੰਸਥਾਵਾਂ ਨੇ ਏਅਰ ਇੰਡੀਆ, ਭਾਰਤੀ ਐਵੀਏਸ਼ਨ ਵਿਭਾਗ ਅਤੇ ਯੂ.ਕੇ. ਦੀਆਂ ਏਅਰਲਾਈਨਾਂ ਨੂੰ ਯੂ.ਕੇ.-ਪੰਜਾਬ ਲਈ ਵੱਧ ਰਹੀ ਹਵਾਈ ਸਫਰ ਦੀ ਲੋੜ ਨੂੰ ਮੰਗ ਪੱਤਰਾਂ ਅਤੇ ਮੀਟਿੰਗਾਂ ਰਾਹੀਂ ਜਾਣੂ ਕਰਵਾਇਆ ਹੈ, ਉਥੇ ਯੂ.ਕੇ. ਤੋਂ ਪੰਜਾਬ ਸਫਰ ਕਰ ਰਹੇ ਯਾਤਰੀਆਂ ਦੀ ਵੱਧ ਰਹੀ ਗਿਣਤੀ ਨਾਲ ਸੰਬੰਧਤ ਅੰਕੜੇ ਵੀ ਪੇਸ਼ ਕੀਤੇ ਹਨ।

ਸੇਵਾ ਟਰੱਸਟ ਯੂ.ਕੇ. ਦੇ ਚੇਅਰਮੈਨ ਕੌਂਸਲਰ ਚਰਨ ਕੰਵਲ ਸਿੰਘ ਸੇਖੋਂ (ਐੱਮ.ਬੀ.ਈ.) ਨੇ ਦੱਸਿਆ ਕਿ ਸੇਵਾ ਟਰੱਸਟ ਵੱਲੋਂ ਏਅਰ ਇੰਡੀਆ ਨੂੰ 2024 ਵਿਚ 2 ਮੰਗ ਪੱਤਰ ਭੇਜੇ ਗਏ ਸਨ, ਜਿਸ ਵਿਚ ਲੰਡਨ ਤੋਂ ਪੰਜਾਬ ਜਾਣ ਲਈ ਹੋਰ ਉਡਾਣਾਂ ਦੀ ਮੰਗ ਕੀਤੀ ਸੀ ਅਤੇ ਹੀਥਰੋ ਤੋਂ ਵੀ ਸਿੱਧੀ ਉਡਾਣ ਸ਼ੁਰੂ ਕਰਨ ਸੰਬੰਧੀ ਤੱਥ ਅਤੇ ਅੰਕੜੇ ਭੇਜੇ ਸਨ। ਸੇਖੋਂ ਨੇ ਦੱਸਿਆ ਕਿ ਏਅਰ ਇੰਡੀਆ ਵੱਲੋਂ ਜਾਰੀ ਕੀਤੇ ਗਏ ਵੇਰਵੇ ਅਨੁਸਾਰ ਲੰਡਨ ਗੈਟਵਿਕ ਤੋਂ ਅੰਮ੍ਰਿਤਸਰ ਲਈ 5 ਅਪ੍ਰੈਲ ਤੋਂ ਹਫਤੇ ਵਿਚ ਤਿੰਨ ਉਡਾਣਾਂ ਨੂੰ ਵਧਾ ਕੇ ਚਾਰ ਉਡਾਣਾਂ ਕਰ ਦਿੱਤਾ ਗਿਆ ਹੈ, ਜੋ ਇਸ ਗੱਲ ਦਾ ਪ੍ਰਤੀਕ ਹੈ ਕਿ ਲੰਡਨ ਤੋਂ ਪੰਜਾਬ ਜਾਣ ਵਾਲੇ ਮੁਸਾਫਿਰਾਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਇਆ ਹੈ।

ਸੇਵਾ ਟਰੱਸਟ ਨੇ ਪੰਜਾਬ ਲਈ ਸਿੱਧੀਆਂ ਉਡਾਣਾਂ ਲਈ ਦਿੱਲੀ ਦੇ ਮੁਕਾਬਲੇ ਡੇਢ ਗੁਣਾ ਵੱਧ ਕਿਰਾਏ ਦਾ ਮੁੱਦਾ ਵੀ ਉਠਾਇਆ ਹੈ। ਸੇਵਾ ਟਰੱਸਟ ਨੇ ਬ੍ਰਿਟਿਸ਼ ਅਤੇ ਵਰਜਨ ਏਅਰਲਾਈਨਾਂ ਨੂੰ ਵੀ ਪੰਜਾਬ ਸਿੱਧੀਆਂ ਉਡਾਣਾਂ ਲਈ ਮੰਗ ਪੱਤਰ ਭੇਜੇ ਹਨ।

# ਪੰਜਾਬ ’ਚ ਇਮੀਗ੍ਰੇਸ਼ਨ ਕੰਸਲਟੈਂਸੀ ਕੰਪਨੀਆਂ ਵਿਰੁੱਧ ਵੱਡੇ ਪੱਧਰ ’ਤੇ ਸਖਤ ਹੁਕਮ ਜਾਰੀ

**ਜਲੰਧਰ, (ਪੰਜਾਬ ਮੇਲ)**-ਇਮੀਗ੍ਰੇਸ਼ਨ ਕੰਸਲਟੈਂਸੀ ਕੰਪਨੀਆਂ ਵਿਰੁੱਧ ਵੱਡੇ ਪੱਧਰ ’ਤੇ ਕਾਰਵਾਈ ਦੇ ਆਦੇਸ਼ ਦਿੱਤੇ ਗਏ ਹਨ। ਜਲੰਧਰ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਮੀਗ੍ਰੇਸ਼ਨ ਕੰਸਲਟੈਂਸੀ ਸੇਵਾਵਾਂ ਨੂੰ ਨਿਯਮਿਤ ਕਰਨ ਦੀ ਦਿਸ਼ਾ ਵਿਚ ਇਕ ਮਹੱਤਵਪੂਰਨ ਕਦਮ ਚੁੱਕਦੇ ਹੋਏ ਅਧਿਕਾਰੀਆਂ ਨੂੰ ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਇਮੀਗ੍ਰੇਸ਼ਨ ਕੰਸਲਟੈਂਸੀ ਕੰਪਨੀਆਂ ਵਿਰੁੱਧ ਵੱਡੇ ਪੱਧਰ ’ਤੇ ਇਕ ਜਾਂਚ ਮੁਹਿੰਮ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਨਾਲ ਸਬੰਧਤ ਸਾਰੇ ਐੱਸ.ਡੀ.ਐੱਮਜ਼ ਨੂੰ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿਚ ਰਜਿਸਟਰਡ ਇਮੀਗ੍ਰੇਸ਼ਨ ਕੰਪਨੀਆਂ ਦੀ ਸਖ਼ਤੀ ਨਾਲ ਜਾਂਚ ਕਰਨ ਦੇ ਨਿਰਦੇਸ਼ ਵੀ ਦਿੱਤੇ।

ਡਾ. ਅਗਰਵਾਲ ਨੇ ਕਿਹਾ ਕਿ ਇਸ ਕਦਮ ਦਾ ਉਦੇਸ਼ ਵਿਦੇਸ਼ ਜਾਣ ਦੇ ਚਾਹਵਾਨ ਉਮੀਦਵਾਰਾਂ ਨੂੰ ਧੋਖਾਧੜੀ ਤੋਂ ਬਚਾਉਣਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਇਮੀਗ੍ਰੇਸ਼ਨ ਕੰਪਨੀਆਂ ਨਿਯਮਾਂ ਅਤੇ ਕਾਨੂੰਨਾਂ ਅਨੁਸਾਰ ਕੰਮ ਕਰਨ। ਉਨ੍ਹਾਂ ਕਿਹਾ ਕਿ ਇਹ ਮਹੱਤਵਪੂਰਨ ਹੈ ਕਿ ਵਿਦੇਸ਼ ਵਿਚ ਮੌਕਿਆਂ ਦੀ ਭਾਲ ਕਰਨ ਵਾਲੇ ਵਿਅਕਤੀਆਂ ਨੂੰ ਧੋਖਾਧੜੀ ਤੋਂ ਬਚਾਉਣ ਲਈ ਇਮੀਗ੍ਰੇਸ਼ਨ ਕੰਸਲਟੈਂਸੀ ਕੰਪਨੀਆਂ ਨਿਰਧਾਰਿਤ ਮਾਪਦੰਡਾਂ ਦੀ ਪਾਲਣਾ ਕਰਨ। ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੌਜਵਾਨਾਂ ਦੀ ਵੀ ਮਦਦ ਲਈ ਹੱਥ ਵਧਾਇਆ, ਜਿਨ੍ਹਾਂ ਨੂੰ ਹਾਲ ਹੀ ਵਿਚ ਸੰਯੁਕਤ ਰਾਜ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ ਸੀ। ਉਨ੍ਹਾਂ ਡਿਪੋਰਟ ਕੀਤੇ ਨੌਜਵਾਨਾਂ ਨੂੰ ਭਰੋਸਾ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਉਨ੍ਹਾਂ ਨੂੰ ਕਾਰੋਬਾਰ ਸ਼ੁਰੂ ਕਰਨ, ਰੋਜ਼ਗਾਰ ਪ੍ਰਾਪਤ ਕਰਨ ਅਤੇ ਹੁਨਰ ਵਿਕਾਸ ਵਿਚ ਸਹਾਇਤਾ ਰਾਹੀਂ ਉਨ੍ਹਾਂ ਦੇ ਕਰੀਅਰ ਨੂੰ ਮੁੜ ਬਣਾਉਣ ਵਿਚ ਵੱਧ ਤੋਂ ਵੱਧ ਸਹਾਇਤਾ ਦੇਵੇਗਾ। ਡਾ. ਅਗਰਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਸ ਔਖੇ ਸਮੇਂ ਵਿਚ ਇਨ੍ਹਾਂ ਨੌਜਵਾਨਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। ਨੌਜਵਾਨਾਂ ਨੂੰ ਹਰ ਸੰਭਵ ਮਦਦ ਪ੍ਰਦਾਨ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਰਾਜ ਹੁਨਰ ਵਿਕਾਸ ਮਿਸ਼ਨ ਅਧੀਨ ਵੱਖ-ਵੱਖ ਹੁਨਰ ਵਿਕਾਸ ਕੋਰਸਾਂ ਦੀ ਉਪਲੱਬਧਤਾ ਬਾਰੇ ਜਾਣਕਾਰੀ ਦਿੱਤੀ, ਜਿਸ ਰਾਹੀਂ ਉਨ੍ਹਾਂ ਨੂੰ ਰੋਜ਼ਗਾਰ ਮਿਲਣ ਦੀਆਂ ਸੰਭਾਵਨਾਵਾਂ ਵਧ ਸਕਦੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ ਵਿੱਤੀ ਸਹਾਇਤਾ ਵੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਚੁੱਕੇ ਗਏ ਇਸ ਮਹੱਤਵਪੂਰਨ ਕਦਮ ਦਾ ਉਦੇਸ਼ ਪੰਜਾਬ ਸਰਕਾਰ ਦੀ ਆਪਣੇ ਨਾਗਰਿਕਾਂ ਦੇ ਹਿੱਤਾਂ ਦੀ ਰਾਖੀ ਕਰਨ ਅਤੇ ਡਿਪੋਰਟ ਕੀਤੇ ਗਏ ਨੌਜਵਾਨਾਂ ਨੂੰ ਸਹਾਇਤਾ ਪ੍ਰਦਾਨ ਕਰਦੇ ਹੋਏ ਇਮੀਗ੍ਰੇਸ਼ਨ ਸੇਵਾਵਾਂ ਵਿਚ ਪਾਰਦਰਸ਼ਿਤਾ ਨੂੰ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਮਜ਼ਬੂਤ ਕਰਨਾ ਹੈ।

ਡਿਪਟੀ ਕਮਿਸ਼ਨਰ ਨੇ ਵਿਦੇਸ਼ ਜਾਣ ਦੇ ਚਾਹਵਾਨਾਂ ਨੂੰ ਅਪੀਲ ਕੀਤੀ ਕਿ ਉਹ ਵੱਡੇ ਵਿੱਤੀ ਅਤੇ ਨਿੱਜੀ ਨੁਕਸਾਨ ਤੋਂ ਬਚਣ ਲਈ ਇਮੀਗ੍ਰੇਸ਼ਨ ਲਈ ਹਮੇਸ਼ਾ ਕਾਨੂੰਨੀ ਸਾਧਨ ਚੁਣਨ। ਉਨ੍ਹਾਂ ਕਿਹਾ ਕਿ ਵਿਦੇਸ਼ ਜਾਣ ਲਈ ਰਜਿਸਟਰਡ ਇਮੀਗ੍ਰੇਸ਼ਨ ਕੰਸਲਟੈਂਸੀ ਨਾਲ ਸੰਪਰਕ ਕਰਨਾ ਚਾਹੀਦਾ ਹੈ, ਜਿਸ ਦੀ ਸੂਚੀ ਵੈੱਬਸਾਈਟ **www.jalandhar.nic.in** ਅਤੇ **www.emigrate.gov.in** ’ਤੇ ਉਪਲੱਬਧ ਹੈ। ਵਧੇਰੇ ਜਾਣਕਾਰੀ ਲਈ ਪ੍ਰੋਜੈਕਟਰ ਜਨਰਲ ਆਫ਼ ਇਮੀਗ੍ਰੈਂਟਸ ਦੀ ਹੈਲਪਲਾਈਨ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਨੇ ਵਿਦੇਸ਼ਾਂ ’ਚ ਨੌਕਰੀਆਂ ਦੀ ਭਾਲ ਕਰਨ ਵਾਲੇ ਉਮੀਦਵਾਰਾਂ ਲਈ ਪ੍ਰੀ-ਡਿਪਾਰਚਰ ਓਰੀਐਂਟੇਸ਼ਨ ਸਿਖਲਾਈ ਪ੍ਰੋਗਰਾਮ ਸ਼ੁਰੂ ਕੀਤਾ ਹੈ। ਦਿਲਚਸਪੀ ਰੱਖਣ ਵਾਲੇ ਉਮੀਦਵਾਰ ਰਜਿਸਟ੍ਰੇਸ਼ਨ ਲਈ ਬਿਊਰੋ ਦੀ ਹੈਲਪਲਾਈਨ ’ਤੇ ਵੀ ਸੰਪਰਕ ਕਰ ਸਕਦੇ ਹਨ। ਮੀਟਿੰਗ ਵਿਚ ਵਧੀਕ ਡਿਪਟੀ ਕਮਿਸ਼ਨਰ ਮੇਜਰ ਅਮਿਤ ਮਹਾਜਨ, ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਬਿਊਰੋ ਨੀਲਮ ਮਹੇ ਅਤੇ ਰੋਜ਼ਗਾਰ ਅਧਿਕਾਰੀ ਨਰੇਸ਼ ਕੁਮਾਰ ਵੀ ਮੌਜੂਦ ਸਨ।



# ਪੰਜਾਬ ’ਚ 2730 ਤੋਂ ਵੱਧ ਗੈਰ-ਕਾਨੂੰਨੀ ਏਜੰਟ

■ ਸਭ ਤੋਂ ਵੱਧ ਰਜਿਸਟਰਡ ਏਜੰਟ ਜਲੰਧਰ, ਮੋਹਾਲੀ ਅਤੇ ਹੁਸ਼ਿਆਰਪੁਰ ’ਚ

ਸੁਲਤਾਨਪੁਰ ਲੋਧੀ, (ਪੰਜਾਬ ਮੇਲ)-ਵਿਦੇਸ਼ ਜਾਣ ਦਾ ਸ਼ੌਂਕ ਸਭ ਤੋਂ ਵੱਧ ਪੰਜਾਬੀਆਂ ’ਚ ਰਿਹਾ ਹੈ ਭਾਵੇਂ ਉਹ ਕਾਨੂੰਨੀ ਢੰਗ ਨਾਲ ਹੋਵੇ ਜਾਂ ਗੈਰ-ਕਾਨੂੰਨੀ ਢੰਗ ਨਾਲ। ਪੰਜਾਬੀ ਨੌਜਵਾਨ ਗੈਰ-ਕਾਨੂੰਨੀ ਢੰਗ ਨਾਲ ਮਨੁੱਖੀ ਸਮੱਗਲਿੰਗ ਦਾ ਧੰਦਾ ਕਰਨ ਵਾਲੇ ਗੈਰ-ਮਨਜ਼ੂਰਸ਼ੁਦਾ ਏਜੰਟਾਂ ਦੇ ਹੱਥੇ ਚੜ੍ਹ ਕੇ ਆਪਣਾ ਸਾਰਾ ਕੁਝ ਵੇਚ ਕੇ ਦਾਅ ’ਤੇ ਲਗਾ ਦਿੰਦੇ ਹਨ ਪਰ ਉਨ੍ਹਾਂ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਸਾਡੇ ਸੂਬੇ ’ਚ ਅਜਿਹੇ ਧੰਦਾ ਕਰਨ ਵਾਲੇ ਏਜੰਟਾਂ ਦੀ ਗਿਣਤੀ 90 ਫ਼ੀਸਦੀ ਤੋਂ ਉੱਪਰ ਹੈ ਕਿਉਂਕਿ ਸੂਬੇ ’ਚ ਸਿਰਫ਼ 212 ਇਮੀਗ੍ਰੇਸ਼ਨ ਏਜੰਟ ਹੀ ਰਜਿਸਟਰਡ ਹਨ ਪਰ ਇਨ੍ਹਾਂ ’ਚੋਂ ਵੀ 65 ਦੇ ਲਾਇਸੈਂਸ ਐਕਸਪਾਇਰ ਹੋ ਚੁੱਕੇ ਹਨ। ਹਾਲਾਤ ਇਹ ਹਨ ਕਿ ਅੱਠ ਜ਼ਿਲ੍ਹਿਆਂ ’ਚ ਇਕ ਵੀ ਮਨਜ਼ੂਰਸ਼ੁਦਾ ਏਜੰਟ ਜਾਂ ਇਮੀਗ੍ਰੇਸ਼ਨ ਸੈਂਟਰ ਨਹੀਂ ਹੈ। ਅਮਰੀਕਾ ਵੱਲੋਂ ਹੁਣ ਡਿਪੋਰਟ ਕਰਨ ਤੋਂ ਬਾਅਦ ਸੂਬਾ ਸਰਕਾਰ ਇਨ੍ਹਾਂ ਏਜੰਟਾਂ ਵਿਰੁੱਧ ਕਾਰਵਾਈ ਕਰਨ ਲਈ ਤਿਆਰੀ ਕਰ ਰਹੀ ਹੈ ਪਰ ਸਵਾਲ ਤਾਂ ਇਹ ਹੈ ਕਿ ਇਹ ਕਾਰਵਾਈ ਪਹਿਲਾਂ ਕਿਉਂ ਨਹੀ ਹੋਈ।

ਸੂਬੇ ’ਚ ਕੁੱਲ੍ਹ 2730 ਤੋਂ ਵੱਧ ਇਮੀਗ੍ਰੇਸ਼ਨ ਏਜੰਟ ਗੈਰ-ਕਾਨੂੰਨੀ ਢੰਗ ਨਾਲ ਕੰਮ ਕਰ ਰਹੇ ਹਨ, ਜੋ ਲੋਕਾਂ ਨੂੰ ਬਾਹਰ ਭੇਜਣ ਲਈ ਮੋਟੀ ਰਕਮ ਵਸੂਲ ਰਹੇ ਹਨ। ਜਿਨ੍ਹਾਂ ਜ਼ਿਲ੍ਹਿਆਂ ’ਚ ਇਕ ਵੀ ਰਜਿਸਟਰਡ ਇਮੀਗ੍ਰੇਸ਼ਨ ਏਜੰਟ ਨਹੀਂ ਹੈ, ਉਨ੍ਹਾਂ ਵਿਚ ਪਠਾਨਕੋਟ, ਸ੍ਰੀ ਮੁਕਤਸਰ ਸਾਹਿਬ, ਤਰਨਤਾਰਨ, ਫਿਰੋਜ਼ਪੁਰ, ਫਰੀਦਕੋਟ, ਫਾਜ਼ਿਲਕਾ, ਮਾਲੇਰਕੋਟਲਾ ਅਤੇ ਮਾਨਸਾ ਸ਼ਾਮਲ ਹਨ। ਸਰਕਾਰ ਇਨ੍ਹਾਂ ਜ਼ਿਲ੍ਹਿਆਂ ’ਚ ਗੈਰ-ਕਾਨੂੰਨੀ ਏਜੰਟਾਂ ਖਿਲਾਫ ਕਾਰਵਾਈ ਕਰਨ ਦੀ ਵੀ ਤਿਆਰੀ ਕਰ ਰਹੀ ਹੈ।

ਇਸੇ ਤਰ੍ਹਾਂ ਫਤਿਹਗੜ੍ਹ ਸਾਹਿਬ ’ਚ ਸਿਰਫ਼ ਇਕ ਏਜੰਟ ਰਜਿਸਟਰਡ ਸੀ, ਜਿਸ ਦਾ ਲਾਇਸੈਂਸ ਵੀ ਸਸਪੈਂਡ ਹੋ ਚੁੱਕਾ ਹੈ। ਸੰਗਰੂਰ ’ਚ ਦੋ ਰਜਿਸਟਰਡ ਹਨ, ਜਿਨ੍ਹਾਂ ’ਚੋਂ ਇਕ ਦਾ ਲਾਇਸੈਂਸ ਡੀਐਕਟੀਵੇਟ ਕਰ ਦਿੱਤਾ ਗਿਆ ਹੈ। ਸ਼ਹੀਦ ਭਗਤ ਸਿੰਘ ਨਗਰ ’ਚ 3 ਏਜੰਟ ਰਜਿਸਟਰਡ ਹਨ, ਜਿਨ੍ਹਾਂ ’ਚੋਂ ਇਕ ਦਾ ਲਾਇਸੈਂਸ ਐਕਸਪਾਇਰ ਹੋ ਚੁੱਕਾ ਹੈ।

ਇਨ੍ਹਾਂ ਅੰਕੜਿਆਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਿਸ ਤਰ੍ਹਾਂ ਵਿਦੇਸ਼ ਭੇਜਣ ਦੇ ਨਾਂ ’ਤੇ ਨੌਜਵਾਨਾਂ ਨਾਲ ਖੇਡਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਮੋਗਾ ਜ਼ਿਲ੍ਹੇ ’ਚ ਦੋ ਏਜੰਟ ਰਜਿਸਟਰਡ ਹਨ, ਜਿਨ੍ਹਾਂ ’ਚ ਇਕ ਦਾ ਲਾਇਸੈਂਸ ਐਕਸਪਾਇਰ ਹੈ। ਕਪੂਰਥਲਾ ’ਚ ਸਿਰਫ਼ 3 ਤੇ ਪਟਿਆਲਾ ’ਚ ਸਿਰਫ਼ ਇਕ ਹੀ ਏਜੰਟ ਰਜਿਸਟਰਡ ਹੈ, ਜਿਨ੍ਹਾਂ ’ਚੋਂ ਇਕ ਦਾ ਲਾਇਸੈਂਸ ਬੇਨਤੀ ਕਰਨ ਮਗਰੋਂ ਰੱਦ ਕਰ ਦਿੱਤਾ ਗਿਆ। ਬਠਿੰਡਾ ’ਚ ਦੋ ਏਜੰਟ ਰਜਿਸਟਰਡ ਹਨ, ਜਦ ਕਿ ਦੋਵਾਂ ਦੇ ਲਾਇਸੈਂਸ ਹੀ ਐਕਸਪਾਇਰ ਹਨ।

ਸਭ ਤੋਂ ਵੱਧ ਏਜੰਟ ਜਲੰਧਰ, ਮੋਹਾਲੀ ਅਤੇ ਹੁਸ਼ਿਆਰਪੁਰ ’ਚ ਰਜਿਸਟਰਡ ਹਨ। ਜਲੰਧਰ ’ਚ ਕੁੱਲ੍ਹ 86 ਏਜੰਟਾਂ ਕੋਲ ਲਾਇਸੈਂਸ ਹਨ। ਇਨ੍ਹਾਂ ’ਚੋਂ 16 ਦੇ ਲਾਇਸੈਂਸ ਐਕਸਪਾਇਰ ਹੋ ਚੁੱਕੇ ਹਨ, ਜਿਸ ਕਾਰਨ ਉਹ ਵੀ ਲਾਇਸੈਂਸ ਰੀਨਿਊ ਕੀਤੇ ਬਿਨਾਂ ਹੀ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ 4 ਲਾਇਸੈਂਸ ਵੀ ਰੱਦ ਕੀਤੇ ਗਏ ਹਨ, ਜਦਕਿ 1 ਲਾਇਸੈਂਸ ਮੁਅੱਤਲ ਕੀਤਾ ਗਿਆ ਹੈ ਅਤੇ 2 ਨੂੰ ਬੇਨਤੀ ਤੋਂ ਬਾਅਦ ਰੱਦ ਕਰ ਦਿੱਤਾ ਗਿਆ ਹੈ। ਦੂਜੇ ਨੰਬਰ ’ਤੇ ਮੋਹਾਲੀ ’ਚ 31 ਏਜੰਟਾਂ ਕੋਲ ਲਾਇਸੈਂਸ ਹਨ, ਜਿਨ੍ਹਾਂ ’ਚੋਂ ਸੱਤ ਦੀ ਮਿਆਦ ਪੁੱਗ ਚੁੱਕੀ ਹੈ ਅਤੇ ਇਕ ਰੱਦ ਕਰ ਦਿੱਤਾ ਗਿਆ ਹੈ। ਹੁਸ਼ਿਆਰਪੁਰ ’ਚ 22 ਕੋਲ ਲਾਇਸੈਂਸ ਹਨ ਪਰ ਇਨ੍ਹਾਂ ’ਚੋਂ 8 ਦੇ ਲਾਇਸੈਂਸ ਦੀ ਮਿਆਦ ਪੁੱਗ ਚੁੱਕੀ ਹੈ। ਲੁਧਿਆਣਾ ’ਚ 20 ਏਜੰਟਾਂ ਕੋਲ ਲਾਇਸੈਂਸ ਹਨ। ਇਨ੍ਹਾਂ ’ਚੋਂ ਤਿੰਨ ਦੀ ਮਿਆਦ ਪੁੱਗ ਚੁੱਕੀ ਹੈ ਅਤੇ ਇਕ ਰੱਦ ਕਰ ਦਿੱਤੀ ਗਈ ਹੈ।

ਗੈਰ-ਕਾਨੂੰਨੀ ਏਜੰਟਾਂ ਦੀ ਪਛਾਣ ਕਰਨ ਲਈ ਮੰਤਰਾਲੇ ਵੱਲੋਂ ਸਮੇਂ-ਸਮੇਂ ’ਤੇ ਮੁਹਿੰਮਾਂ ਵੀ ਚਲਾਈਆਂ ਜਾਂਦੀਆਂ ਹਨ। ਹੁਣ ਸਰਕਾਰ ਫਿਰ ਤੋਂ ਗੈਰ-ਕਾਨੂੰਨੀ ਟਰੈਵਲ ਏਜੰਟਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਜਾ ਰਹੀ ਹੈ। ਅਮਰੀਕਾ ਤੋਂ ਡਿਪੋਰਟ ਕੀਤੇ ਗਏ ਲੋਕਾਂ ਦੀਆਂ ਸ਼ਿਕਾਇਤਾਂ ’ਤੇ ਗੈਰ-ਕਾਨੂੰਨੀ ਏਜੰਟਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ।

## ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਨੂੰ ਬਦਲਣ ਦੀਆਂ ਚਰਚਾਵਾਂ!

ਖੰਨਾ, (ਪੰਜਾਬ ਮੇਲ)- ਬੀਤੇ ਕੁਝ ਦਿਨ ਤੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਨੂੰ ਬਦਲਣ ਦੀਆਂ ਚਰਚਾਵਾਂ ਚੱਲ ਰਹੀਆਂ ਹਨ। ਇਸ ਵਿਚਾਲੇ ਮੌਜੂਦਾ ਪ੍ਰਧਾਨ ਅਤੇ ਲੁਧਿਆਣਾ ਦੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਇਕ ਵੱਡਾ ਬਿਆਨ ਸਾਹਮਣੇ ਆਇਆ ਹੈ। ਰਾਜਾ ਵੜਿੰਗ ਨੇ ਕਿਹਾ ਕਿ ਜੇਕਰ ਕੋਈ ਪ੍ਰਧਾਨ ਬਣਨਾ ਚਾਹੁੰਦਾ ਹੈ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਹਰ ਕਿਸੇ ਦਾ ਹੱਕ ਹੈ। ਪਰ ਜਦੋਂ ਕੋਈ ਮਾਈਕ ’ਤੇ ਆ ਕੇ ਬੋਲਦਾ ਹੈ, ਤਾਂ ਇਹ ਸਹੀ ਨਹੀਂ ਹੈ। ਰਾਜਾ ਵੜਿੰਗ ਨੇ ਪ੍ਰਧਾਨਗੀ ਦੇ ਦਾਅਵੇਦਾਰਾਂ ਨੂੰ ਨਸੀਹਤ ਦਿੰਦਿਆਂ ਕਿਹਾ ਕਿ, “ਪਾਰਟੀ ਹਾਈਕਮਾਨ ਕੋਲ ਜਾਓ ਅਤੇ ਆਪਣਾ ਦਾਅਵਾ ਪੇਸ਼ ਕਰੋ।” ਵੜਿੰਗ ਨੇ ਕਿਹਾ ਕਿ 2022 ਦੀਆਂ ਚੋਣਾਂ ਵਿਚ ਹਾਰ ਤੋਂ ਬਾਅਦ ਕੋਈ ਵੀ ਪ੍ਰਧਾਨ ਬਣਨ ਲਈ ਤਿਆਰ ਨਹੀਂ ਸੀ। ਉਨ੍ਹਾਂ ਨੇ ਖ਼ੁਦ ਵੀ ਜਵਾਬ ਦੇ ਦਿੱਤਾ ਸੀ। ਪਰ ਅੱਜ ਉਹ ਖ਼ੁਸ਼ ਹਨ ਕਿ ਕਾਂਗਰਸ ਇੰਨੀ ਮਜ਼ਬੂਤ ਹੋ ਗਈ ਹੈ ਕਿ 7 ਦਾਅਵੇਦਾਰ ਹਨ।

ਦੱਸ ਦਈਏ ਕਿ ਰਾਜਾ ਵੜਿੰਗ ਖੰਨਾ ਵਿਚ ਪਾਰਟੀ ਵਰਕਰਾਂ ਦੀ ਜ਼ਿਲ੍ਹਾ ਪੱਧਰੀ ਮੀਟਿੰਗ ’ਚ ਆਏ ਸਨ। ਇਸ ਮੀਟਿੰਗ ਵਿਚ ਕਾਂਗਰਸ ਦੇ ਨਵੇਂ ਸੂਬਾ ਸਹਿ-ਇੰਚਾਰਜ ਰਵਿੰਦਰ ਡਾਲਵੀ ਵੀ ਸ਼ਾਮਲ ਹੋਏ।


## NAME CHANGE

I, **Lavish** S/o Budh Ram, R/O 700 Kincheloe Ct. Apt No. N 204 Woodland, CA 95776 have changed my name from Lavish to Lavish Ram. All concerned please note.


## ਕੀ ਪੰਜਾਬ ’ਚ ‘ਪਾਰਟੀ ਫ਼ੰਡ’ ਮੰਗਣਾ ਰਿਸ਼ਵਤ ਨਹੀਂ!

■ ਪਾਵਰਕੌਮ ਦੇ ਡਿਪਟੀ ਚੀਫ਼ ਇੰਜੀਨੀਅਰ ਦੇ ਕੇਸ ਨੇ ਛੇੜੀ ਚਰਚਾ

ਚੰਡੀਗੜ੍ਹ, (ਪੰਜਾਬ ਮੇਲ)- ਕੀ ਪੰਜਾਬ ਵਿਚ ‘ਪਾਰਟੀ ਫ਼ੰਡ’ ਮੰਗਣਾ ਰਿਸ਼ਵਤ ਨਹੀਂ ਹੈ? ਵਿਜੀਲੈਂਸ ਬਿਊਰੋ ਵੱਲੋਂ ਪਾਵਰਕੌਮ ਦੇ ਵੰਡ ਹਲਕੇ ਦੇ ਫੜੇ ਗਏ ਡਿਪਟੀ ਚੀਫ਼ ਇੰਜਨੀਅਰ ਹਰਮਿੰਦਰ ਸਿੰਘ ਦੇ ਮਾਮਲੇ ਨੇ ਸੂਬੇ ’ਚ ਨਵੀਂ ਚਰਚਾ ਛੇੜ ਦਿੱਤੀ ਹੈ। ਵਿਜੀਲੈਂਸ ਇਸ ਕੇਸ ਦੀਆਂ ਤੰਦਾਂ ਨੂੰ ਘੋਖਣ ਲੱਗੀ ਹੈ ਪਰ ਫੜੇ ਗਏ ਡਿਪਟੀ ਚੀਫ਼ ਇੰਜਨੀਅਰ ਦੀ ਕਾਨੂੰਨੀ ਟੀਮ ਨੇ ਨਵਾਂ ਤਰਕ ਪੇਸ਼ ਕੀਤਾ ਹੈ ਕਿ ‘ਪਾਰਟੀ ਫ਼ੰਡ’ ਰਿਸ਼ਵਤ ਦੇ ਘੇਰੇ ’ਚ ਨਹੀਂ ਆਉਂਦੇ ਹਨ, ਜਦੋਂਕਿ ਵਿਜੀਲੈਂਸ ਅਧਿਕਾਰੀ ਆਖਦੇ ਹਨ ਕਿ ਕਾਨੂੰਨ ਮੁਤਾਬਿਕ ਅਜਿਹੇ ਤਰੀਕੇ ਨਾਲ ਪੈਸੇ ਮੰਗਣਾ ਜੁਰਮ ਹੈ। ਆਉਂਦੇ ਦਿਨਾਂ ’ਚ ਇੰਜੀਨੀਅਰ ਹਰਮਿੰਦਰ ਸਿੰਘ ਦੀ ਕਾਨੂੰਨੀ ਟੀਮ ਵੱਲੋਂ ਜ਼ਮਾਨਤ ਲਈ ਅਰਜ਼ੀ ਦਾਇਰ ਕੀਤੀ ਜਾਣੀ ਹੈ। ਅਹਿਮ ਸੂਤਰਾਂ ਅਨੁਸਾਰ ਇਸ ਮਾਮਲੇ ’ਚ ਇੱਕ ਸਿਆਸੀ ਨੇਤਾ ਵੀ ਖ਼ੌਫ਼ ਵਿਚ ਹੈ, ਜਿਸ ਵੱਲ ਸੂਈ ਘੁੰਮਦੀ ਨਜ਼ਰ ਆ ਰਹੀ ਹੈ। ਇਸੇ ਦੌਰਾਨ ਪਾਵਰਕੌਮ ਨੇ 2 ਫਰਵਰੀ ਨੂੰ ਇੰਜ. ਹਰਮਿੰਦਰ ਸਿੰਘ ਅਤੇ ਲਾਈਨਮੈਨ ਕੇਵਲ ਸ਼ਰਮਾ ਨੂੰ ਮੁਅੱਤਲ ਕਰ ਦਿੱਤਾ ਸੀ ਅਤੇ ਉਸ ਦਿਨ ਹੀ ਪਾਵਰਕੌਮ ਨੇ ਜਲੰਧਰ ਸਰਕਲ ਦੇ ਨਿਗਰਾਨ ਇੰਜੀਨੀਅਰ ਸੁਰਿੰਦਰ ਪਾਲ ਸੌਂਧੀ ਦੀ ਬਦਲੀ ਰੋਪੜ ਦੇ ਤਾਪ ਬਿਜਲੀ ਘਰ ਦੀ ਕਰ ਦਿੱਤੀ ਹੈ। ਪੀ.ਐੱਸ.ਈ.ਬੀ. ਇੰਜਨੀਅਰਜ਼ ਐਸੋਸੀਏਸ਼ਨ ਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ‘ਪਾਰਟੀ ਫ਼ੰਡ’ ਮਾਮਲੇ ਦੀ ਨਿਆਂਇਕ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਪ੍ਰੋਫੈਸ਼ਨਲ ਅਦਾਰੇ ਵਿਚ ਇਸ ਤਰ੍ਹਾਂ ਅਨੈਤਿਕ ਪ੍ਰੈਕਟਿਸ ਨਹੀਂ ਸਵੀਕਾਰੀ ਜਾ ਸਕਦੀ ਹੈ। ਚੇਤੇ ਰਹੇ ਕਿ ਵਿਜੀਲੈਂਸ ਬਿਊਰੋ ਨੇ ਪਹਿਲੀ ਫਰਵਰੀ ਨੂੰ ਡਿਪਟੀ ਚੀਫ਼ ਇੰਜਨੀਅਰ ਹਰਮਿੰਦਰ ਸਿੰਘ ਅਤੇ ਲਾਈਨਮੈਨ ਕੇਵਲ ਸ਼ਰਮਾ ’ਤੇ ਰਿਸ਼ਵਤ ਲੈਣ ਦਾ ਕੇਸ, ਨੰਬਰ ਛੇ ਜਲੰਧਰ ਰੇਂਜ ਵਿਚ ਦਰਜ ਕੀਤਾ ਸੀ।




# ਐੱਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦਿੱਤਾ ਅਸਤੀਫ਼ਾ

- **ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ 7 ਮੈਂਬਰੀ ਕਮੇਟੀ ਦੇ ਮੁਖੀ ਦੇ ਅਹੁਦੇ ਤੋਂ ਵੀ ਹੋਏ ਲਾਂਭੇ**
- **ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਕੀਤੀਆਂ ਟਿੱਪਣੀਆਂ ਨੂੰ ਬਣਾਇਆ ਆਧਾਰ**



**ਅੰਮ੍ਰਿਤਸਰ, (ਪੰਜਾਬ ਮੇਲ)-** ਗਿਆਨੀ ਹਰਪ੍ਰੀਤ ਸਿੰਘ ਨੂੰ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਫ਼ਾਰਗ ਕਰਨ ਦੇ ਫ਼ੈਸਲੇ ਮਗਰੋਂ ਪੈਦਾ ਹੋਏ ਹਾਲਾਤ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੀਤੇ ਸੋਮਵਾਰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਉਹ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਬਣਾਈ ਗਈ ਸੱਤ ਮੈਂਬਰੀ ਕਮੇਟੀ ਦੇ ਮੁਖੀ ਦੇ ਅਹੁਦੇ ਤੋਂ ਵੀ ਲਾਂਭੇ ਹੋ ਗਏ ਹਨ। ਇਸ ਨਾਲ ਪਿਛਲੇ ਸਾਲ ਦੋ ਦਸੰਬਰ ਤੋਂ ਬਾਅਦ ਬਦਲ ਰਹੇ ਹਾਲਾਤ ਦਰਮਿਆਨ ਪੰਥਕ ਸੰਕਟ ਹੋਰ ਵੀ ਡੂੰਘਾ ਹੋ ਗਿਆ ਹੈ। ਅਚਨਚੇਤੀ ਸੱਦੇ ਪੱਤਰਕਾਰ ਸੰਮੇਲਨ ਦੌਰਾਨ ਧਾਮੀ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਅਤੇ ਸੱਤ ਮੈਂਬਰੀ ਕਮੇਟੀ ਦੇ ਮੁਖੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਐਲਾਨ ਕੀਤਾ। ਭਾਵੇਂ ਉਨ੍ਹਾਂ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦੇਣ ਤੋਂ ਨਾਂਹ ਕੀਤੀ ਸੀ ਪਰ ਫਿਰ ਵੀ ਅਸਤੀਫ਼ਾ ਦੇਣ ਦੇ ਕਾਰਨ ਸਪੱਸ਼ਟ ਕਰਦਿਆਂ ਧਾਮੀ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਫਾਰਗ ਕਰਨ ਦੇ ਫ਼ੈਸਲੇ ਤੋਂ ਬਾਅਦ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਕਾਰਨ ਉਹ ਨੈਤਿਕ ਆਧਾਰ 'ਤੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਰਹੇ ਹਨ।

ਐਡ. ਧਾਮੀ ਨੇ ਕਿਹਾ ਕਿ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਬਹੁਸੰਮਤੀ ਨਾਲ ਗਿਆਨੀ ਹਰਪ੍ਰੀਤ ਸਿੰਘ ਨੂੰ ਫਾਰਗ ਕਰਨ ਦਾ ਫ਼ੈਸਲਾ ਲਿਆ ਗਿਆ ਸੀ ਪਰ ਇਸ ਦੇ ਬਾਵਜੂਦ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਇਸ ਨੂੰ ਮੰਦਭਾਗਾ ਤੇ ਦੁਖਦਾਈ ਦੱਸਿਆ ਗਿਆ ਸੀ। ਉਨ੍ਹਾਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਪੱਤਰ ਦੇ ਕੇ ਆਪਣੇ ਫ਼ੈਸਲੇ ਤੋਂ ਜਾਣੂ ਕਰਵਾ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਦਿੱਤਾ ਗਿਆ ਅਸਤੀਫ਼ਾ ਧਾਮੀ ਨੇ ਅੰਤ੍ਰਿੰਗ ਕਮੇਟੀ ਨੂੰ ਭੇਜਿਆ ਹੈ, ਜਦੋਂਕਿ ਸੱਤ ਮੈਂਬਰੀ ਕਮੇਟੀ ਤੋਂ ਦਿੱਤਾ ਗਿਆ ਅਸਤੀਫ਼ਾ ਉਨ੍ਹਾਂ ਅਕਾਲ ਤਖ਼ਤ ਦੇ ਸਕੱਤਰੇਤ ਨੂੰ ਸੌਂਪਿਆ ਹੈ। ਅਸਤੀਫ਼ਾ ਦੇਣ ਦਾ ਐਲਾਨ ਕਰਨ ਮਗਰੋਂ ਐਡਵੋਕੇਟ ਧਾਮੀ ਨੇ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਬਾਅਦ ਵਿਚ ਅਕਾਲ ਤਖ਼ਤ ਦੇ ਸਕੱਤਰੇਤ 'ਚ ਪੱਤਰ ਸੌਂਪਿਆ। ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ 'ਚ ਵਾਪਸ ਆਉਣ ਮਗਰੋਂ ਉਨ੍ਹਾਂ ਸਕੱਤਰ ਪ੍ਰਤਾਪ ਸਿੰਘ ਅਤੇ ਹੋਰ ਅਧਿਕਾਰੀਆਂ ਨਾਲ ਕੁਝ ਸਮਾਂ ਬੰਦ ਕਮਰਾ ਮੀਟਿੰਗ ਵੀ ਕੀਤੀ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਦੋ ਦਸੰਬਰ ਨੂੰ ਅਕਾਲ ਤਖ਼ਤ ਤੋਂ ਸ਼੍ਰੋਮਣੀ ਅਕਾਲੀ ਦਲ ਆਗੂ ਸੁਖਬੀਰ ਸਿੰਘ ਬਾਦਲ ਅਤੇ ਹੋਰਾਂ ਖ਼ਿਲਾਫ਼ ਕੀਤੀ ਗਈ ਕਾਰਵਾਈ ਮਗਰੋਂ ਪੰਥਕ ਹਾਲਾਤ ਲਗਾਤਾਰ ਬਦਲ ਰਹੇ ਹਨ। ਇਸ ਦੌਰਾਨ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਤਖ਼ਤਾਂ ਦੇ ਜਥੇਦਾਰਾਂ ਵਿਚਾਲੇ ਪਾੜਾ ਵਧਿਆ ਹੈ। ਸ਼੍ਰੋਮਣੀ ਕਮੇਟੀ ਦੋਵਾਂ ਧਿਰਾਂ ਵਿਚਾਲੇ ਇਕ ਪੁਲ ਵਾਂਗ ਕੰਮ ਕਰ ਰਹੀ ਸੀ ਪਰ ਪੈਦਾ ਹੋਏ ਤਣਾਅ ਅਤੇ ਦਬਾਅ ਕਾਰਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

## ਧਾਮੀ ਦਾ ਅਸਤੀਫ਼ਾ ਦੁਖਦਾਇਕ : ਗਿਆਨੀ ਹਰਪ੍ਰੀਤ ਸਿੰਘ



**ਚੰਡੀਗੜ੍ਹ, (ਪੰਜਾਬ ਮੇਲ)-** ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਦਿੱਤੇ ਗਏ ਅਸਤੀਫ਼ੇ ਨੂੰ ਦੁਖਦਾਈ ਕਰਾਰ ਦਿੱਤਾ ਹੈ। ਉਨ੍ਹਾਂ ਸੋਸ਼ਲ ਮੀਡੀਆ 'ਤੇ ਪਾਈ ਇਕ ਪੋਸਟ ਵਿਚ ਕਿਹਾ ਕਿ ਪੰਥਕ ਪ੍ਰੰਪਰਾਵਾਂ ਤੇ ਮਰਿਆਦਾ ਦੀ ਜਾਣਕਾਰੀ ਤੋਂ ਸੱਖਣੇ ਕੁਝ ਕੁ ਨੇਤਾਵਾਂ ਵੱਲੋਂ ਆਪਣੀਆਂ ਨਿੱਜੀ ਲਾਲਸਾਵਾਂ ਦੀ ਪੂਰਤੀ ਹਿੱਤ ਇਕ ਵਿਅਕਤੀ ਵਿਸ਼ੇਸ਼ ਦੀ ਰਾਜਨੀਤੀ ਨੂੰ ਜ਼ਿੰਦਾ ਰੱਖਣ ਲਈ ਪੰਥਕ ਸੰਸਥਾਵਾਂ ਨੂੰ ਪੇਤਲਾ ਕੀਤਾ ਜਾ ਰਿਹਾ ਹੈ। ਪੰਥਕ ਸੋਚ ਦੀ ਤਰਜਮਾਨੀ ਕਰਨ ਵਾਲਿਆਂ ਨੂੰ ਜ਼ਲੀਲ ਕਰਕੇ ਬਾਹਰ ਦਾ ਰਾਹ ਦਿਖਾਇਆ ਜਾ ਰਿਹਾ ਹੈ ਜਾਂ ਫਿਰ ਦਬਾਅ ਹੀ ਇਸ ਤਰ੍ਹਾਂ ਦਾ ਬਣਾਇਆ ਜਾਂਦਾ ਹੈ ਕਿ ਬੰਦਾ ਖ਼ੁਦ ਹੀ ਛੱਡ ਕੇ ਜਾਣ ਲਈ ਮਜਬੂਰ ਹੋ ਜਾਂਦਾ ਹੈ। ਉਨ੍ਹਾਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਆਪਣੀਆਂ ਗੁਰੂ ਪੰਥ ਦੀਆਂ ਸੰਸਥਾਵਾਂ 'ਤੇ ਮਿਹਰ ਭਰਿਆ ਹੱਥ ਰੱਖੇ।


## ਮੈਟਰੀਮੋਨੀਅਲ

ਜੱਟ ਸਿੱਖ, ਗਿੱਲ ਪਰਿਵਾਰ ਨੂੰ ਆਪਣੇ 24 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨੀਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'-10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। ਪਰਿਵਾਰਕ ਅਤੇ ਯੂ.ਐੱਸ.ਏ. ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ

ਫੋਨ : 604-763-7068 ਜਾਂ ਈ-ਮੇਲ ਕਰੋ : GILLCO1977@GMAIL.COM


## ਐੱਸ.ਜੀ.ਪੀ.ਸੀ. ਵੱਲੋਂ ਬਿਨਾਂ ਪਗੜੀ ਸਿੱਖ ਨੌਜਵਾਨ ਨੂੰ ਡਿਪੋਰਟ ਕਰਨ ਦੀ ਅਮਰੀਕਾ ਤੇ ਭਾਰਤ ਸਰਕਾਰ ਦੀ ਆਲੋਚਨਾ

- **ਬੇਅਦਬੀ ਸਬੰਧੀ ਅਮਰੀਕਾ ਨੂੰ ਲਿਖੇਗੀ ਪੱਤਰ**

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਰੀਕਾ ਤੋਂ ਡਿਪੋਰਟ ਹੋਣ ਤੋਂ ਬਾਅਦ ਹਵਾਈ ਅੱਡੇ ਪਹੁੰਚੇ ਨੌਜਵਾਨਾਂ ਦੇ ਪੈਰਾਂ ਵਿਚ ਹੱਥਕੜੀਆਂ ਅਤੇ ਬੇੜੀਆਂ ਲਗਾਉਣ ਲਈ ਅਮਰੀਕਾ ਅਤੇ ਭਾਰਤ ਸਰਕਾਰਾਂ ਦੀ ਆਲੋਚਨਾ ਕੀਤੀ ਹੈ।

ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਵੀ ਨੌਜਵਾਨ ਨੂੰ ਬਿਨਾਂ ਦਸਤਾਰ ਤੋਂ ਇੱਥੇ ਲਿਆਉਣ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਜਲਦੀ ਹੀ ਦਸਤਾਰ ਦੀ ਬੇਅਦਬੀ ਦਾ ਮੁੱਦਾ ਅਮਰੀਕੀ ਸਰਕਾਰ ਕੋਲ ਉਠਾਏਗੀ ਅਤੇ ਇਸ ਸਬੰਧੀ ਇੱਕ ਪੱਤਰ ਭੇਜਿਆ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਗਰੇਵਾਲ ਨੇ ਹਵਾਈ ਅੱਡੇ 'ਤੇ ਸਿੱਖ ਨੌਜਵਾਨਾਂ ਦੇ ਸਿਰਾਂ 'ਤੇ ਦਸਤਾਰਾਂ ਬੰਨ੍ਹੀਆਂ।

ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਜਾਣਨਾ ਚਾਹੁੰਦੇ ਸਨ ਕਿ ਉਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੁਲਾਕਾਤ ਦੇ ਬਾਵਜੂਦ ਉਕਤ ਮੁੱਦਾ ਕਿਉਂ ਨਹੀਂ ਉਠਾਇਆ? ਤੁਸੀਂ ਦੇਸ਼ ਵਾਸੀਆਂ, ਖਾਸ ਕਰਕੇ ਪੰਜਾਬੀਆਂ ਦੇ ਪੈਰਾਂ ਵਿਚ ਬੇੜੀਆਂ ਪਾਉਣ ਦੇ ਅਣਮਨੁੱਖੀ ਕਾਰੇ ਬਾਰੇ ਕਿਉਂ ਨਹੀਂ ਗੱਲ ਕੀਤੀ?

ਦਸਤਾਰ ਦੀ ਬੇਅਦਬੀ ਨੂੰ ਰੋਕਣ ਲਈ, ਸ਼੍ਰੋਮਣੀ ਕਮੇਟੀ ਨੇ ਹਵਾਈ ਅੱਡੇ 'ਤੇ ਸੀ.ਆਈ.ਐੱਸ.ਐੱਫ. ਤੋਂ ਦਸਤਾਰਾਂ ਲੈ ਕੇ ਨੌਜਵਾਨਾਂ ਦੇ ਸਿਰਾਂ 'ਤੇ ਬੰਨ੍ਹੀਆਂ ਹਨ। ਉਨ੍ਹਾਂ ਕਿਹਾ ਕਿ ਜਿੱਥੇ ਦੇਸ਼ ਨਿਕਾਲਾ ਦਿੱਤੇ ਗਏ ਲੋਕਾਂ ਨੂੰ ਲੰਗਰ ਵੰਡਿਆ ਜਾ ਰਿਹਾ ਹੈ, ਉੱਥੇ ਹੀ ਜਿਹੜੇ ਲੋਕ ਸ਼੍ਰੋਮਣੀ ਕਮੇਟੀ ਦੀਆਂ ਗੱਡੀਆਂ ਰਾਹੀਂ ਘਰ ਜਾਣਾ ਚਾਹੁੰਦੇ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਘਰਾਂ ਤੱਕ ਪਹੁੰਚਾਇਆ ਜਾਵੇਗਾ। ਐਂਬੂਲੈਂਸਾਂ ਅਤੇ ਹੋਰ ਬੱਸਾਂ ਤੋਂ ਇਲਾਵਾ, ਸ਼੍ਰੋਮਣੀ ਕਮੇਟੀ ਨੇ ਨੌਜਵਾਨਾਂ ਦੀ ਮਦਦ ਲਈ ਕਰਮਚਾਰੀ ਵੀ ਤਾਇਨਾਤ ਕੀਤੇ ਹਨ। ਗਰੇਵਾਲ ਨੇ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਜਲਦੀ ਹੀ ਦਸਤਾਰ ਦੀ ਬੇਅਦਬੀ ਦਾ ਮੁੱਦਾ ਅਮਰੀਕੀ ਸਰਕਾਰ ਅੱਗੇ ਉਠਾਏਗੀ ਅਤੇ ਇਸ ਸਬੰਧੀ ਜਲਦੀ ਹੀ ਅਮਰੀਕੀ ਸਰਕਾਰ ਨੂੰ ਇੱਕ ਪੱਤਰ ਭੇਜਿਆ ਜਾਵੇਗਾ।

## ਧਾਮੀ ਤੋਂ ਬਾਅਦ ਕਿਰਪਾਲ ਸਿੰਘ ਬਡੂੰਗਰ ਵੱਲੋਂ 7 ਮੈਂਬਰੀ ਕਮੇਟੀ ਤੋਂ ਫਾਰਗ ਕੀਤੇ ਜਾਣ ਦੀ ਗੱਲ ਕਹੀ

**ਪਟਿਆਲਾ, (ਪੰਜਾਬ ਮੇਲ)-** ਪੰਜਾਬ ਦੀ ਪੰਥਕ ਸਿਆਸਤ ਵਿਚ ਆਇਆ ਭੂਚਾਲ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ। ਹਰਜਿੰਦਰ ਸਿੰਘ ਧਾਮੀ ਵਲੋਂ ਐੱਸ.ਜੀ.ਪੀ.ਸੀ. ਦੀ ਪ੍ਰਧਾਨਗੀ ਅਤੇ ਸੱਤ ਮੈਂਬਰੀ ਕਮੇਟੀ ਦੇ ਮੁਖੀ ਵਜੋਂ ਅਸਤੀਫਾ ਦੇਣ ਤੋਂ ਬਾਅਦ ਸੱਤ ਮੈਂਬਰੀ ਕਮੇਟੀ ਦੇ ਮੈਂਬਰ ਕਿਰਪਾਲ ਸਿੰਘ ਬਡੂੰਗਰ ਨੇ ਵੀ ਫਾਰਗ ਕੀਤੇ ਜਾਣ ਦੀ ਗੱਲ ਆਖੀ ਹੈ। ਕਿਰਪਾਲ ਸਿੰਘ ਬਡੂੰਗਰ ਨੇ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਚਿੱਠੀ ਲਿੱਖ ਕੇ ਆਖਿਆ ਹੈ ਕਿ ਮੈਨੂੰ ਸੱਤ ਮੈਂਬਰੀ ਕਮੇਟੀ ਤੋਂ ਫਾਰਗ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ 7 ਮੈਂਬਰੀ ਕਮੇਟੀ ਦੀਆਂ ਦੋ ਮੀਟਿੰਗਾਂ ਪਹਿਲਾਂ ਵੀ ਹੋਈਆਂ ਹਨ ਪਰ ਕੋਈ ਸਾਰਥਕ ਹੱਲ ਨਹੀਂ ਨਿਕਲਿਆ।

## ਐੱਸ.ਜੀ.ਪੀ.ਸੀ. ਨੇ ਅਮਰੀਕਾ ਵੱਲੋਂ ਨੰਗੇ ਸਿਰ ਡਿਪੋਰਟ ਕੀਤੇ ਸਿੱਖ ਨੌਜਵਾਨਾਂ ਨੂੰ ਦਿੱਤੀਆਂ ਦਸਤਾਰਾਂ

**ਅੰਮ੍ਰਿਤਸਰ, (ਪੰਜਾਬ ਮੇਲ)-** ਅਮਰੀਕਾ ਵਲੋਂ ਡਿਪੋਰਟ ਕੀਤੇ ਗਏ ਭਾਰਤੀਆਂ ਨੂੰ ਲੈ ਕੇ ਦੂਜਾ ਅਮਰੀਕੀ ਜਹਾਜ਼ ਸ਼ਨੀਵਾਰ ਦੇਰ ਰਾਤ 11.45 ਵਜੇ ਅੰਮ੍ਰਿਤਸਰ ਦੇ ਅੰਤਰਰਾਸ਼ਟਰੀ ਸ੍ਰੀ ਗੁਰੂ ਰਾਮਦਾਸ ਏਅਰਪੋਰਟ 'ਤੇ ਉਤਰਿਆ। ਇਸ ਜਹਾਜ਼ 'ਚ ਕੁੱਲ 119 ਭਾਰਤੀ ਬਾਹਰ ਆਏ, ਜਿਨ੍ਹਾਂ 'ਚੋਂ ਪੰਜਾਬ ਦੇ 67 ਵਿਅਕਤੀ ਸ਼ਾਮਲ ਸਨ। ਅਮਰੀਕਾ ਤੋਂ ਡਿਪੋਰਟ ਕੀਤੇ ਗਏ ਇਨ੍ਹਾਂ ਲੋਕਾਂ ਦੀ ਇਕ ਤਸਵੀਰ ਸਾਹਮਣੇ ਆਈ ਹੈ, ਜਿਸ ਵਿਚ ਟਰਮੀਨਲ 'ਤੇ ਉਤਰਨ ਵਾਲੇ ਸਿੱਖ ਨੌਜਵਾਨਾਂ ਨੇ ਸਿਰਾਂ 'ਤੇ ਪੱਗਾਂ ਨਹੀਂ ਬੰਨ੍ਹੀਆਂ ਹੋਈਆਂ ਸਨ। ਉਨ੍ਹਾਂ ਨੂੰ ਹਵਾਈ ਅੱਡੇ 'ਤੇ ਨੰਗੇ ਸਿਰ ਉਤਾਰ ਦਿੱਤਾ ਗਿਆ। ਉਨ੍ਹਾਂ ਵਿਚੋਂ ਕੁਝ ਉੱਚੀ-ਉੱਚੀ ਰੋ ਰਹੇ ਸਨ, ਜਿਸ ਤੋਂ ਬਾਅਦ ਐੱਸ.ਜੀ.ਪੀ.ਸੀ. ਵੱਲੋਂ ਉਨ੍ਹਾਂ ਨੂੰ ਦਸਤਾਰਾਂ ਦਿੱਤੀਆਂ ਗਈਆਂ। ਐੱਸ.ਜੀ.ਪੀ.ਸੀ. ਮੈਂਬਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਮੈਨੂੰ ਰਾਤ ਨੂੰ 12 ਵਜੇ ਦੇ ਕਰੀਬ ਇਕ ਫੋਨ ਆਇਆ, ਜਿਸ ਵਿਚ ਕਾਲ ਕਰਨ ਵਾਲੇ ਨੇ ਕਿਹਾ ਕਿ ਅਮਰੀਕਾ ਤੋਂ ਜੋ ਸਿੱਖ ਨੌਜਵਾਨ ਡਿਪੋਰਟ ਹੋ ਕੇ ਆਏ ਹਨ, ਉਨ੍ਹਾਂ ਦੇ ਸਿਰਾਂ 'ਤੇ ਦਸਤਾਰਾਂ ਨਹੀਂ ਹਨ। ਫਿਰ ਅੰਮ੍ਰਿਤਸਰ ਏਅਰਪੋਰਟ 'ਤੇ ਤਾਇਨਾਤ ਐੱਸ.ਜੀ.ਪੀ.ਸੀ. ਦੇ ਅਧਿਕਾਰੀਆਂ ਨੇ ਏਅਰਪੋਰਟ ਦੀ ਫੋਰਸ ਦੇ ਸਹਿਯੋਗ ਨਾਲ ਨੰਗੇ ਸਿਰ ਡਿਪੋਰਟ ਹੋਏ ਸਿੱਖ ਨੌਜਵਾਨਾਂ ਨੂੰ ਦਸਤਾਰਾਂ ਦਿੱਤੀਆਂ। ਅਮਰੀਕਾ ਵੱਲੋਂ ਲਗਾਤਾਰ ਸਖ਼ਤੀ ਵਰਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਅਮਰੀਕਾ 'ਚੋਂ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਭਾਰਤੀਆਂ ਹੀ ਨਹੀਂ, ਸਗੋਂ ਕਈ ਹੋਰ ਮੁਲਕਾਂ ਦੇ ਲੋਕਾਂ ਨੂੰ ਵੀ ਡਿਪੋਰਟ ਕਰਕੇ ਉਨ੍ਹਾਂ ਦੇ ਮੁਲਕ ਭੇਜਿਆ ਜਾ ਰਿਹਾ ਹੈ।

## ਅਮਰੀਕਾ ਤੋਂ ਡਿਪੋਰਟ 116 ਭਾਰਤੀਆਂ 'ਚੋਂ 4 ਵਾਂਟੇਡ ਏਅਰਪੋਰਟ ਤੋਂ ਹੀ ਗ੍ਰਿਫ਼ਤਾਰ

**ਪਟਿਆਲਾ/ਲੁਧਿਆਣਾ, (ਪੰਜਾਬ ਮੇਲ)-** ਅਮਰੀਕਾ ਤੋਂ ਡਿਪੋਰਟ ਹੋ ਕੇ ਆਏ 116 ਭਾਰਤੀਆਂ 'ਚੋਂ ਚਾਰ 'ਵਾਂਟੇਡ' ਲੋਕਾਂ ਨੂੰ ਪੁਲਿਸ ਨੇ ਏਅਰਪੋਰਟ ਤੋਂ ਹੀ ਗ੍ਰਿਫ਼ਤਾਰ ਕਰ ਲਿਆ। ਇਹ ਲੋਕ ਸਜ਼ਾ ਤੋ ਬਚਣ ਲਈ ਦੇਸ਼ ਦੀ ਸਰਹੱਦ ਦੇ ਬਾਹਰ ਭੱਜ ਗਏ ਸਨ ਪਰ ਇਨ੍ਹਾਂ ਦਾ ਇਹ ਦਾਅ ਨਹੀਂ ਚੱਲਿਆ। ਗ੍ਰਿਫ਼ਤਾਰ ਕੀਤੇ ਗਏ ਲੋਕਾਂ 'ਚ ਆਪ ਆਗੂ ਦੀ ਹੱਤਿਆ ਦੇ ਕੇਸ 'ਚ ਰਾਜਪੁਰ ਦੇ ਦੋ ਚਚੇਰੇ ਭਰਾ, ਲੁਧਿਆਣਾ ਦਾ ਲੁੱਟ-ਖੋਹ ਦੇ ਮਾਮਲਿਆਂ 'ਚ ਭਗੌੜਾ ਕਰਾਰ ਤੇ ਦਸਵੀਂ ਦੀ ਵਿਦਿਆਰਥਣ ਨਾਲ ਛੇੜਛਾੜ ਤੇ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਵਾਲਾ ਮੁਲਜ਼ਮ ਸ਼ਾਮਲ ਹਨ।


ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :

www.punjabmailusa.com















# ਜਲਦੀ ਲੋਕ ਸਭਾ 'ਚ ਪੇਸ਼ ਹੋਵੇਗਾ "ਇਮੀਗ੍ਰੇਸ਼ਨ ਐਂਡ ਫੌਰਨਰਜ਼ ਬਿੱਲ 2025"

■ **ਬਿਨਾਂ ਪਾਸਪੋਰਟ-ਵੀਜ਼ਾ ਭਾਰਤ 'ਚ ਦਾਖਲ ਹੋਣ 'ਤੇ ਹੋਵੇਗੀ 5 ਸਾਲ ਦੀ ਕੈਦ ਤੇ 5 ਲੱਖ ਦਾ ਜੁਰਮਾਨਾ!**

ਨਵੀਂ ਦਿੱਲੀ, (ਪੰਜਾਬ ਮੇਲ)- ਜੇਕਰ ਕੋਈ ਵਿਦੇਸ਼ੀ ਬਿਨਾਂ ਵੈਧ ਪਾਸਪੋਰਟ ਜਾਂ ਵੀਜ਼ਾ ਦੇ ਭਾਰਤ ਵਿਚ ਦਾਖਲ ਹੁੰਦਾ ਹੈ, ਤਾਂ ਉਸਨੂੰ 5 ਸਾਲ ਤੱਕ ਦੀ ਕੈਦ ਅਤੇ 5 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਜੇਕਰ ਕੋਈ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਭਾਰਤ 'ਚ ਦਾਖਲ ਹੋਣ, ਰਹਿਣ ਜਾਂ ਛੱਡਣ ਦੀ ਕੋਸ਼ਿਸ਼ ਕਰਦਾ ਹੈ, ਤਾਂ 2 ਤੋਂ 7 ਸਾਲ ਦੀ ਸਜ਼ਾ ਅਤੇ 1 ਲੱਖ ਤੋਂ 10 ਲੱਖ ਰੁਪਏ ਤੱਕ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ।

ਸਖ਼ਤ ਸਜ਼ਾ ਦੀ ਇਹ ਵਿਵਸਥਾ "ਇਮੀਗ੍ਰੇਸ਼ਨ ਐਂਡ ਫੌਰਨਰਜ਼ ਬਿੱਲ 2025" ਦੇ ਤਹਿਤ ਲਿਆਂਦੀ ਜਾ ਰਹੀ ਹੈ, ਜਿਸ ਨੂੰ ਜਲਦੀ ਹੀ ਲੋਕ ਸਭਾ 'ਚ ਪੇਸ਼ ਕੀਤਾ ਜਾਵੇਗਾ। ਇਸ ਨਵੇਂ ਕਾਨੂੰਨ ਦਾ ਉਦੇਸ਼ ਪੁਰਾਣੇ ਕਾਨੂੰਨਾਂ ਨੂੰ ਖਤਮ ਕਰਕੇ ਇੱਕ ਨਵਾਂ ਅਤੇ ਸਖ਼ਤ ਕਾਨੂੰਨ ਬਣਾਉਣਾ ਹੈ।

ਇਸ ਨਾਲ 4 ਪੁਰਾਣੇ ਕਾਨੂੰਨ ਜਿਵੇਂ ਵਿਦੇਸ਼ੀ ਐਕਟ 1946, ਪਾਸਪੋਰਟ (ਭਾਰਤ ਵਿਚ ਪ੍ਰਵੇਸ਼) ਐਕਟ 1920, ਵਿਦੇਸ਼ੀ ਰਜਿਸਟ੍ਰੇਸ਼ਨ ਐਕਟ 1939 ਅਤੇ ਇਮੀਗ੍ਰੇਸ਼ਨ (ਕੈਰੀਅਰ ਜ਼ਿੰਮੇਵਾਰੀ) ਐਕਟ 2000 ਖਤਮ ਕਰ ਦਿੱਤੇ ਜਾਣਗੇ।

ਜੇਕਰ ਕੋਈ ਵਿਦੇਸ਼ੀ ਨਾਗਰਿਕ ਕਿਸੇ ਸਕੂਲ, ਕਾਲਜ, ਹਸਪਤਾਲ ਜਾਂ ਕਿਸੇ ਅਜਿਹੀ ਸੰਸਥਾ 'ਚ ਦਾਖਲਾ ਲੈਂਦਾ ਹੈ ਜਾਂ ਰਹਿੰਦਾ ਹੈ, ਤਾਂ ਉਸ ਸੰਸਥਾ ਨੂੰ ਇਸ ਬਾਰੇ ਜਾਣਕਾਰੀ ਰਜਿਸਟ੍ਰੇਸ਼ਨ ਅਧਿਕਾਰੀ ਨੂੰ ਦੇਣੀ ਪਵੇਗੀ। ਜੇਕਰ ਕੋਈ ਵਿਦੇਸ਼ੀ ਨਾਗਰਿਕ ਵੀਜ਼ਾ ਖਤਮ ਹੋਣ ਤੋਂ ਬਾਅਦ ਭਾਰਤ 'ਚ ਰਹਿੰਦਾ ਹੈ ਜਾਂ ਵੀਜ਼ਾ ਸ਼ਰਤਾਂ ਦੀ ਉਲੰਘਣਾ ਕਰਦਾ ਹੈ, ਤਾਂ ਉਸਨੂੰ 3 ਸਾਲ ਤੱਕ ਦੀ ਕੈਦ ਜਾਂ 3 ਲੱਖ ਰੁਪਏ ਤੱਕ ਦਾ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ।

ਜੇਕਰ ਕੋਈ ਵੀ ਟਰਾਂਸਪੋਰਟ ਆਪਰੇਟਰ (ਬੱਸ, ਰੇਲਗੱਡੀ, ਜਹਾਜ਼, ਜਹਾਜ਼) ਕਿਸੇ ਵਿਦੇਸ਼ੀ ਨਾਗਰਿਕ ਨੂੰ ਬਿਨਾਂ ਕਿਸੇ ਜਾਇਜ਼ ਦਸਤਾਵੇਜ਼ਾਂ ਦੇ ਭਾਰਤ ਲਿਆਉਂਦਾ ਹੈ, ਤਾਂ ਉਸਨੂੰ 5 ਲੱਖ ਰੁਪਏ ਤੱਕ ਦਾ ਜੁਰਮਾਨਾ ਭਰਨਾ ਪਵੇਗਾ। ਜੇਕਰ ਜੁਰਮਾਨਾ ਨਹੀਂ ਦਿੱਤਾ ਜਾਂਦਾ ਤਾਂ ਵਾਹਨ ਨੂੰ ਜ਼ਬਤ ਜਾਂ ਹਿਰਾਸਤ 'ਚ ਵੀ ਲਿਆ ਜਾ ਸਕਦਾ ਹੈ।

ਇਸ ਅਧੀਨ ਸਰਕਾਰ ਨੂੰ ਵਿਸ਼ੇਸ਼ ਸ਼ਕਤੀਆਂ ਮਿਲਣਗੀਆਂ, ਜਿਸ ਨਾਲ ਉਹ ਕਿਸੇ ਵਿਅਕਤੀ ਜਾਂ ਸਮੂਹ 'ਤੇ ਪਾਬੰਦੀਆਂ ਲਗਾ ਸਕਦੀ ਹੈ, ਜਿਵੇਂ ਕਿ:

- ਭਾਰਤ ਛੱਡਣ ਤੋਂ ਰੋਕ
- ਭਾਰਤ ਵਿਚ ਦਾਖਲ ਹੋਣ 'ਤੇ ਪਾਬੰਦੀ
- ਕੁਝ ਖਾਸ ਖੇਤਰਾਂ ਵਿਚ ਦਾਖਲੇ 'ਤੇ ਪਾਬੰਦੀ
- ਬਾਇਓਮੈਟ੍ਰਿਕ ਰਜਿਸਟ੍ਰੇਸ਼ਨ ਦੀ ਸ਼ਰਤ
- ਨਿੱਜੀ ਖਰਚੇ 'ਤੇ ਭਾਰਤ ਛੱਡਣ ਦਾ ਹੁਕਮ

ਇਹ ਕਾਨੂੰਨ ਵਿਦੇਸ਼ੀ ਨਾਗਰਿਕਾਂ ਦੀ ਵੱਧ ਰਹੀ ਗਿਣਤੀ ਅਤੇ ਜਾਅਲੀ ਦਸਤਾਵੇਜ਼ਾਂ ਦੇ ਮਾਮਲਿਆਂ ਨੂੰ ਰੋਕਣ ਲਈ ਲਿਆਂਦਾ ਜਾ ਰਿਹਾ ਹੈ। ਇਸਦਾ ਮਕਸਦ ਦੇਸ਼ ਦੀ ਸੁਰੱਖਿਆ ਨੂੰ ਮਜ਼ਬੂਤ ਕਰਨਾ ਅਤੇ ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਨਜ਼ਰ ਰੱਖਣਾ ਹੈ।

**ਇਸ ਕਾਨੂੰਨ ਦੇ ਆਉਣ ਨਾਲ ਹੇਠਲੇ ਬਦਲਾਅ ਹੋਣਗੇ :**

- ਭਾਰਤ ਵਿਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ।
- ਜਾਅਲੀ ਦਸਤਾਵੇਜ਼ਾਂ ਨਾਲ ਦਾਖਲ ਹੋਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।
- ਵਿਦਿਅਕ ਸੰਸਥਾਵਾਂ, ਹਸਪਤਾਲਾਂ ਅਤੇ ਟਰਾਂਸਪੋਰਟ ਸੰਚਾਲਕਾਂ ਦੀਆਂ ਜ਼ਿੰਮੇਵਾਰੀਆਂ ਵਧ ਜਾਣਗੀਆਂ ਅਤੇ ਉਨ੍ਹਾਂ ਨੂੰ ਵਿਦੇਸ਼ੀ ਨਾਗਰਿਕਾਂ ਬਾਰੇ ਜਾਣਕਾਰੀ ਦੇਣੀ ਪਵੇਗੀ।
- ਸੁਰੱਖਿਆ ਏਜੰਸੀਆਂ ਵੀ ਹੋਰ ਚੌਕਸ ਹੋ ਜਾਣਗੀਆਂ, ਜਿਸ ਨਾਲ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਵਿਚ ਮਦਦ ਮਿਲੇਗੀ।

# ਮਸ਼ਹੂਰ ਗਾਇਕ ਸਿੱਪੀ ਗਿੱਲ ਦੇ ਪਿਤਾ ਨਾਲ ਕਰੋੜਾਂ ਦੀ ਠੱਗੀ

## -ਮਾਂ-ਪੁੱਤ ਗ੍ਰਿਫ਼ਤਾਰ

ਅੰਮ੍ਰਿਤਸਰ, (ਪੰਜਾਬ ਮੇਲ)- ਮਹਹੂਰ ਪੰਜਾਬੀ ਗਾਇਕ ਸਿੱਪੀ ਗਿੱਲ ਦੇ ਪਿਤਾ ਨਾਲ 1 ਕਰੋੜ 3 ਲੱਖ 73000 ਦੀ ਠੱਗੀ ਮਾਰਨ ਵਾਲੇ ਮਾਂ-ਪੁੱਤ ਗ੍ਰਿਫ਼ਤਾਰ ਕੀਤਾ ਗਿਆ ਹੈ। ਫੜੀ ਗਈ ਮੁਲਜ਼ਮ ਜਸਵੀਰ ਕੌਰ ਦਾ ਪਤੀ ਅਤੇ ਨੂੰਹ ਦੀ ਗ੍ਰਿਫ਼ਤਾਰੀ ਲਈ ਪੁਲਿਸ ਵੱਲੋਂ ਛਾਪੇਮਾਰੀ ਜਾ ਰਹੀ ਹੈ।

ਥਾਣਾ ਮਹਿਣਾ ਦੀ ਪੁਲਿਸ ਵੱਲੋਂ ਪਿੰਡ ਝੱਬੇਵਾਲੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਰਹਿਣ ਵਾਲੇ ਪਤੀ-ਪਤਨੀ ਉਸ ਦੇ ਬੇਟੇ ਤੇ ਉਸ ਦੀ ਨੂੰਹ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਨੇ ਪੁਰਾਣੇ ਵਹੀਕਲ ਜਿਵੇਂ ਬੇਲਰ ਟਰੈਕਟਰ ਟਰਾਲੇ ਆਦਿ ਖਰੀਦ ਕੇ ਜਾਅਲੀ ਦਸਤਾਵੇਜ਼ਾਂ ਰਾਹੀਂ ਸਿੱਪੀ ਗਿੱਲ ਦੇ ਪਿਤਾ ਜੋਗਿੰਦਰ ਸਿੰਘ ਨੂੰ ਝਾਂਸੇ ਵਿਚ ਲੈ ਕੇ ਠੱਗੀ ਮਾਰੀ ਹੈ।

ਸਿੱਪੀ ਗਿੱਲ ਪਿਛਲੇ ਕਈ ਸਾਲਾਂ ਤੋਂ ਪੰਜਾਬੀ ਇੰਡਸਟਰੀ 'ਚ ਸਰਗਰਮ ਹਨ ਅਤੇ ਇੱਕ ਤੋਂ ਬਾਅਦ ਇੱਕ ਹਿੱਟ ਗੀਤਾਂ ਨਾਲ ਸਰੋਤਿਆਂ ਦਾ ਮਨੋਰੰਜਨ ਕਰਦੇ ਆ ਰਹੇ ਹਨ।

# 1984 ਸਿੱਖ ਵਿਰੋਧੀ ਦੰਗੇ: ਸੁਪਰੀਮ ਕੋਰਟ ਵੱਲੋਂ ਕੇਂਦਰ ਤੇ ਦਿੱਲੀ ਸਰਕਾਰ ਨੂੰ ਮੁੜ ਪਟੀਸ਼ਨ ਦਾਖਲ ਕਰਨ ਦੇ ਨਿਰਦੇਸ਼

■ **ਅਦਾਲਤ ਨੇ 6 ਹਫਤਿਆਂ ਅੰਦਰ ਚੀਫ ਜਸਟਿਸ ਕੋਲ ਪਟੀਸ਼ਨ ਦਾਇਰ ਕਰਨ ਲਈ ਕਿਹਾ**

■ **6 ਕੇਸਾਂ ਦੀ ਰਿਹਾਈ ਨੂੰ ਚੁਣੌਤੀ ਦੇਵੇਗੀ ਦਿੱਲੀ ਸਰਕਾਰ**

ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਹ 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਰਿਹਾਈ ਦੇ 6 ਕੇਸਾਂ ਨੂੰ ਚੁਣੌਤੀ ਦੇਵੇਗੀ। ਸੁਪਰੀਮ ਕੋਰਟ ਨੇ ਕੇਂਦਰ ਤੇ ਦਿੱਲੀ ਸਰਕਾਰ ਨੂੰ 6 ਹਫ਼ਤਿਆਂ ਵਿਚ ਅਪੀਲ ਦਾਇਰ ਕਰਨ ਦੇ ਨਿਰਦੇਸ਼ ਕਰਦਿਆਂ ਕਿਹਾ ਕਿ ਮੌਜੂਦਾ ਕੇਸ ਨਾਲ ਜੋੜਨ ਲਈ ਵਿਸ਼ੇਸ਼ ਲੀਵ ਪਟੀਸ਼ਨਾਂ ਚੀਫ਼ ਜਸਟਿਸ ਸੰਜੀਵ ਖੰਨਾ ਸਾਹਮਣੇ ਰੱਖੀਆਂ ਜਾਣ। ਦੂਜੇ ਪਾਸੇ ਪਟੀਸ਼ਨਰ ਕਾਹਲੋਂ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਐੱਚ.ਐੱਸ. ਫੂਲਕਾ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਨ੍ਹਾਂ ਮਾਮਲਿਆਂ ਸਬੰਧੀ ਸਹੀ ਢੰਗ ਨਾਲ ਮੁਕੱਦਮਾ ਨਹੀਂ ਚਲਾਇਆ। ਇਹ ਮਾਮਲੇ ਮਨੁੱਖਤਾ ਵਿਰੁੱਧ ਅਪਰਾਧ ਹਨ। ਸਰਵਉੱਚ ਅਦਾਲਤ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਗੁਰਲਾਡ ਸਿੰਘ ਕਾਹਲੋਂ ਵੱਲੋਂ ਦਾਇਰ ਜਨਹਿੱਤ ਪਟੀਸ਼ਨ ਦੀ ਸੁਣਵਾਈ ਕੀਤੀ। ਸੁਪਰੀਮ ਕੋਰਟ ਨੇ ਸਾਲ 2018 ਵਿਚ ਉਸ ਦੀ ਪਟੀਸ਼ਨ 'ਤੇ 199 ਮਾਮਲਿਆਂ ਦੀ ਜਾਂਚ ਲਈ ਐੱਸ.ਆਈ.ਟੀ. ਦਾ ਗਠਨ ਕਰਨ ਲਈ ਕਿਹਾ ਸੀ ਕਿਉਂਕਿ ਇਸ ਤੋਂ ਪਹਿਲਾਂ ਇਨ੍ਹਾਂ ਮਾਮਲਿਆਂ ਦੀ ਜਾਂਚ ਬੰਦ ਕਰ ਦਿੱਤੀ ਗਈ ਸੀ।

ਵਧੀਕ ਸਾਲਿਸਿਟਰ ਜਨਰਲ ਐਸ਼ਵਰਿਆ ਭਾਟੀ ਨੇ ਦਿੱਲੀ ਸਰਕਾਰ ਦੀ ਨੁਮਾਇੰਦਗੀ ਕਰਦਿਆਂ ਜਸਟਿਸ ਅਭੈ ਐਸ ਓਕਾ ਅਤੇ ਉਜਲ ਭੂਯਾਨ ਦੇ ਬੈਂਚ ਨੂੰ ਦੱਸਿਆ ਕਿ ਇਨ੍ਹਾਂ ਮਾਮਲਿਆਂ 'ਚ ਰਿਹਾਈ ਨੂੰ ਸਰਵਉੱਚ ਅਦਾਲਤ ਵਿਚ ਚੁਣੌਤੀ ਦੇਣ ਦਾ ਫੈਸਲਾ ਲਿਆ ਗਿਆ ਹੈ।

ਅਦਾਲਤ ਨੇ ਇਸ ਤੋਂ ਪਹਿਲਾਂ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਕੇਸਾਂ ਵਿਚ ਬਰੀ ਹੋਣ ਵਿਰੁੱਧ ਅਪੀਲਾਂ ਦਾਇਰ ਨਾ ਕਰਨ ਲਈ ਦਿੱਲੀ ਪੁਲਿਸ ਦੀ ਝਾੜਝੰਬ ਕਰਦਿਆਂ ਕਿਹਾ ਸੀ ਕਿ ਇਸ ਸਬੰਧੀ ਪੁਲਿਸ ਨੂੰ ਗੰਭੀਰ ਹੋ ਕੇ ਕੰਮ ਕਰਨਾ ਚਾਹੀਦਾ ਸੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
www.punjabmailusa.com



# ਚੀਨ ਤੇ ਰੂਸ ਨਾਲ ਪ੍ਰਮਾਣੂ ਕੰਟਰੋਲ ਗੱਲਬਾਤ ਸ਼ੁਰੂ ਕਰੇਗਾ ਅਮਰੀਕਾ

ਨਵੀਂ ਦਿੱਲੀ, (ਪੰਜਾਬ ਮੇਲ)- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀਰਵਾਰ ਨੂੰ ਕਿਹਾ ਕਿ ਉਹ ਰੂਸ ਅਤੇ ਚੀਨ ਨਾਲ ਪ੍ਰਮਾਣੂ ਹਥਿਆਰ ਕੰਟਰੋਲ ਗੱਲਬਾਤ ਮੁੜ ਸ਼ੁਰੂ ਕਰਨਾ ਚਾਹੁੰਦੇ ਹਨ। ਉਨ੍ਹਾਂ ਇਹ ਵੀ ਉਮੀਦ ਪ੍ਰਗਟਾਈ ਕਿ ਤਿੰਨੋਂ ਦੇਸ਼ ਅੰਤ ਵਿਚ ਆਪਣੇ ਰੱਖਿਆ ਬਜਟ ਨੂੰ ਅੱਧਾ ਕਰਨ ਲਈ ਸਹਿਮਤ ਹੋ ਸਕਦੇ ਹਨ। ਓਵਲ ਦਫ਼ਤਰ ਵਿਚ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ, ਟਰੰਪ ਨੇ ਕਿਹਾ ਕਿ ਉਹ ਅਮਰੀਕੀ ਪ੍ਰਮਾਣੂ ਰੋਕੂ ਪ੍ਰਣਾਲੀ ਦੇ ਪੁਨਰ ਨਿਰਮਾਣ ਲਈ ਖਰਚ ਕੀਤੇ ਜਾ ਰਹੇ ਅਰਬ ਡਾਲਰਾਂ ਬਾਰੇ ਚਿੰਤਤ ਹਨ। ਉਨ੍ਹਾਂ ਕਿਹਾ ਕਿ ਉਹ ਅਮਰੀਕਾ ਦੇ ਵਿਰੋਧੀ ਦੇਸ਼ਾਂ ਤੋਂ ਇਸ ਮਾਮਲੇ ਵਿਚ ਖਰਚੇ ਘਟਾਉਣ ਦੀ ਵਚਨਬੱਧਤਾ ਚਾਹੁੰਦੇ ਹਨ।

ਟਰੰਪ ਨੇ ਕਿਹਾ, "ਸਾਡੇ ਕੋਲ ਪਹਿਲਾਂ ਹੀ ਕਾਫ਼ੀ ਪ੍ਰਮਾਣੂ ਹਥਿਆਰ ਹਨ, ਸਾਨੂੰ ਨਵੇਂ ਬਣਾਉਣ ਦੀ ਜ਼ਰੂਰਤ ਨਹੀਂ ਹੈ। ਸਾਡੇ ਕੋਲ ਦੁਨੀਆਂ ਨੂੰ 50 ਜਾਂ 100 ਵਾਰ

**■ ਰੱਖਿਆ ਬਜਟ 'ਚ ਕਟੌਤੀ ਦੀ ਆਸ**

ਤਬਾਹ ਕਰਨ ਦੀ ਸਮਰੱਥਾ ਹੈ, ਅਤੇ ਅਸੀਂ ਅਜੇ ਵੀ ਨਵੇਂ ਹਥਿਆਰ ਬਣਾ ਰਹੇ ਹਾਂ, ਜਦੋਂਕਿ ਰੂਸ ਅਤੇ ਚੀਨ ਵੀ ਇਹੀ ਕਰ ਰਹੇ ਹਨ।" ਟਰੰਪ ਨੇ ਇਹ ਵੀ ਕਿਹਾ ਕਿ ਇਹ ਇੱਕ ਬਹੁਤ ਵੱਡਾ ਖਰਚਾ ਹੈ, ਜੋ ਹੋਰ ਮਹੱਤਵਪੂਰਨ ਕੰਮਾਂ ਲਈ ਵਰਤਿਆ ਜਾ ਸਕਦਾ ਸੀ ਅਤੇ ਉਮੀਦ ਕੀਤੀ ਕਿ ਇਹ ਖਰਚ ਕੁਝ ਹੋਰ ਉਤਪਾਦਕ ਕੰਮਾਂ ਲਈ ਜਾਵੇਗਾ।

ਟਰੰਪ ਨੇ ਇਹ ਵੀ ਅੰਦਾਜ਼ਾ ਲਾਇਆ ਕਿ ਚੀਨ ਅਗਲੇ 5-6 ਸਾਲਾਂ ਵਿਚ ਪ੍ਰਮਾਣੂ ਹਥਿਆਰਾਂ ਦੀ ਸਮਰੱਥਾ ਦੇ ਮਾਮਲੇ ਵਿਚ ਅਮਰੀਕਾ ਅਤੇ ਰੂਸ ਦੇ ਬਰਾਬਰ ਹੋ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਜੇ ਕਦੇ ਹਥਿਆਰਾਂ ਦੀ ਵਰਤੋਂ ਕਰਨੀ ਪਈ, ਤਾਂ "ਸ਼ਾਇਦ ਸਭ ਕੁਝ ਖਤਮ ਹੋ ਜਾਵੇਗਾ।"

ਟਰੰਪ ਨੇ ਇਹ ਵੀ ਕਿਹਾ ਕਿ ਮੱਧ ਪੂਰਬ ਅਤੇ ਯੂਕਰੇਨ ਵਿਚ ਸਥਿਤੀ ਸੁਧਰਨ ਤੋਂ ਬਾਅਦ ਉਹ ਰੂਸ ਅਤੇ ਚੀਨ ਨਾਲ ਪ੍ਰਮਾਣੂ ਗੱਲਬਾਤ ਸ਼ੁਰੂ ਕਰਨ 'ਤੇ ਵਿਚਾਰ ਕਰਨਗੇ। ਉਨ੍ਹਾਂ ਕਿਹਾ, "ਪਹਿਲੀ ਮੁਲਾਕਾਤ ਜੋ ਮੈਂ ਕਰਨਾ ਚਾਹਾਂਗਾ, ਉਹ ਚੀਨ ਦੇ ਰਾਸ਼ਟਰਪਤੀ ਸ਼ੀ ਅਤੇ ਰੂਸ ਦੇ ਰਾਸ਼ਟਰਪਤੀ ਪੁਤਿਨ ਨਾਲ ਹੈ। ਮੈਂ ਉਨ੍ਹਾਂ ਨੂੰ ਕਹਾਂਗਾ, ਆਓ ਆਪਣੇ ਫੌਜੀ ਬਜਟ ਨੂੰ ਅੱਧਾ ਕਰ ਦੇਈਏ ਅਤੇ ਮੈਨੂੰ ਵਿਸ਼ਵਾਸ ਹੈ ਕਿ ਅਸੀਂ ਅਜਿਹਾ ਕਰਨ ਦੇ ਯੋਗ ਹੋਵਾਂਗੇ।"

ਇਸ ਤੋਂ ਪਹਿਲਾਂ, ਆਪਣੇ ਪਹਿਲੇ ਕਾਰਜਕਾਲ ਦੌਰਾਨ, ਟਰੰਪ ਨੇ ਚੀਨ ਨੂੰ ਪ੍ਰਮਾਣੂ ਹਥਿਆਰਾਂ ਦੀ ਕਮੀ 'ਤੇ ਚਰਚਾ ਕਰਨ ਲਈ ਸੱਦਾ ਦਿੱਤਾ ਸੀ ਪਰ ਉਹ ਇਸ ਗੱਲਬਾਤ ਵਿਚ ਸਫਲ ਨਹੀਂ ਹੋਏ। ਉਸੇ ਸਮੇਂ, ਜੋਅ ਬਾਇਡਨ ਪ੍ਰਸ਼ਾਸਨ ਦੌਰਾਨ, ਰੂਸ ਨੇ ਨਵੀਂ ਸਟਾਰਟ ਸੰਧੀ ਦੇ ਤਹਿਤ ਆਪਣੀ ਭਾਗੀਦਾਰੀ ਨੂੰ ਮੁਅੱਤਲ ਕਰ ਦਿੱਤਾ, ਕਿਉਂਕਿ ਅਮਰੀਕਾ ਅਤੇ ਰੂਸ ਦੋਵੇਂ ਆਪਣੇ ਪ੍ਰਮਾਣੂ ਹਥਿਆਰਾਂ ਨੂੰ ਵਧਾਉਣ ਜਾਂ ਬਦਲਣ ਲਈ ਵੱਡੇ ਪੱਧਰ 'ਤੇ ਪ੍ਰੋਗਰਾਮ ਚਲਾ ਰਹੇ ਸਨ।

# ਆਸਟ੍ਰੇਲੀਆ 'ਚ ਵਿਦੇਸ਼ੀਆਂ 'ਤੇ ਸਥਾਪਿਤ ਜਾਇਦਾਦ ਖਰੀਦਣ 'ਤੇ ਲੱਗ ਸਕਦੀ ਹੈ ਪਾਬੰਦੀ!

ਮੈਲਬੌਰਨ, (ਪੰਜਾਬ ਮੇਲ)- ਅਮਰੀਕਾ ਤੋਂ ਬਾਅਦ ਹੁਣ ਆਸਟ੍ਰੇਲੀਆ ਵੀ ਇੱਕ ਅਜਿਹਾ ਨਿਯਮ ਲਾਗੂ ਕਰਨ ਜਾ ਰਿਹਾ ਹੈ ਜੋ ਭਾਰਤੀਆਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰੇਗਾ। ਦਰਅਸਲ ਆਸਟ੍ਰੇਲੀਆ ਅਗਲੇ 2 ਸਾਲਾਂ ਲਈ ਵਿਦੇਸ਼ੀਆਂ ਨੂੰ ਸਥਾਪਿਤ ਘਰ ਖਰੀਦਣ 'ਤੇ ਪਾਬੰਦੀ ਲਗਾਉਣ ਦੀ ਯੋਜਨਾ ਬਣਾ ਰਿਹਾ ਹੈ। ਇਹ ਕਦਮ ਘਰਾਂ ਦੀਆਂ ਵਧਦੀਆਂ ਕੀਮਤਾਂ ਨਾਲ ਨਜਿੱਠਣ ਲਈ ਪ੍ਰਧਾਨ ਮੰਤਰੀ

**■ ਭਾਰਤੀਆਂ ਲਈ ਖੜ੍ਹੀ ਹੋ ਸਕਦੀ ਹੈ ਮੁਸੀਬਤ!**

ਐਂਥਨੀ ਅਲਬਾਨੀਜ਼ ਦੀ ਅਗਵਾਈ ਵਾਲੀ ਸਰਕਾਰ ਦੇ ਚੋਣ ਪ੍ਰਚਾਰ ਦਾ ਹਿੱਸਾ ਹੈ। ਇਸ ਕਦਮ ਨਾਲ ਵੱਡੀ ਗਿਣਤੀ ਵਿਚ ਭਾਰਤੀਆਂ ਦੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ, ਜੋ ਆਪਣੀ ਉੱਚ ਸਿੱਖਿਆ ਲਈ ਆਸਟ੍ਰੇਲੀਆ ਜਾਂਦੇ ਹਨ ਅਤੇ ਬਾਅਦ ਵਿਚ ਉੱਥੇ ਵਸ ਜਾਂਦੇ ਹਨ।

## ਇਸਲਾਮਿਕ ਸਟੇਟ ਭਾਰਤ 'ਚ ਵੱਡੇ ਪੱਧਰ 'ਤੇ ਹਮਲੇ ਕਰਨ 'ਚ ਨਾਕਾਮ; ਸੰਯੁਕਤ ਰਾਸ਼ਟਰ ਦੀ ਰਿਪੋਰਟ 'ਚ ਦਾਅਵਾ

ਸੰਯੁਕਤ ਰਾਸ਼ਟਰ, (ਪੰਜਾਬ ਮੇਲ)- ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਦਹਿਸ਼ਤੀ ਜਥੇਬੰਦੀ ਇਸਲਾਮਿਕ ਸਟੇਟ ਭਾਰਤ 'ਚ ਵੱਡੇ ਪੱਧਰ 'ਤੇ ਹਮਲੇ ਕਰਨ 'ਚ ਨਾਕਾਮ ਰਹੀ ਪਰ ਇਸ ਦੇ ਆਕਿਆਂ ਨੇ ਦੇਸ਼ 'ਚ ਆਪਣੇ ਹਮਾਇਤੀਆਂ ਰਾਹੀਂ ਭੜਕਾਊ ਗਤੀਵਿਧੀਆਂ ਜਾਰੀ ਰੱਖੀਆਂ ਹਨ। ਇਸਲਾਮਿਕ ਸਟੇਟ, ਅਲ-ਕਾਇਦਾ ਅਤੇ ਸਹਾਇਕ ਜਥੇਬੰਦੀਆਂ 'ਤੇ ਪਾਬੰਦੀਆਂ ਲਾਉਣ ਵਾਲੀ ਨਿਗਰਾਨ ਟੀਮ ਦੀ 35ਵੀਂ ਰਿਪੋਰਟ ਮੁਤਾਬਕ ਦਹਿਸ਼ਤੀ ਗੁੱਟ ਅਤੇ ਉਸ ਨਾਲ ਸਬੰਧਤ ਜਥੇਬੰਦੀਆਂ ਅੱਤਵਾਦ ਵਿਰੋਧੀ ਦਬਾਅ ਹੇਠ ਰਹੀਆਂ। ਰਿਪੋਰਟ 'ਚ ਕਿਹਾ ਗਿਆ ਕਿ ਇਸਲਾਮਿਕ ਸਟੇਟ ਪੱਖੀ ਅਲ-ਜੌਹਰ ਮੀਡੀਆ ਨੇ ਆਪਣੇ ਪ੍ਰਕਾਸ਼ਨ ਸੇਰਾਤ ਉਲ-ਹੱਕ ਰਾਹੀਂ ਭਾਰਤ ਵਿਰੋਧੀ ਪ੍ਰਚਾਰ ਫੈਲਾਉਣਾ ਜਾਰੀ ਰੱਖਿਆ।

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਆਪਣੀ ਰਿਪੋਰਟ 'ਚ ਕਿਹਾ ਕਿ ਅਫ਼ਗਾਨਿਸਤਾਨ 'ਚ ਹਾਲਾਤ ਚਿੰਤਾਜਨਕ ਹਨ ਅਤੇ ਇਸਲਾਮਿਕ ਸਟੇਟ-ਕੇ (ਇਸਲਾਮਿਕ ਸਟੇਟ-ਖੁਰਾਸਾਨ ਪ੍ਰਾਂਤ) ਨਾ ਸਿਰਫ਼ ਮੁਲਕ ਸਗੋਂ ਖ਼ਿੱਤੇ ਲਈ ਖ਼ਤਰਾ ਬਣੀ ਹੋਈ ਹੈ। ਉਨ੍ਹਾਂ ਸਾਰੇ ਮੈਂਬਰ ਮੁਲਕਾਂ ਨੂੰ ਸੱਦਾ ਦਿੱਤਾ ਕਿ ਉਹ ਅਫ਼ਗਾਨਿਸਤਾਨ ਨੂੰ ਦਹਿਸ਼ਤੀ ਕਾਰਵਾਈਆਂ ਦਾ ਮੁੜ ਤੋਂ ਕੇਂਦਰ ਬਣਨ ਤੋਂ ਰੋਕਣ ਲਈ ਇਕਜੁੱਟ ਹੋਣ।

# ਅਮਰੀਕਾ ਨੂੰ ਯੂਕਰੇਨ ਦੇ ਦੁਰਲੱਭ ਖਣਿਜਾਂ ਤੱਕ ਪਹੁੰਚ ਦੇਣ ਤੋਂ ਜ਼ੈਲੇਂਸਕੀ ਦੀ ਨਾਂਹ



ਮਿਊਨਿਖ, (ਪੰਜਾਬ ਮੇਲ)- ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਮੰਤਰੀਆਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਯੂਕਰੇਨ ਦੇ ਦੁਰਲੱਭ ਖਣਿਜਾਂ ਤੱਕ ਅਮਰੀਕਾ ਦੀ ਪਹੁੰਚ ਯਕੀਨੀ ਬਣਾਉਣ ਸਬੰਧੀ ਤਜਵੀਜ਼ਤ ਸਮਝੌਤੇ 'ਤੇ ਦਸਤਖ਼ਤ ਨਾ ਕਰਨ, ਕਿਉਂਕਿ ਇਹ ਪ੍ਰਸਤਾਵ ਅਮਰੀਕੀ ਹਿੱਤਾਂ 'ਤੇ ਵਧੇਰੇ ਕੇਂਦਰਿਤ ਹੈ।

ਗੱਲਬਾਤ ਤੋਂ ਜਾਣੂ ਇਕ ਮੌਜੂਦਾ ਤੇ ਇਕ ਸਾਬਕਾ ਸੀਨੀਅਰ ਅਧਿਕਾਰੀ ਮੁਤਾਬਕ ਸ਼ੁੱਕਰਵਾਰ ਨੂੰ ਮਿਊਨਿਖ ਸੁਰੱਖਿਆ ਸੰਮੇਲਨ ਦੌਰਾਨ ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵਾਂਸ ਨਾਲ ਜ਼ੈਲੇਂਸਕੀ ਦੀ ਗੱਲਬਾਤ ਦੇ ਕੇਂਦਰ ਵਿਚ ਇਹੀ ਤਜਵੀਜ਼ ਸੀ। ਵ੍ਹਾਈਟ ਹਾਊਸ ਦੇ ਇਕ ਸੀਨੀਅਰ ਅਧਿਕਾਰੀ ਨੇ ਸਮਝੌਤੇ ਨੂੰ ਨਾਮਨਜ਼ੂਰ ਕਰਨ ਦੇ ਜ਼ੈਲੇਂਸਕੀ ਦੇ ਫੈਸਲੇ ਨੂੰ ਹਾਲ ਦੀ ਘੜੀ ਘੱਟ ਦੂਰੀ ਦੀ ਸੋਚ ਵਾਲਾ ਕਰਾਰ ਦਿੱਤਾ। ਜ਼ੈਲੇਂਸਕੀ ਨੇ ਸ਼ਨਿਚਰਵਾਰ ਨੂੰ ਮਿਊਨਿਖ ਵਿਚ ਕਿਹਾ, "ਮੈਂ ਮੰਤਰੀਆਂ ਨੂੰ ਸਬੰਧਤ ਸਮਝੌਤੇ 'ਤੇ ਦਸਤਖ਼ਤ ਨਾ ਕਰਨ ਦਾ ਨਿਰਦੇਸ਼ ਦਿੱਤਾ ਹੈ ਕਿਉਂਕਿ ਮੇਰੇ ਵਿਚਾਰ ਵਿਚ ਇਹ ਸਾਡੀ, ਸਾਡੇ ਹਿੱਤਾਂ ਦੀ ਰੱਖਿਆ ਕਰਨ ਲਈ ਨਹੀਂ ਹੈ।" ਯੂਕਰੇਨ ਦੇ ਮੌਜੂਦਾ ਤੇ ਸਾਬਕਾ ਸੀਨੀਅਰ ਅਧਿਕਾਰੀਆਂ ਨੇ ਨਾਮ ਜਨਤਕ ਨਾ ਕਰਨ ਦੀ ਸ਼ਰਤ 'ਤੇ ਦੱਸਿਆ ਕਿ ਤਜਵੀਜ਼ ਵਿਚ ਇਸ ਗੱਲ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ ਕਿ ਅਮਰੀਕਾ ਬਾਇਡਨ ਪ੍ਰਸ਼ਾਸਨ ਵੱਲੋਂ ਯੂਕਰੇਨ ਨੂੰ ਦਿੱਤੀ ਗਈ ਮਦਦ ਬਦਲੇ 'ਮੁਆਵਜ਼ੇ ਦੇ ਰੂਪ ਵਿਚ' ਅਤੇ ਭਵਿੱਖ ਦੀ ਮਦਦ ਦੇ ਭੁਗਤਾਨ ਦੇ ਰੂਪ ਵਿਚ ਕੀਵ ਦੇ ਦੁਰਲੱਭ ਖਣਿਜਾਂ ਦਾ ਕਿਸੇ ਤਰ੍ਹਾਂ ਇਸਤੇਮਾਲ ਕਰ ਸਕਦਾ ਹੈ। ਯੂਕਰੇਨ ਵਿਚ ਮਹੱਤਵਪੂਰਨ ਖਣਿਜਾਂ ਦੇ ਵਿਸ਼ਾਲ ਭੰਡਾਰ ਹਨ, ਜਿਨ੍ਹਾਂ ਦਾ ਇਸਤੇਮਾਲ ਏਅਰੋਸਪੇਸ, ਰੱਖਿਆ ਤੇ ਪਰਮਾਣੂ ਉਦਯੋਗਾਂ ਵਿਚ ਕੀਤਾ ਜਾਂਦਾ ਹੈ। ਟਰੰਪ ਪ੍ਰਸ਼ਾਸਨ ਨੇ ਸੰਕੇਤ ਦਿੱਤਾ ਹੈ ਕਿ ਚੀਨ 'ਤੇ ਨਿਰਭਰਤਾ ਘੱਟ ਕਰਨ ਲਈ ਯੂਕਰੇਨ ਦੇ ਖਣਿਜਾਂ ਵਿਚ ਉਸ ਦੀ ਰੁਚੀ ਹੈ। ਵ੍ਹਾਈਟ ਹਾਊਸ ਦੀ ਕੌਮੀ ਸੁਰੱਖਿਆ ਕੌਂਸਲ ਦੇ ਤਰਜਮਾਨ ਬਰਾਇਨ ਹਿਊਗਸ ਨੇ ਇਸ ਤਜਵੀਜ਼ ਬਾਰੇ ਕੁਝ ਨਹੀਂ ਦੱਸਿਆ।







# ਪੰਜਾਬ ਸਰਕਾਰ ਦੀ ਕਾਰਵਾਈ ਨਾਲ ਸੂਬੇ 'ਚ ਸਰਗਰਮ ਜਾਅਲੀ ਟਰੈਵਲ ਏਜੰਟਾਂ 'ਚ ਫੈਲੀ ਦਹਿਸ਼ਤ

**ਕਪੂਰਥਲਾ, (ਪੰਜਾਬ ਮੇਲ)**-ਕੁਝ ਦਿਨ ਪਹਿਲਾਂ ਅਮਰੀਕਾ ਤੋਂ ਡਿਪੋਰਟ ਕੀਤੇ ਗਏ ਪੰਜਾਬੀ ਨੌਜਵਾਨਾਂ ਦੇ ਮਾਮਲੇ ਵਿਚ ਪੰਜਾਬ ਸਰਕਾਰ ਵੱਲੋਂ ਸਾਰੇ ਜ਼ਿਲ੍ਹਿਆਂ ਦੀ ਪੁਲਿਸ ਨੂੰ ਦਿੱਤੇ ਗਏ ਹੁਕਮਾਂ ਤੋਂ ਬਾਅਦ ਜਿਸ ਤਰ੍ਹਾਂ ਪੁਲਿਸ ਨੇ ਕੁੱਝ ਦਿਨਾਂ ਦੇ ਅੰਦਰ-ਅੰਦਰ ਇਨ੍ਹਾਂ ਨੌਜਵਾਨਾਂ ਤੋਂ ਕਰੋੜਾਂ ਰੁਪਏ ਠੱਗਣ ਵਾਲੇ 10 ਜਾਅਲੀ ਟ੍ਰੈਵਲ ਏਜੰਟਾਂ ਖ਼ਿਲਾਫ਼ ਤੇਜ਼ੀ ਨਾਲ ਕਾਰਵਾਈ ਕੀਤੀ ਹੈ, ਉਸ ਨਾਲ ਕਪੂਰਥਲਾ ਜ਼ਿਲ੍ਹੇ ਸਮੇਤ ਪੂਰੇ ਸੂਬੇ ਵਿਚ ਸਰਗਰਮ ਉਨ੍ਹਾਂ ਜਾਅਲੀ ਟਰੈਵਲ ਏਜੰਟਾਂ ਵਿਚ ਦਹਿਸ਼ਤ ਫੈਲ ਗਈ ਹੈ, ਜੋ ਲੰਬੇ ਸਮੇਂ ਤੋਂ ਮਾਸੂਮ ਨੌਜਵਾਨਾਂ ਨੂੰ ਮੈਕਸੀਕੋ ਰਾਹੀਂ ਅਮਰੀਕਾ ਭੇਜਣ ਦਾ ਵਾਅਦਾ ਕਰਕੇ ਲੱਖਾਂ-ਕਰੋੜਾਂ ਰੁਪਏ ਠੱਗਣ ਲਈ ਸੁਰਖੀਆਂ ਵਿਚ ਰਹੇ ਹਨ।

ਉੱਥੇ ਹੀ ਹੁਣ ਚੰਡੀਗੜ੍ਹ ਪੁਲਿਸ ਵੱਲੋਂ ਫਰਜੀ ਟ੍ਰੈਵਲ ਏਜੰਟਾਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਬੁੱਧਵਾਰ ਨੂੰ ਕਈ ਇਮੀਗ੍ਰੇਸ਼ਨ ਦਫ਼ਤਰਾਂ ਦੀ ਜਾਂਚ ਦੇ ਨਾਲ-ਨਾਲ ਦੋ ਨਕਲੀ ਟਰੈਵਲ ਏਜੰਟਾਂ ਦੀ ਗ੍ਰਿਫ਼ਤਾਰੀ ਨੇ ਇਸ ਦਹਿਸ਼ਤ ਨੂੰ ਹੋਰ ਵਧਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਅਮਰੀਕਾ ਤੋਂ ਡਿਪੋਰਟ ਕੀਤੇ ਗਏ 104 ਭਾਰਤੀਆਂ ਵਿਚੋਂ 30 ਨੌਜਵਾਨ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਨਿਕਲੇ, ਜਿਸ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਾਰੇ ਜ਼ਿਲ੍ਹਿਆਂ ਦੇ ਪੁਲਿਸ ਕਮਿਸ਼ਨਰ ਅਤੇ ਐੱਸ.ਐੱਸ.ਪੀ. ਰੈਂਕ ਦੇ ਅਧਿਕਾਰੀਆਂ ਨੂੰ ਇਨ੍ਹਾਂ ਮਾਸੂਮ ਨੌਜਵਾਨਾਂ ਨੂੰ ਗਲਤ ਤਰੀਕੇ ਨਾਲ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਉਨ੍ਹਾਂ ਪਾਸੋਂ ਮੋਟੀ ਰਕਮ ਵਸੂਲਣ ਵਾਲੇ ਫਰਜੀ ਟਰੈਵਲ ਏਜੰਟਾਂ ਦੇ ਖ਼ਿਲਾਫ਼ ਇਕ ਹੀ ਦਿਨ 'ਚ ਪੂਰੀ ਕਾਰਵਾਈ ਨੂੰ ਅੰਜਾਮ ਦੇਣ ਦੇ ਹੁਕਮ ਜਾਰੀ ਕੀਤੇ ਗਏ ਸੀ। ਅਜਿਹੇ ਟ੍ਰੈਵਲ ਏਜੰਟਾਂ ਨੂੰ ਫੜਨ ਲਈ ਏ.ਡੀ.ਜੀ.ਪੀ. ਪ੍ਰਵੀਨ ਸਿਨਹਾ ਦੀ ਨਿਗਰਾਨੀ 'ਚ ਇਕ ਪੰਜ ਮੈਂਬਰੀ ਐੱਸ.ਆਈ.ਟੀ. ਦਾ ਗਠਨ ਕੀਤਾ ਗਿਆ ਸੀ, ਜੋ ਸਾਰੇ ਜ਼ਿਲ੍ਹਿਆਂ ਦੀ ਪੁਲਿਸ ਦੇ ਨਾਲ ਮਿਲ ਕੇ ਅਜਿਹੇ ਫਰਜੀ ਟ੍ਰੈਵਲ ਏਜੰਟਾਂ ਖ਼ਿਲ਼ਾਫ ਵੱਡੀ ਮੁਹਿੰਮ ਚਲਾਵੇਗੀ।

**■ -ਲੰਮੇ ਸਮੇਂ ਤੋਂ ਚੱਲ ਰਹੀ ਸੀ ਡੰਕੀ ਦੇ ਰਸਤੇ ਅਮਰੀਕਾ ਭੇਜਣ ਦੀ ਖੇਡ**

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਇਨ੍ਹਾਂ ਹੁਕਮਾਂ ਤੋਂ ਬਾਅਦ ਅਜਿਹੇ ਫਰਜੀ ਟ੍ਰੈਵਲ ਏਜੰਟਾਂ 'ਚ ਬਹੁਤ ਦਹਿਸ਼ਤ ਫੈਲ ਗਈ ਹੈ, ਜੋ ਕਪੂਰਥਲਾ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਖ਼ਾਸ ਕਰਕੇ ਭੁਲੱਥ, ਸੁਲਤਾਨਪੁਰ ਲੋਧੀ, ਕਪੂਰਥਲਾ ਅਤੇ ਫਗਵਾੜਾ ਦੇ



ਕਸਬਿਆਂ ਅਤੇ ਪੇਂਡੂ ਇਲਾਕਿਆਂ 'ਚ ਸਰਗਰਮ ਹਨ ਅਤੇ ਮਾਸੂਮ ਨੌਜਵਾਨਾਂ ਨੂੰ ਅਮਰੀਕਾ 'ਚ ਸੈਟਲ ਹੋਣ ਦਾ ਸੁਫ਼ਨਾ ਵਿਖਾ ਰਹੇ ਸੀ। ਪਰ ਹੁਣ ਅਮਰੀਕਾ ਤੋਂ ਆਏ ਨੌਜਵਾਨਾਂ ਦੀ ਬਦਕਿਸਮਤੀ ਨਾਲ ਆਪਣੀ ਵਤਨ ਵਾਪਸੀ ਨੇ ਪੂਰੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਦੇ ਨਾਲ ਹੀ ਪਹਿਲੀ ਵਾਰ ਇਨ੍ਹਾਂ ਫਰਜ਼ੀ ਟ੍ਰੈਵਲ ਏਜੰਟਾਂ 'ਚ ਅਜਿਹਾ ਡਰ ਵੇਖਿਆ ਜਾ ਰਿਹਾ ਹੈ, ਜੋ ਲੰਬੇ ਸਮੇਂ ਤੋਂ ਨਿਡਰਤਾ ਨਾਲ ਲੋਕਾਂ ਨੂੰ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਭੇਜ ਰਹੇ ਹਨ।

ਕਿਹਾ ਜਾਂਦਾ ਹੈ ਕਿ ਲੋਕਾਂ ਨੂੰ ਅਮਰੀਕਾ ਭੇਜਣ ਦੇ ਇਸ ਗੈਰ-ਕਾਨੂੰਨੀ ਕਾਰੋਬਾਰ 'ਚ ਬਹੁਤ ਸਾਰੇ ਅਜਿਹੇ ਲੋਕ ਸ਼ਾਮਲ ਹਨ, ਜਿਨ੍ਹਾਂ ਨੇ ਦੱਖਣੀ ਅਮਰੀਕਾ, ਗੁਆਟੇਮਾਲਾ, ਮੈਕਸੀਕੋ ਅਤੇ ਅਲਸਲਵਾਡੋਰ 'ਚ ਆਪਣੇ ਦਫ਼ਤਰ ਖੋਲ੍ਹੇ ਹੋਏ ਹਨ ਤੇ ਅਜਿਹੇ ਫਰਜ਼ੀ ਟ੍ਰੈਵਲ ਏਜੰਟ ਅਕਸਰ ਇਨ੍ਹਾਂ ਦੇਸ਼ਾ ਦਾ ਦੌਰਾ ਕਰਦੇ ਹਨ ਪਰ ਇਸ ਦੇ ਬਾਵਜੂਦ ਲੰਬੇ ਸਮੇਂ ਤੋਂ ਉਨ੍ਹਾਂ ਖ਼ਿਲਾਫ਼ ਕੋਈ ਠੋਸ ਕਾਰਵਾਈ ਨਾ ਹੋਣ ਕਾਰਨ ਉਹ ਸ਼ਰੇਆਮ ਇਹ ਆਪਣੇ ਘਰਾਂ ਅਤੇ ਦਫ਼ਤਰਾਂ 'ਚ ਸ਼ਰੇਆਮ ਡੌਂਕੀ ਦੇ ਰਸਤੇ ਅਮਰੀਕਾ ਭੇਜਣ ਦਾ ਖੇਡ ਚਲਾ ਰਹੇ ਸੀ ਪਰ ਹੁਣ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਇਸ ਸਖ਼ਤ ਮੁਹਿੰਮ ਨੇ ਇਨ੍ਹਾਂ ਫਰਜੀ ਟ੍ਰੈਵਲ ਏਜੰਟਾਂ ਨੂੰ ਜਿੱਥੇ ਆਪਣੇ ਠਿਕਾਣਿਆ ਤੋਂ ਗਾਇਬ ਹੋਣ ਦੇ ਲਈ ਮਜਬੂਰ ਕਰ ਦਿੱਤਾ ਹੈ।

ਆਉਣ ਵਾਲੇ ਦਿਨਾਂ 'ਚ ਅਮਰੀਕਾ ਤੋਂ ਵੱਡੇ ਪੱਧਰ 'ਤੇ ਨੌਜਵਾਨਾਂ ਦੇ ਡਿਪੋਰਟ ਹੋਣ ਨੂੰ ਲੈ ਕੇ ਆ ਰਹੀਆਂ ਖ਼ਬਰਾਂ ਨੇ ਇਨ੍ਹਾਂ ਫਰਜੀ ਟ੍ਰੈਵਲ ਏਜੰਟਾਂ ਦੀ ਨੀਂਦ ਉਡਾ ਦਿੱਤੀ ਹੈ। ਦੱਸਿਆ ਜਾਂਦਾ ਹੈ ਕਿ ਇਨ੍ਹਾਂ 'ਚੋਂ ਕਈ ਫਰਜੀ ਟ੍ਰੈਵਲ ਏਜੰਟ ਅਜਿਹੇ ਵੀ ਹਨ, ਜੋ ਪਿਛਲੇ 10 ਸਾਲਾਂ ਦੌਰਾਨ 100 ਤੋਂ ਲੈ ਕੇ 150 ਤੱਕ ਦੀ ਗਿਣਤੀ 'ਚ ਨੌਜਵਾਨਾਂ ਦੀ ਡੰਕੀ ਦੇ ਰਸਤੇ ਅਮਰੀਕਾ ਭੇਜ ਚੁੱਕੇ ਹਨ ਪਰ ਜੇਕਰ ਇਨ੍ਹਾਂ ਵੱਲੋਂ ਭੇਜਿਆ ਗਿਆ ਕੋਈ ਨੌਜਵਾਨ ਵਾਪਸ ਵੀ ਆ ਜਾਂਦਾ ਸੀ, ਤਾਂ ਉਸ ਨੂੰ ਆਪਣੇ ਅਸਰ ਰਸੂਖ ਦਾ ਇਸਤੇਮਾਲ ਕਰ ਕੇ ਜਾਂ ਉਸ ਕੋਲੋਂ ਲਈ ਗਈ ਰਕਮ ਦਾ ਕੁਝ ਹਿੱਸਾ ਵਾਪਸ ਦੇ ਕੇ ਉਸ ਨੂੰ ਚੁੱਪ ਕਰਵਾ ਦਿੰਦੇ ਸੀ ਪਰ ਹੁਣ ਬਦਲੇ ਕਾਨੂੰਨਾਂ 'ਤੇ ਸਰਕਾਰ ਦੇ ਸਖਤ ਤੇਵਰਾਂ ਨੇ ਅਜਿਹੇ ਫਰਜੀ ਟ੍ਰੈਵਲ ਏਜੰਟਾਂ 'ਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

ਸਫਾ 1 ਦਾ ਬਾਕੀ

## ਸੰਸਦੀ ਬਜਟ ਇਜਲਾਸ 'ਚ ਸ਼ਮੂਲੀਅਤ...

ਸਪੀਕਰ ਨੂੰ ਰਸਮੀ ਬੇਨਤੀ ਕੀਤੀ ਸੀ ਕਿ ਉਹ ਉਨ੍ਹਾਂ ਨੂੰ ਸੰਸਦੀ ਇਜਲਾਸ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦੇਣ।

ਪਟੀਸ਼ਨ ਵਿਚ ਅੱਗੇ ਕਿਹਾ ਗਿਆ ਹੈ ਕਿ ਉਸ ਨੂੰ ਪਹਿਲਾਂ ਹੀ 46 ਦਿਨਾਂ ਤੋਂ ਸੰਸਦੀ ਇਜਲਾਸਾਂ ਤੋਂ ਗੈਰਹਾਜ਼ਰੀ ਬਾਰੇ ਸੂਚਿਤ ਕੀਤਾ ਜਾ ਚੁੱਕਾ ਹੈ। ਉਨ੍ਹਾਂ ਨੇ ਡਿਪਟੀ ਕਮਿਸ਼ਨਰ/ਜ਼ਿਲ੍ਹਾ ਮੈਜਿਸਟਰੇਟ ਨੂੰ ਸੰਸਦੀ ਇਜਲਾਸਾਂ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਮੰਗਣ ਲਈ ਬੇਨਤੀਆਂ ਕੀਤੀਆਂ ਸਨ, ਪਰ ਕੋਈ ਜਵਾਬ ਨਹੀਂ ਮਿਲਿਆ। ਅੰਮ੍ਰਿਤਪਾਲ ਨੇ ਦਲੀਲ ਦਿੱਤੀ ਕਿ ਉਸ ਦੀ ਗੈਰਹਾਜ਼ਰੀ ਸਵੈਇੱਛਤ ਨਹੀਂ ਸੀ, ਸਗੋਂ ਰਾਜ ਦੀ ਕਾਰਵਾਈ ਦਾ ਨਤੀਜਾ ਸੀ, ਜਿਸ ਨਾਲ ਇਹ ਜ਼ਬਰਦਸਤੀ ਬਾਹਰ ਕੱਢਣ ਦਾ ਮਾਮਲਾ ਬਣ ਗਿਆ।

ਸਫਾ 1 ਦਾ ਬਾਕੀ

## '84 ਸਿੱਖ ਵਿਰੋਧੀ ਦੰਗੇ; ਦਿੱਲੀ...

ਜਸਵੰਤ ਸਿੰਘ ਅਤੇ ਉਸ ਦੇ ਬੇਟੇ ਤਰੁਣਦੀਪ ਸਿੰਘ ਦਾ ਇਕ ਨਵੰਬਰ 1984 ਨੂੰ ਕਤਲ ਕਰ ਦਿੱਤਾ ਗਿਆ ਸੀ। ਕਤਲ ਦੇ ਸਿਲਸਿਲੇ 'ਚ ਪੰਜਾਬੀ ਬਾਗ ਥਾਣੇ 'ਚ ਮਾਮਲਾ ਦਰਜ ਕੀਤਾ ਸੀ ਪਰ ਬਾਅਦ 'ਚ ਇਕ ਵਿਸ਼ੇਸ਼ ਜਾਂਚ ਦਲ ਨੇ ਜਾਂਚ ਦੀ ਜ਼ਿੰਮੇਵਾਰੀ ਲੈ ਲਈ ਸੀ। ਅਦਾਲਤ ਨੇ 16 ਦਸੰਬਰ 2021 ਨੂੰ ਕੁਮਾਰ ਖ਼ਿਲਾਫ਼ ਦੋਸ਼ ਤੈਅ ਕੀਤੇ। ਕਾਂਗਰਸ ਦੇ ਉਸ ਸਮੇਂ ਦੇ ਪ੍ਰਭਾਵਸ਼ਾਲੀ ਨੇਤਾ ਅਤੇ ਸੰਸਦ ਮੈਂਬਰ ਰਹੇ ਕੁਮਾਰ ਸਾਲ 1984 'ਚ ਇਕ ਅਤੇ 2 ਨਵੰਬਰ ਨੂੰ ਦਿੱਲੀ ਦੀ ਪਾਲਮ ਕਾਲੋਨੀ 'ਚ 5 ਲੋਕਾਂ ਦੇ ਕਤਲ ਮਾਮਲੇ 'ਚ ਦੋਸ਼ੀ ਸਨ। ਦਿੱਲੀ ਹਾਈ ਕੋਰਟ ਨੇ ਇਸ ਮਾਮਲੇ 'ਚ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਅਤੇ ਸਜ਼ਾ ਨੂੰ ਚੁਣੌਤੀ ਦੇਣ ਵਾਲੀ ਉਨ੍ਹਾਂ ਦੀ ਅਪੀਲ ਸਰਵਉੱਚ ਅਦਾਲਤ 'ਚ ਪੈਂਡਿੰਗ ਹੈ।

ਸਫਾ 1 ਦਾ ਬਾਕੀ

## 26 ਹਜ਼ਾਰ ਪ੍ਰਵਾਸੀ ਬੱਚਿਆਂ 'ਤੇ ਵੀ...

ਇਹ ਹੁਕਮ ਅਗਲੇ ਨੋਟਿਸ ਤੱਕ ਲਾਗੂ ਰਹੇਗਾ। ਗ੍ਰਹਿ ਮੰਤਰਾਲੇ ਅਤੇ ਸਿਹਤ ਅਤੇ ਮਨੁੱਖੀ ਸੇਵਾਵਾਂ ਮੰਤਰਾਲੇ ਨੇ ਇਸ ਮਾਮਲੇ ਨਾਲ ਸਬੰਧਤ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦਿੱਤਾ ਹੈ।

ਅਕਾਸੀਆ ਨੇ ਕਿਹਾ ਕਿ ਇਹ ਦੇਸ਼ ਭਰ ਵਿਚ 85 ਸੰਗਠਨਾਂ ਦੇ ਨੈੱਟਵਰਕ ਰਾਹੀਂ ਇਕ ਕਾਨੂੰਨੀ ਸਹਾਇਤਾ ਪ੍ਰੋਗਰਾਮ ਚਲਾਉਂਦਾ ਹੈ, ਜੋ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਨੁਮਾਇੰਦਗੀ ਕਰਦੇ ਹਨ। ਦੇਸ਼ ਨਿਕਾਲੇ ਨੂੰ ਚੁਣੌਤੀ ਦੇਣ ਵਾਲੇ ਲੋਕ ਆਪਣੇ ਖਰਚੇ 'ਤੇ ਵਕੀਲ ਰੱਖ ਸਕਦੇ ਹਨ, ਪਰ ਸਰਕਾਰ ਉਨ੍ਹਾਂ ਨੂੰ ਇਹ ਸਹੂਲਤ ਪ੍ਰਦਾਨ ਨਹੀਂ ਕਰਦੀ। ਸੈਂਟਰ ਫਾਰ ਜੈਂਡਰ ਐਂਡ ਰਿਫਿਊਜੀ ਸਟੱਡੀਜ਼ ਵਿਖੇ ਸਿਖਲਾਈ ਅਤੇ ਤਕਨੀਕੀ ਸਹਾਇਤਾ ਦੀ ਡਾਇਰੈਕਟਰ ਕ੍ਰਿਸਟੀਨ ਲਿਨ ਨੇ ਕਿਹਾ, "ਇਹ ਬੇਤੁਕਾ ਅਤੇ ਬਹੁਤ ਹੀ ਬੇਇਨਸਾਫ਼ੀ ਹੈ ਕਿ ਇਕ ਬੱਚੇ ਤੋਂ ਇਹ ਉਮੀਦ ਕੀਤੀ ਜਾਵੇ ਕਿ ਉਹ ਇਮੀਗ੍ਰੇਸ਼ਨ ਅਦਾਲਤ ਵਿਚ ਆਪਣੀ ਪ੍ਰਤੀਨਿਧਤਾ ਖ਼ੁਦ ਕਰੇ।"




# PUNJAB MAIL USA

## TV Channel, Newspaper, Radio

**All over America, Canada, Australia & Europe**

## 24 Hours 7 Days



**Gold # 2867, Gem # 375, TV Zon # 6888,**
**Glow TV # 1828, Tashan # 131, Real TV etc.**

For any Information & Advertisement Call at

## +1-916-320-9444

E-mail: punjabmailtv@gmail.com

Iphone/Andriod App : Punjab Mail USA

Web: punjabmailusa.com

Facebook Page : Punjab Mail USA

# ਸਿੱਖ ਇਤਿਹਾਸ ਦਾ ਸੁਨਹਿਰੀ ਪੰਨਾ: ਜੈਤੋ ਦਾ ਮੋਰਚਾ

ਹਰਦਮ ਮਾਨ
ਸਪੈਸ਼ਲ ਰਿਪੋਰਟਰ, ਬੀ.ਸੀ., ਕੈਨੇਡਾ
ਫੋਨ: +1 604 308 6663
ਪੰਜਾਬ ਮੇਲ USA



ਜੈਤੋ ਦੇ ਮੋਰਚੇ ਨੂੰ ਭਾਰਤੀ ਆਜ਼ਾਦੀ ਦੀ ਪਹਿਲੀ ਲੜਾਈ ਵਜੋਂ ਵੀ ਯਾਦ ਕੀਤਾ ਜਾਂਦਾ ਹੈ। ਸਿੱਖ ਇਤਿਹਾਸ ਦਾ ਇਹ ਸ਼ਾਂਤਮਈ ਮੋਰਚਾ ਪੌਣੇ ਦੋ ਸਾਲ ਤੋਂ ਵੀ ਵੱਧ ਜਾਰੀ ਰਿਹਾ ਅਤੇ ਇਸ ਮੋਰਚੇ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਰਹੀ ਕਿ ਉਸ ਵੇਲੇ ਦੀ ਅੰਗਰੇਜ਼ੀ ਹਕੂਮਤ ਨੂੰ 'ਗੁਰਦੁਆਰਾ ਐਕਟ' ਬਣਾਉਣ ਲਈ ਮਜਬੂਰ ਹੋਣਾ ਪਿਆ।

ਇਸ ਮੋਰਚੇ ਦਾ ਆਰੰਭ 8 ਜੂਨ 1923 ਨੂੰ ਉਸ ਵੇਲੇ ਹੋਇਆ, ਜਦੋਂ ਅੰਗਰੇਜ਼ੀ ਹਕੂਮਤ ਨੇ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਜਬਰੀ ਲਾਹ ਕੇ ਰਿਆਸਤ ਵਿਚੋਂ ਕੱਢ ਦਿੱਤਾ। ਇਸ ਘਟਨਾ ਵਿਰੁੱਧ ਸਾਰੇ ਸਿੱਖ ਜਗਤ ਵਿਚ ਰੋਸ ਦੀ ਲਹਿਰ ਫੈਲਣੀ ਕੁਦਰਤੀ ਸੀ ਕਿਉਂਕਿ ਮਹਾਰਾਜਾ ਨਾਭਾ ਸਿੱਖਾਂ ਵਿਚ ਬਹੁਤ ਹਰਮਨ ਪਿਆਰੇ ਹੋ ਚੁੱਕੇ ਸਨ। ਸਿੱਖਾਂ ਵੱਲੋਂ ਉਨ੍ਹਾਂ ਦੀ ਬਰਤਰਫੀ ਦਾ ਵਿਰੋਧ ਕੀਤਾ ਜਾਣ ਲੱਗਿਆ। ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਦਾ ਵਿਰੁੱਧ ਰੋਸ ਪ੍ਰਗਟ ਕਰਨ ਲਈ 5 ਅਗਸਤ 1923 ਨੂੰ ਅੰਮ੍ਰਿਤਸਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬੈਠਕ ਹੋਈ, ਜਿਸ ਵਿਚ ਮਹਾਰਾਜਾ ਰਿਪੁਦਮਨ ਸਿੰਘ ਪ੍ਰਤੀ ਹਮਦਰਦੀ ਦਾ ਮਤਾ ਪਾਸ ਕੀਤਾ ਗਿਆ ਅਤੇ 9 ਸਤੰਬਰ ਨੂੰ ਮਹਾਰਾਜਾ ਦੇ ਹੱਕ ਵਿਚ ਨਾਭਾ ਦਿਵਸ ਮਨਾਉਣ ਦਾ ਐਲਾਨ ਕਰ ਦਿੱਤਾ ਗਿਆ। ਅੰਗਰੇਜ਼ੀ ਹਕੂਮਤ ਵੱਲੋਂ ਮਹਾਰਾਜਾ ਰਿਪੁਦਮਨ ਦੇ ਸਬੰਧ ਵਿਚ ਕੋਈ ਵੀ ਮਤਾ ਪਾਸ ਕਰਨ ਦੀ ਆਗਿਆ ਨਾ ਹੋਣ ਦੇ ਬਾਵਜੂਦ ਸਿੱਖ ਸੰਗਤਾਂ ਵੱਲੋਂ 9 ਸਤੰਬਰ ਨੂੰ ਪੰਜਾਬ ਭਰ ਵਿਚ ਥਾਂ-ਥਾਂ ਮੁਜ਼ਾਹਰੇ ਕੀਤੇ ਗਏ ਅਤੇ ਮਹਾਰਾਜਾ ਦੀ ਬਹਾਲੀ ਦੇ ਮਤੇ ਪਾਸ ਕੀਤੇ ਗਏ। ਜੈਤੋ ਮੰਡੀ ਵਿਚ ਵੀ ਅਜਿਹਾ ਮੁਜ਼ਾਹਰਾ ਕਰਨ ਉਪਰੰਤ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦੀਵਾਨ ਸਜਾਇਆ ਗਿਆ ਅਤੇ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ ਗਈ।

ਸਿੱਖਾਂ ਦੇ ਇਸ ਰੋਸ ਤੋਂ ਅੰਗਰੇਜ਼ੀ ਹਕੂਮਤ ਬੇਹੱਦ ਖਫ਼ਾ ਹੋਈ। ਜੈਤੋ ਵਿਖੇ ਅਖੰਡ ਪਾਠਾਂ ਦੀ ਲੜੀ ਨੂੰ ਹਕੂਮਤ ਨੇ ਵੱਡੀ ਬਗਾਵਤ ਵਜੋਂ ਲਿਆ। 14 ਸਤੰਬਰ ਨੂੰ ਜਦੋਂ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਚ ਦੀਵਾਨ ਸਜਿਆ ਹੋਇਆ ਸੀ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦਾ ਅਖੰਡ ਪਾਠ ਚੱਲ ਰਿਹਾ ਸੀ, ਤਾਂ ਅੰਗਰੇਜ਼ੀ ਹਕੂਮਤ ਦੇ ਹਥਿਆਰਬੰਦ ਸਿਪਾਹੀਆਂ ਨੇ ਗੁਰਦੁਆਰੇ ਅੰਦਰ ਦਾਖ਼ਲ ਹੋ ਕੇ ਉੱਥੇ ਇਕੱਤਰ ਹੋਏ ਲੋਕਾਂ ਅਤੇ ਸੇਵਾਦਾਰਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਪਾਠ ਕਰ ਰਹੇ ਗ੍ਰੰਥੀ ਸਿੰਘ ਨੂੰ ਗੁਰੂ ਦੀ ਤਾਬਿਆ 'ਚੋਂ ਬਾਹਰ ਖਿੱਚ ਲਿਆਂਦਾ। ਇਸ ਤਰ੍ਹਾਂ ਅਖੰਡ ਪਾਠ ਨੂੰ ਖੰਡਿਤ ਕਰ ਦਿੱਤਾ ਗਿਆ।


ਅਖੰਡ ਪਾਠ ਦਾ ਖੰਡਿਤ ਕੀਤਾ ਜਾਣਾ ਸਿੱਖਾਂ ਮਰਿਯਾਦਾ ਦੀ ਘੋਰ ਉਲੰਘਣਾ ਸੀ ਅਤੇ ਇਸ ਘਟਨਾ ਨੇ ਮਹਾਰਾਜਾ ਦੇ ਰਾਜਸੀ ਸਵਾਲ ਨੂੰ ਧਾਰਮਿਕ ਸਵਾਲ ਬਣਾ ਦਿੱਤਾ। ਇਸ ਤਰ੍ਹਾਂ ਜੈਤੋ ਮੋਰਚੇ ਦਾ ਆਰੰਭ ਹੋਇਆ, ਜਿਸ ਦਾ ਮੁੱਖ ਨਿਸ਼ਾਨਾ ਖੰਡਿਤ ਅਖੰਡ ਪਾਠ ਨੂੰ ਮੁੜ ਅਖੰਡਿਤ ਰੂਪ ਵਿਚ ਚਾਲੂ ਕਰਨਾ ਸੀ। ਸਿੱਖਾਂ ਦੀ ਧਾਰਮਿਕ ਜੱਥੇਬੰਦੀ ਨੇ ਇਸ ਮੋਰਚੇ ਦੀ ਕਮਾਨ ਸੰਭਾਲਦਿਆਂ ਅੰਮ੍ਰਿਤਸਰ ਤੋਂ ਹਰ ਰੋਜ਼ 25-25 ਸਿੰਘਾਂ ਦੇ ਜੱਥੇ ਜੈਤੋ ਵੱਲ ਭੇਜਣੇ ਆਰੰਭ ਕਰ ਦਿੱਤੇ। 25 ਸਿੰਘਾਂ ਦਾ ਇਕ ਜੱਥਾ ਹਰ ਰੋਜ਼ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੋਂ ਚੱਲ ਕੇ ਜਦੋਂ ਜੈਤੋ ਪਹੁੰਚਦਾ, ਤਾਂ ਹਕੂਮਤ ਵੱਲੋਂ ਇਨ੍ਹਾਂ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਅਤੇ ਜੰਗਲਾਂ ਵਿਚ ਲਿਜਾ ਕੇ ਛੱਡ ਦਿੱਤਾ ਜਾਂਦਾ। ਇਸ ਮੋਰਚੇ ਦੀ ਚਰਚਾ ਪੰਜਾਬ ਤੋਂ ਬਾਹਰ ਵੀ ਹੋਣ ਲੱਗੀ। ਦਿੱਲੀ ਵਿਚ ਹੋਏ ਇੰਡੀਅਨ ਨੈਸ਼ਨਲ ਕਾਂਗਰਸ ਦੇ ਇਕ ਸਮਾਗਮ ਵਿਚ ਮਹਾਰਾਜਾ ਨਾਭਾ ਨੂੰ ਗੱਦੀਓਂ ਲਾਹੇ ਜਾਣ ਬਾਰੇ ਅਤੇ ਜੈਤੋ ਦੇ ਧਾਰਮਿਕ ਮੋਰਚੇ ਬਾਰੇ ਕਾਂਗਰਸ ਵੱਲੋਂ ਹਮਦਰਦੀ ਪ੍ਰਗਟ ਕੀਤੀ ਗਈ। ਕਾਂਗਰਸ ਵੱਲੋਂ ਪੰਡਿਤ ਜਵਾਹਰ ਲਾਲ ਨਹਿਰੂ, ਪ੍ਰਿੰਸੀਪਲ ਗਿਡਵਾਨੀ ਅਤੇ ਮਿਸਟਰ ਕੇ. ਸਨਾਤਮ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਲਈ ਜੈਤੋ ਮੰਡੀ ਭੇਜਿਆ ਗਿਆ। ਇਨ੍ਹਾਂ ਤਿੰਨਾਂ ਆਗੂਆਂ ਨੂੰ ਜੈਤੋ ਪੁੱਜਣ 'ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਕ ਰਾਤ ਜੈਤੋ ਕਿਲੇ ਦੀ ਇਕ ਕੋਠੜੀ ਵਿਚ ਬੰਦ ਕਰਨ ਉਪਰੰਤ ਅਗਲੇ ਦਿਨ ਨਾਭਾ ਜੇਲ੍ਹ ਵਿਚ ਭੇਜ ਦਿੱਤਾ। 29 ਸਤੰਬਰ, 1923 ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਹਕੂਮਤ ਦੀ ਦਖ਼ਲਅੰਦਾਜ਼ੀ ਨਾ ਸਹਿਣ ਕਰਨ ਦਾ ਮਤਾ ਪਾਸ ਕੀਤਾ ਗਿਆ ਅਤੇ ਹਰ ਰੋਜ਼ 25-25 ਸਿੰਘਾਂ ਦੇ ਜੱਥੇ ਭੇਜਣ ਨਾਲ ਕੋਈ ਤਸੱਲੀਬਖਸ਼ ਸਿੱਟਾ ਨਿਕਲਦਾ ਨਾ ਵੇਖ ਕੇ ਇਸ ਨੂੰ ਹੋਰ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ, ਜਿਸ ਤਹਿਤ 500-500 ਸਿੰਘਾਂ ਦਾ ਜੱਥੇ ਭੇਜਣ ਦਾ ਫੈਸਲਾ ਕੀਤਾ ਗਿਆ। 500 ਸਿੰਘਾਂ ਦੇ ਪਹਿਲੇ ਜੱਥੇ ਨੂੰ 21 ਫਰਵਰੀ, 1924 ਨੂੰ ਜੈਤੋ ਪੁੱਜ ਕੇ ਗੁਰਦੁਆਰਾ ਗੰਗਸਰ ਸਾਹਿਬ ਨੂੰ ਕਬਜ਼ੇ ਵਿਚ ਲੈਣ ਅਤੇ ਅਖੰਡ ਪਾਠ ਸ਼ੁਰੂ ਕਰਨ ਦਾ ਆਦੇਸ਼ ਦਿੱਤਾ ਗਿਆ।

ਇਹ ਵਿਸ਼ਾਲ ਜੱਥਾ ਨਾਭਾ, ਪਟਿਆਲਾ, ਫਰੀਦਕੋਟ ਅਤੇ ਸੰਗਰੂਰ ਰਾਜਾਂ ਦੇ ਪਿੰਡਾਂ ਵਿਚ ਪੜਾਅ ਤੈਅ ਕਰਦਾ ਹੋਇਆ 20 ਫਰਵਰੀ ਨੂੰ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿਖੇ ਪੁੱਜਿਆ। 21 ਫਰਵਰੀ ਨੂੰ ਸਵੇਰੇ ਕੀਰਤਨ ਕਰਨ ਉਪਰੰਤ ਇਹ ਜੱਥਾ ਜੈਤੋ ਵੱਲ ਕੂਚ ਕਰਨ ਲੱਗਿਆ। ਜੱਥੇ ਦੇ 500 ਸਿੰਘਾਂ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ 'ਚ ਸੰਗਤ ਵੀ ਸ਼ਰਧਾਵੱਸ ਜੱਥੇ ਦੇ ਨਾਲ ਚੱਲ ਰਹੀ ਸੀ ਅਤੇ ਵੱਡੀ ਗਿਣਤੀ ਵਿਚ ਦਰਸ਼ਕ ਵੀ ਸਨ, ਜਿਨ੍ਹਾਂ ਵਿਚ ਬੀਬੀਆਂ ਵੀ ਸ਼ਾਮਲ ਸਨ। ਕਾਂਗਰਸੀ ਨੇਤਾ ਡਾਕਟਰ ਕਿਚਲੂ, ਪਿੰਸੀਪਲ ਗਿਡਵਾਨੀ ਅਤੇ ਨਿਊਯਾਰਕ ਟਾਈਮਜ਼ ਦੇ ਪ੍ਰਤੀਨਿਧ ਮਿਸਟਰ ਜ਼ਿੰਮਦ ਕਾਰ ਵਿਚ ਸਵਾਰ ਹੋ ਕੇ ਜੱਥੇ ਦੇ ਨਾਲ-ਨਾਲ ਚੱਲ ਰਹੇ ਸਨ ਪਰ ਇਨ੍ਹਾਂ ਨੇਤਾਵਾਂ ਨੂੰ ਨਾਭਾ ਰਿਆਸਤ ਦੀ ਹੱਦ ਤੋਂ ਅੱਗੇ ਨਹੀਂ ਜਾਣ ਦਿੱਤਾ ਗਿਆ।

ਜੱਥੇ ਦੇ ਅੱਗੇ ਪੰਜ ਸਿੰਘ ਨਿਸ਼ਾਨ ਸਾਹਿਬ ਲੈ ਕੇ ਚੱਲ ਰਹੇ ਸਨ ਅਤੇ ਵਿਚਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸੀ। ਅੰਗਰੇਜ਼ੀ ਹਕੂਮਤ ਵੱਲੋਂ ਜੱਥੇ ਨੂੰ ਗੁਰਦੁਆਰਾ ਟਿੱਬੀ ਸਾਹਿਬ ਤੋਂ 150 ਗਜ਼ ਕੁ ਦੀ ਵਿੱਥ 'ਤੇ ਰੋਕਿਆ ਅਤੇ ਚਿਤਾਵਨੀ ਦਿੱਤੀ ਕਿ ਜੇਕਰ ਅਗਾਂਹ ਵਧੇ ਤਾਂ ਗੋਲੀ ਚਲਾ ਦਿੱਤੀ ਜਾਵੇਗੀ। ਪਰ ਜੱਥਾ ਸਭ ਕੁਝ ਅਣਸੁਣਿਆ ਕਰ ਕੇ ਸ਼ਾਂਤਮਈ ਅੱਗੇ ਵਧਦਾ ਰਿਹਾ, ਜਿਸ 'ਤੇ ਵਿਲਸਨ ਜਾਨਸਟਨ ਨੇ ਪੁਲਿਸ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਅਤੇ ਸੈਂਕੜੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ (ਸ਼੍ਰੋਮਣੀ ਕਮੇਟੀ ਅਨੁਸਾਰ ਇਸ ਘਟਨਾ ਵਿਚ 300 ਸਿੰਘ ਗੋਲੀ ਦਾ ਸ਼ਿਕਾਰ ਹੋਏ, ਜਿਨ੍ਹਾਂ ਵਿਚੋਂ 100 ਸਿੰਘ ਸ਼ਹਾਦਤ ਹਾਸਲ ਕਰ ਗਏ)। ਇਸ ਘਟਨਾ ਨੇ ਸਿੱਖਾਂ ਅੰਦਰ ਗੁੱਸਾ ਅਤੇ ਜੋਸ਼ ਭਰ ਦਿੱਤਾ ਅਤੇ ਉਨ੍ਹਾਂ ਵਿਚ ਇਸ ਮੋਰਚੇ ਵਿਚ ਸ਼ਹਾਦਤ ਪਾਉਣ ਦਾ ਚਾਅ ਠਾਠਾਂ ਮਾਰਨ ਲੱਗਾ। ਲੋਕ ਸ਼ਹੀਦੀ ਜੱਥਿਆਂ ਵਿਚ ਵਧ-ਚੜ੍ਹ ਕੇ ਸ਼ਾਮਲ ਹੋਣ ਲੱਗੇ। ਪਹਿਲੇ ਸ਼ਹੀਦੀ ਜਥੇ 'ਤੇ ਗੋਲੀ ਚਲਾਏ ਜਾਣ ਦੇ ਬਾਵਜੂਦ ਸਿੱਖਾਂ ਦੇ ਹੌਂਸਲੇ ਨਾ ਸਿਰਫ਼ ਬਾ-ਦਸਤੂਰ ਕਾਇਮ ਰਹੇ, ਸਗੋਂ ਸਿੱਖਾਂ ਵਿਚ ਰੋਹ ਤੇ ਜੋਸ਼ ਦਾ ਵਾਧਾ ਹੋਇਆ। ਦੂਜਾ 500 ਸਿੰਘਾਂ ਦਾ ਜਥਾ ਅਕਾਲ ਤਖ਼ਤ ਸਾਹਿਬ ਤੋਂ 28 ਫ਼ਰਵਰੀ, 1924 ਨੂੰ ਰਵਾਨਾ ਹੋਇਆ। ਤੀਜਾ ਜੱਥਾ 22 ਮਾਰਚ 1924 ਨੂੰ ਅਕਾਲ ਤਖ਼ਤ ਸਾਹਿਬ ਤੋਂ ਚੱਲ ਕੇ 7 ਅਪ੍ਰੈਲ, 1924 ਨੂੰ ਜੈਤੋ ਪਹੁੰਚਿਆ, ਜਿਥੇ ਫ਼ੌਜ ਅਤੇ ਪੁਲਿਸ ਵੱਲੋਂ ਇਨ੍ਹਾਂ ਸਿੰਘਾਂ ਨੂੰ ਹੱਥਕੜੀਆਂ ਲਾ ਕੇ ਅਤੇ ਰੱਸਿਆਂ ਨਾਲ ਜਕੜ ਕੇ ਜੈਤੋ ਕਿਲ੍ਹੇ ਅੰਦਰ ਡੱਕ ਦਿੱਤਾ ਗਿਆ ਅਤੇ ਮਗਰੋਂ ਨਾਭਾ ਬੀੜ ਜੇਲ੍ਹ ਵਿਚ ਭੇਜ ਦਿੱਤੇ ਗਏ। ਪੰਜਵਾਂ ਸ਼ਹੀਦੀ ਜੱਥਾ ਲਾਇਲਪੁਰ ਤੋਂ 12 ਅਪ੍ਰੈਲ, 1924 ਨੂੰ ਪੈਦਲ ਰਵਾਨਾ ਹੋਇਆ ਤੇ ਅਕਾਲ ਤਖ਼ਤ ਉੱਤੇ ਹਾਜ਼ਰ ਹੋਣ ਮਗਰੋਂ ਜੈਤੋ ਵੱਲ ਚੱਲ ਪਿਆ। 29 ਜੂਨ, 1924 ਨੂੰ ਬੰਗਾਲ ਦੇ 100 ਸਿੰਘਾਂ ਦਾ ਜਥਾ ਕਲਕੱਤੇ ਤੋਂ ਚੱਲਿਆ। ਕੈਨੇਡਾ ਤੋਂ 11 ਸਿੱਖਾਂ ਦਾ ਜਥਾ 17 ਜੁਲਾਈ 1924 ਨੂੰ ਚੱਲ ਕੇ ਸਮੁੰਦਰੀ ਜਹਾਜ਼ ਰਾਹੀਂ 14 ਸਤੰਬਰ ਨੂੰ ਕਲਕੱਤੇ ਪੁੱਜਿਆ ਅਤੇ 28 ਸਤੰਬਰ ਨੂੰ ਅੰਮ੍ਰਿਤਸਰ ਪਹੁੰਚਿਆ ਅਤੇ 2 ਜਨਵਰੀ, 1925 ਨੂੰ ਜੈਤੋ ਵੱਲ ਚੱਲ ਪਿਆ।

ਸਿੱਖ ਜਗਤ ਦੇ ਰੋਸ ਅਤੇ ਰੋਹ ਅੱਗੇ ਅੰਤ ਅੰਗਰੇਜ਼ੀ ਹਕੂਮਤ ਨੂੰ ਝੁਕਣਾ ਪਿਆ। ਹਕੂਮਤ ਵੱਲੋਂ ਜੈਤੋ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਨ 'ਤੇ ਲਾਈ ਪਾਬੰਦੀ 21 ਜੁਲਾਈ 1925 ਨੂੰ ਵਾਪਸ ਲੈ ਲਈ ਗਈ। ਇਸ ਇਤਿਹਾਸਕ ਮੋਰਚੇ ਨੂੰ ਸਫਲਤਾ ਮਿਲਣ ਉਪਰੰਤ ਸਿੱਖ ਸੰਗਤ ਨੇ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਖੇ ਮੁੜ ਅਖੰਡ ਪਾਠ ਸ਼ੁਰੂ ਕਰਕੇ ਭੋਗ ਪਾਏ ਗਏ। ਸ਼ਹੀਦੀ ਜੱਥੇ ਉਪਰ ਜਿਸ ਸਥਾਨ 'ਤੇ ਗੋਲੀ ਚਲਾਈ ਗਈ ਸੀ, ਉਸ ਜਗ੍ਹਾ ਉੱਪਰ ਗੁਰਦੁਆਰਾ ਟਿੱਬੀ ਸਾਹਿਬ ਉਸਾਰਿਆ ਗਿਆ ਹੈ ਅਤੇ ਇਸ ਗੁਰਦੁਆਰਾ ਸਾਹਿਬ ਵਿਖੇ ਹਰ ਸਾਲ ਅਖੰਡ ਪਾਠਾਂ ਦੀ ਇਕੋਤਰੀ ਚਲਾਈ ਜਾਂਦੀ ਹੈ ਅਤੇ 21 ਫਰਵਰੀ ਨੂੰ ਸ਼ਹੀਦੀ ਜੋੜ ਮੇਲਾ ਮਨਾਇਆ ਜਾਂਦਾ ਹੈ, ਜਿਸ ਵਿਚ ਸ਼ਾਮਲ ਹੋ ਕੇ ਸੰਗਤਾਂ ਸ਼ਹੀਦਾਂ ਨੂੰ ਨਤਮਸਤਕ ਹੁੰਦੀਆਂ ਹਨ।





# ਭਾਜਪਾ ਦੀ ਮੋਦੀ ਸਰਕਾਰ ਪੰਜਾਬ ਨੂੰ ਖਾਹ-ਮ-ਖਾਹ ਬਦਨਾਮ ਕਰਦੀ-ਕਰਦੀ ਸਾਰੇ ਸੰਸਾਰ ਵਿਚ ਸਮੁੱਚੇ ਭਾਰਤ ਦੀ ਇੱਜ਼ਤ ਨੂੰ ਤਾਰ-ਤਾਰ ਕਰ ਦਿੱਤਾ ਹੈ !!

## ਕੀ ਮੋਦੀ ਸਰਕਾਰ ਆਪਣੀ ਮੌਜੂਦਾ ਸੋਚ 'ਤੇ ਨਜ਼ਰਸਾਨੀ ਕਰੇਗੀ?





ਜੰਗ ਸਿੰਘ ਮਰਸੱਡ
(ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA


**ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੂੰ ਸਰਾਸਰ ਝੂਠ ਬੋਲਣ ਵਾਲੇ ਇਸ ਵਿਦੇਸ਼ ਮੰਤਰੀ ਨੂੰ ਤੁਰੰਤ ਆਪਣੀ ਵਜ਼ਾਰਤ ਤੋਂ ਤੁਰੰਤ ਖਾਰਜ ਕਰ ਦੇਣਾ ਚਾਹੀਦਾ। ਜਿਸ ਦੀ ਮੰਗ ਭਾਰਤ ਦੀ ਵੱਡੀ ਗਿਣਤੀ ਵਿਚ ਪ੍ਰੈੱਸ ਸ਼੍ਰੀ ਨਰਿੰਦਰ ਮੋਦੀ ਕੋਲੋਂ ਕਰਦੀ ਆ ਰਹੀ ਹੈ। ਭਾਰਤੀ ਪ੍ਰੈੱਸ ਦਾ ਕਹਿਣਾ ਹੈ ਕਿ ਦੋ ਕਰੋੜ ਤੋਂ ਘੱਟ ਆਬਾਦੀ ਵਾਲੇ ਦੇਸ਼ ਵੈਨਜ਼ੂਐਲਾ, ਮੈਕਸੀਕੋ ਤੇ ਕੋਲੰਬੀਆ ਨੇ ਆਪਣੇ ਨਾਗਰਿਕਾਂ ਨੂੰ ਬੜੇ ਸਨਮਾਨਜਨਕ ਢੰਗ ਨਾਲ ਬਿਨਾ ਹੱਥਕੜੀਆਂ ਤੇ ਬੇੜੀਆਂ ਤੋਂ ਅਮਰੀਕਾ ਤੋਂ ਮੰਗਵਾਇਆ ਹੈ, ਜਦੋਂਕਿ 144 ਕਰੋੜ ਦੀ ਆਬਾਦੀ ਵਾਲੇ ਦੇਸ਼ ਭਾਰਤ ਜਿਸ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਪੱਕੇ ਮਿੱਤਰ ਦੱਸੇ ਜਾਂਦੇ ਸ਼੍ਰੀ ਡੋਨਾਲਡ ਟਰੰਪ ਨੇ ਭਾਰਤੀਆਂ ਨੂੰ ਬੜੇ ਸ਼ਰਮਨਾਕ ਢੰਗ ਨਾਲ ਭਾਰਤ ਭੇਜਿਆ ਹੈ।**

ਅਮਰੀਕਾ ਸਰਕਾਰ ਵਲੋਂ ਭਾਰਤ ਵਿਚੋਂ ਗੈਰ ਕਾਨੂੰਨੀ ਤੌਰ 'ਤੇ ਗਏ ਵੱਖ-ਵੱਖ ਪ੍ਰਾਂਤਾਂ ਦੇ ਭਾਰਤੀਆਂ ਦੇ ਲਗਭਗ 350 ਭਾਰਤੀਆਂ ਨੂੰ ਹੁਣ ਤੱਕ ਤਿੰਨ ਫੌਜੀ ਜਹਾਜ਼ਾਂ ਰਾਹੀਂ ਬੇੜੀਆਂ ਤੇ ਹੱਥਕੜੀਆਂ ਲਗਾ ਕੇ ਭੇਜਿਆ ਗਿਆ ਹੈ। ਇਨ੍ਹਾਂ ਵਿਚ ਸਿਰਫ ਇਕ ਤਿਹਾਈ ਪੰਜਾਬ ਦੇ ਵਸਨੀਕ ਹਨ। ਮੋਦੀ ਸਰਕਾਰ ਦੀ ਦਿਲੀ ਭਾਵਨਾ ਸੀ ਕਿ ਅਮਰੀਕਾ ਵਲੋਂ ਭੇਜੇ ਜਾ ਰਹੇ ਸਾਰੇ ਫੌਜੀ ਜਹਾਜ਼ਾਂ ਨੂੰ ਪੰਜਾਬ ਦੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਉਤਾਰ ਕੇ ਸੰਸਾਰ ਭਰ ਵਿਚ ਪੰਜਾਬ ਤੇ ਵਿਸ਼ੇਸ਼ ਕਰਕੇ ਸਿੱਖਾਂ ਦੀਆਂ ਪੱਗੜੀਆਂ ਨੂੰ ਲੁਹਾ ਕੇ ਲਿਆਉਣ ਨਾਲ ਉਨ੍ਹਾਂ ਨੂੰ ਬਦਨਾਮ ਕੀਤਾ ਜਾਵੇ ਪਰ ਇਹ ਸਾਰੀ ਸਾਜ਼ਿਸ਼ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੂੰ ਪੁੱਠੀ ਪੈ ਗਈ। ਅੱਜ ਦੇਸ਼ ਭਰ ਦਾ ਮੀਡੀਆ ਮੋਦੀ ਸਰਕਾਰ ਨੂੰ ਫਿਟਕਾਰਾਂ ਤੇ ਫਿਟਕਾਰਾਂ ਪਾਂਦਾ ਆ ਰਿਹਾ ਹੈ ਕਿ ਆਪਣੇ ਆਪ ਨੂੰ ਵਿਸ਼ਵ ਗੁਰੂ ਕਹਾਉਣ ਵਾਲੇ ਦੇਸ਼ ਦੇ ਨਾਲ ਅਮਰੀਕਾ ਦੇ ਰਾਸ਼ਟਰਪਤੀ ਸ਼੍ਰੀ ਡੋਨਾਲਡ ਟਰੰਪ ਦੇ ਵੱਡੇ ਮਿੱਤਰ ਮੋਦੀ ਸਾਹਿਬ ਜਿਹੜੇ ਅਮਰੀਕਾ ਦੀਆਂ ਪਿਛਲੀਆਂ 2020 ਦੀਆਂ ਚੋਣਾਂ ਵਿਚ ਇਹ ਟਾਹਰਾਂ ਮਾਰਦੇ ਨਹੀਂ ਸਨ ਥੱਕਦੇ ਕਿ "ਇਸ ਵਾਰ ਟਰੰਪ ਸਰਕਾਰ"। ਇਸੇ ਮਿੱਤਰ ਸ਼੍ਰੀ ਟਰੰਪ ਨੇ ਜਦੋਂ ਵੱਖ-ਵੱਖ ਪ੍ਰਾਂਤਾਂ ਦੇ ਭਾਰਤੀਆਂ ਨੂੰ ਅਤਿ ਦੀਆਂ ਮਾੜੀਆਂ ਸਹੂਲਤਾਂ ਵਾਲੇ ਫੌਜੀ ਜਹਾਜ਼ਾਂ ਜਿਸ ਵਿਚ ਇਕੋ ਇਕ ਟਾਇਲਟ ਸੀ ਤੇ ਲਗਭਗ 40 ਘੰਟੇ ਦੇ ਸਫਰ ਦੌਰਾਨ ਇਨ੍ਹਾਂ ਭਾਰਤੀਆਂ ਨੂੰ ਯੋਗ ਖਾਣਾ ਨਾ ਦਿੱਤੇ ਜਾਣ ਦੀਆਂ ਸੂਚਨਾਵਾਂ ਹਨ, ਭਾਰਤ ਦੀ ਰੱਜ ਕੇ ਬੇਇੱਜ਼ਤੀ ਕੀਤੀ ਹੈ। ਸ਼੍ਰੀ ਟਰੰਪ ਦੇ ਮਿੱਤਰ ਇਸੇ ਸ਼੍ਰੀ ਨਰਿੰਦਰ ਮੋਦੀ ਦੇ ਮੂੰਹੋਂ ਉਸ ਨੂੰ ਇਹ ਕਹਿਣ ਦੀ ਹਿੰਮਤ ਨਹੀਂ ਜੁਟਾ ਸਕਿਆ ਕਿ ਉਹ ਫੌਜੀ ਜਹਾਜ਼ਾਂ ਵਿਚ ਇਸ ਤਰ੍ਹਾਂ ਦੀਆਂ ਮੰਦੀਆਂ ਹਾਲਤਾਂ ਵਿਚ ਭਾਰਤੀਆਂ ਨੂੰ ਨਾ ਭੇਜਣ। ਬੜੀ ਸ਼ਰਮ ਨਾਲ ਲਿਖਣਾ ਪੈ ਰਿਹਾ ਹੈ ਕਿ ਸਾਡੇ ਦੇਸ਼ ਦੇ ਵਿਦੇਸ਼ ਮੰਤਰੀ ਸ਼੍ਰੀ ਐੱਸ. ਜੈਸ਼ੰਕਰ ਤਾਂ ਅਮਰੀਕਾ ਦੀ ਵਕਾਲਤ ਕਰਦੇ ਭਾਰਤੀਆਂ ਅੱਗੇ ਝੂਠ ਬੋਲਦੇ ਇਹ ਹੀ ਕਹਿੰਦੇ ਰਹੇ ਹਨ ਕਿ ਅਮਰੀਕਾ ਦੇ ਤਾਂ ਨਿਯਮ ਹਨ, ਉਹ ਇਸੇ ਤਰ੍ਹਾਂ ਹੀ ਗੈਰ ਕਾਨੂੰਨੀ ਢੰਗ ਨਾਲ ਆਏ ਵਿਦੇਸ਼ੀਆਂ ਨੂੰ ਭੇਜਦਾ ਆ ਰਿਹਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੂੰ ਸਰਾਸਰ ਝੂਠ ਬੋਲਣ ਵਾਲੇ ਇਸ ਵਿਦੇਸ਼ ਮੰਤਰੀ ਨੂੰ ਤੁਰੰਤ ਆਪਣੀ ਵਜ਼ਾਰਤ ਤੋਂ ਤੁਰੰਤ ਖਾਰਜ ਕਰ ਦੇਣਾ ਚਾਹੀਦਾ। ਜਿਸ ਦੀ ਮੰਗ ਭਾਰਤ ਦੀ ਵੱਡੀ ਗਿਣਤੀ ਵਿਚ ਪ੍ਰੈੱਸ ਸ਼੍ਰੀ ਨਰਿੰਦਰ ਮੋਦੀ ਕੋਲੋਂ ਕਰਦੀ ਆ ਰਹੀ ਹੈ। ਭਾਰਤੀ ਪ੍ਰੈੱਸ ਦਾ ਕਹਿਣਾ ਹੈ ਕਿ ਦੋ ਕਰੋੜ ਤੋਂ ਘੱਟ ਆਬਾਦੀ ਵਾਲੇ ਦੇਸ਼ ਵੈਨਜ਼ੂਐਲਾ, ਮੈਕਸੀਕੋ ਤੇ ਕੋਲੰਬੀਆ ਨੇ ਆਪਣੇ ਨਾਗਰਿਕਾਂ ਨੂੰ ਬੜੇ ਸਨਮਾਨਜਨਕ ਢੰਗ ਨਾਲ ਬਿਨਾ ਹੱਥਕੜੀਆਂ ਤੇ ਬੇੜੀਆਂ ਤੋਂ ਅਮਰੀਕਾ ਤੋਂ ਮੰਗਵਾਇਆ ਹੈ, ਜਦੋਂਕਿ 144 ਕਰੋੜ ਦੀ ਆਬਾਦੀ ਵਾਲੇ ਦੇਸ਼ ਭਾਰਤ ਜਿਸ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਪੱਕੇ ਮਿੱਤਰ ਦੱਸੇ ਜਾਂਦੇ ਸ਼੍ਰੀ ਡੋਨਾਲਡ ਟਰੰਪ ਨੇ ਭਾਰਤੀਆਂ ਨੂੰ ਬੜੇ ਸ਼ਰਮਨਾਕ ਢੰਗ ਨਾਲ ਭਾਰਤ ਭੇਜਿਆ ਹੈ। ਅਮਰੀਕਾ ਦੇ ਰਾਸ਼ਟਰਪਤੀ ਨੇ ਅਜਿਹਾ ਕਰਕੇ ਭਾਰਤ ਦੀ ਰੱਜ ਕੇ ਬੇਇੱਜ਼ਤੀ ਤਾਂ ਕੀਤੀ ਹੀ ਹੈ, ਨਾਲ ਹੀ ਇਸ ਸਾਰੀ ਘਟਨਾ ਨੇ ਸ਼੍ਰੀ ਨਰਿੰਦਰ ਮੋਦੀ ਦੇ ਵਕਾਰ ਨੂੰ ਜਿਥੇ ਭਾਰੀ ਸੱਟ ਮਾਰੀ ਹੈ, ਉਥੇ ਭਾਰਤ ਦੀ ਸੰਸਾਰ ਭਰ ਵਿਚ ਇੱਜ਼ਤ ਨੂੰ ਵੀ ਤਾਰ-ਤਾਰ ਕਰ ਕੇ ਰੱਖ ਦਿੱਤਾ ਹੈ। ਪੰਜਾਬ ਦੇਸ਼ ਦਾ ਸਰਹੱਦੀ ਸੂਬਾ ਰਿਹਾ ਹੈ, ਇਥੇ ਸਮੇਂ-ਸਮੇਂ ਬੜੇ ਧਾੜਵੀ ਆਉਂਦੇ ਰਹੇ। ਇਸੇ ਸੂਬੇ ਦੇ ਵਾਸੀਆਂ ਨੇ ਆਪਣੀਆਂ ਭਾਰੀ ਕੁਰਬਾਨੀਆਂ ਦੇ ਕੇ ਦੇਸ਼ ਦੀ ਰੱਖਿਆ ਕੀਤੀ ਹੈ। ਨਾਦਰ ਸ਼ਾਹ, ਅਬਦਾਲੀ ਅਤੇ ਔਰੰਗੇ ਵਰਗੇ ਬੜੇ ਜਾਬਰਾਂ ਨੇ ਪੰਜਾਬ ਦੇ ਵਾਸੀਆਂ 'ਤੇ ਜ਼ੁਲਮ ਕੀਤੇ ਪਰ ਉਹ ਪੰਜਾਬ ਦੇ ਸਿਦਕ ਤੇ ਬਹਾਦਰੀ ਅੱਗੇ ਟਿਕ ਨਹੀਂ ਸਕੇ। ਕੌਣ ਨਹੀਂ ਜਾਣਦਾ ਕਿ ਮੁਗਲਾਂ ਦੇ ਇੰਤਹਾ ਜ਼ੁਲਮ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਆਇਆ, ਜਿਸ ਨੇ ਸਰਹਿੰਦ ਦੀ ਇੱਟ ਨਾਲ ਇੱਟ ਹੀ ਨਹੀਂ ਸੀ ਖੜਕਾਈ, ਬਲਕਿ ਦਿੱਲੀ ਦੇ ਲਾਲ ਕਿਲ੍ਹੇ ਉਤੇ ਖਾਲਸਾਈ ਝੰਡਾ ਵੀ ਝੁਲਾਇਆ ਸੀ। ਇਹ ਪੰਜਾਬੀ ਹੀ ਹਨ, ਜਿਨ੍ਹਾਂ ਨੇ ਅਠਾਰਾਂ ਵਾਰ ਦਿੱਲੀ 'ਤੇ ਕਬਜ਼ਾ ਕੀਤਾ ਸੀ, ਜਿਸ ਦਾ ਇਤਿਹਾਸ ਗਵਾਹ ਹੈ। ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਇਕ ਵੱਡਾ ਰਾਜ ਸਥਾਪਤ ਕਰਨ ਦੇ ਨਾਲ ਵਿਸ਼ਾਲ ਰਾਜ 'ਤੇ ਲਗਭਗ ਪੰਜਾਹ ਵਰ੍ਹੇ ਸ਼ਾਨਦਾਰ ਰਾਜ ਵੀ ਕੀਤਾ ਸੀ। ਬੀਤੇ ਦਿਨੀਂ ਸੰਸਾਰ ਭਰ ਦੇ ਰਾਜਿਆਂ ਦੇ ਇਤਿਹਾਸ ਦਾ ਸਰਵੇਖਣ ਕਰਾਇਆ ਗਿਆ ਸੀ, ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ 150 ਰਾਜਿਆਂ ਦੇ ਸ਼ਾਨਦਾਰ ਰਾਜਾਂ ਵਿਚੋਂ ਸਭ ਤੋਂ ਉੱਤਮ ਰਾਜ ਐਲਾਨਿਆ ਗਿਆ ਹੈ। ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਸਭ ਤੋਂ ਵੱਧ ਜੇ ਕਿਸੇ ਰਾਜ ਨੇ ਕੁਰਬਾਨੀਆਂ ਦਿੱਤੀਆਂ ਹਨ, ਤਾਂ ਇੱਕਲਾ ਸੂਬਾ ਪੰਜਾਬ ਹੈ ਪਰ ਆਜ਼ਾਦ ਭਾਰਤ ਵਿਚ ਬਣਨ ਵਾਲੀ ਕਾਂਗਰਸ ਸਰਕਾਰ ਦੇ ਪਹਿਲੇ ਗ੍ਰਹਿ ਮੰਤਰੀ ਸਰਦਾਰ ਪਟੇਲ ਨੇ ਇਥੋਂ ਦੇ ਲੋਕਾਂ ਨੂੰ ਜਰਾਇਮ ਪੇਸ਼ਾ ਆਖ ਕੇ ਰੱਜ ਕੇ ਨਿਰਾਦਰ ਕੀਤਾ ਸੀ। ਕਾਂਗਰਸ ਦੇ ਰਾਜ ਭਾਗ ਵਿਚ ਪੰਜਾਬ ਨਾਲ ਪੜਾਅ-ਪੜਾਅ 'ਤੇ ਧੱਕਾ ਤੇ ਬੇਇਨਸਾਫੀ ਹੁੰਦੀ ਰਹੀ ਹੈ। ਮੌਜੂਦਾ ਭਾਜਪਾ ਸਰਕਾਰ ਵੀ ਇਸੇ ਲੀਹੇ ਚੱਲ ਕੇ ਪੰਜਾਬ ਨਾਲ ਜਿਥੇ ਵੀ ਉਸ ਨੂੰ ਮੌਕਾ ਮਿਲਦਾ ਹੈ, ਪੰਜਾਬੀ ਦੇ ਵਕਾਰ ਨੂੰ ਖਰਾਬ ਕਰਦੀ ਆ ਰਹੀ ਹੈ। ਇਸ ਸਰਕਾਰ ਨੂੰ ਆਪਣੀ ਦ੍ਰਿਸ਼ਟੀ ਗੋਚਰ ਰੱਖਣਾ ਚਾਹੀਦਾ ਹੈ, ਇਹ ਪੰਜਾਬੀ ਹੀ ਹਨ, ਜਿਨ੍ਹਾਂ ਦੀ ਅਗਵਾਈ ਵਿਚ ਦੇਸ਼ ਭਰ ਦੇ ਕਿਸਾਨਾਂ ਨੇ ਸਫਲਤਾਪੂਰਵਕ ਸੰਘਰਸ਼ ਲੜਿਆ ਸੀ ਤੇ ਉਸ ਵਿਚ ਸ਼ਾਨਦਾਰ ਫਤਹਿ ਪ੍ਰਾਪਤ ਕਰਕੇ ਆਪਣੇ 100 ਸਾਲਾਂ ਦੇ ਪਿਛਲੇ ਇਤਿਹਾਸ ਨੂੰ ਮੁੜ ਤਾਜ਼ਾ ਕਰਵਾ ਦਿੱਤਾ ਸੀ। ਮੌਜੂਦਾ ਸਰਕਾਰ ਜਿਹੜੀ ਨਿੱਤ ਕੋਈ ਨਾ ਕੋਈ ਬਹਾਨਾ ਘੜ ਕੇ ਪੰਜਾਬ ਦੇ ਬਹਾਦਰ ਲੋਕਾਂ ਨਾਲ ਟਕਰਾਉ ਦੀ ਨੀਤੀ 'ਤੇ ਚੱਲਣ ਦੇ ਨਾਲ ਉਸ ਦੇ ਵਕਾਰ ਨੂੰ ਖਰਾਬ ਕਰਨਾ ਚਾਹੁੰਦੀ ਹੈ, ਇਸ ਸਰਕਾਰ ਨੂੰ ਪੰਜਾਬ ਦੇ ਪਿਛਲੇ ਸ਼ਾਨਦਾਰ ਇਤਿਹਾਸ ਨੂੰ ਧਿਆਨ ਵਿਚ ਜ਼ਰੂਰ ਰੱਖਣਾ ਚਾਹੀਦਾ ਹੈ। ਪੰਜਾਬ ਗੁਰਾਂ ਦੇ ਨਾਂ 'ਤੇ ਵਸਦਾ ਦੱਸਿਆ ਜਾਂਦਾ ਹੈ, ਇਸ ਵੱਲ ਜਿਸ ਕਿਸੇ ਨੇ ਵੀ ਗੈਰ ਤੇ ਕੌੜ੍ਹ ਭਰੀਆਂ ਨਜ਼ਰਾਂ ਨਾਲ ਵੇਖਿਆ ਹੈ, ਉਸ ਨੂੰ ਮੂੰਹ ਦੀ ਹੀ ਖਾਣੀ ਪਈ ਹੈ। ਇਸ ਵੇਲੇ ਪੰਜਾਬ ਦੇ ਲੋਕ ਸੰਸਾਰ ਭਰ ਦੇ ਕਈ ਮੁਲਕਾਂ ਦੀਆਂ ਸਰਕਾਰਾਂ ਵਿਚ ਸ਼ਾਮਲ ਹਨ, ਜਦੋਂ ਵੀ ਪੰਜਾਬ 'ਤੇ ਕੋਈ ਭਾਰੀ ਆਫਤ ਆਉਂਦੀ ਹੈ, ਇਹ ਇਕੱਠੇ ਹੋ ਕੇ ਉਸ ਦਾ ਮੁਕਾਬਲਾ ਕਰਨ ਦੀ ਸਮਰੱਥਾ ਰੱਖਦੇ ਹਨ। ਦੇਸ਼ ਦੇ ਲੋਕ ਜਿਨ੍ਹਾਂ ਵਿਚ ਬਹੁਗਿਣਤੀ ਧਰਮ ਦੇ ਲੋਕ ਵੀ ਸ਼ਾਮਲ ਹਨ, ਉਹ ਵੀ ਭਲੀਭਾਂਤ ਸਮਝ ਗਏ ਹਨ ਕਿ ਭਾਰਤ ਦਾ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜਿਸ ਨੇ ਚੋਣਾਂ ਤੋਂ ਪਹਿਲਾਂ ਦੇਸ਼ ਦੇ ਲੋਕਾਂ ਨਾਲ ਕਈ ਵਾਅਦੇ ਕੀਤੇ ਸਨ, ਉਹ ਉਨ੍ਹਾਂ ਸਭਨਾਂ ਨੂੰ ਭੁੱਲ ਕੇ ਦੇਸ਼ ਦੀ ਬਹੁਗਿਣਤੀ ਦੇ ਧਰਮ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਆਪਣੇ ਦੋ ਗੁਜਰਾਤੀ ਮਿੱਤਰਾਂ ਦੇ ਹੱਥ ਵਿਚ ਦੇਸ਼ ਦੀ ਵਾਂਗਡੋਰ ਫੜਾਉਣਾ ਚਾਹੁੰਦਾ ਹੈ। ਇਸ ਦੀ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਚਾਲ ਨੂੰ ਬਹੁਗਿਣਤੀ ਦੇ ਲੋਕ ਹਿੰਦੂ ਭਰਾ ਵੀ ਬੜੀ ਚੰਗੀ ਤਰ੍ਹਾਂ ਸਮਝ ਗਏ ਹਨ। ਉਹ ਦੇਸ਼ ਨੂੰ ਇਕ ਫੁੱਲ ਦਾ ਗੁਲਦਸਤਾ ਬਣਿਆ ਦੇਖਣ ਦੀ ਥਾਂ 'ਤੇ ਵੰਨ-ਸੁਵੰਨੇ ਫੁੱਲਾਂ ਦੇ ਸ਼ਾਨਦਾਰ ਗੁਲਦਸਤੇ ਵਜੋਂ ਭਾਵ 'ਸਾਰੇ ਜਹਾਂ ਤੇ ਅੱਛਾ ਹਿੰਦੋਸਤਾਂ ਹਮਾਰਾ' ਵਜੋਂ ਹੀ ਦੇਖਣਾ ਪਸੰਦ ਕਰਦੇ ਹਨ। ਬਹੁਗਿਣਤੀ ਵਰਗ ਸਮਝ ਗਿਆ ਹੈ ਕਿ ਉਸ ਨੂੰ ਰੁਜ਼ਗਾਰ ਦੇ ਨਾਲ ਸਸਤੀ ਵਿਦਿਆ ਤੇ ਸਿਹਤ ਸਹੂਲਤਾਂ ਲੋੜੀਦੀਆਂ ਹਨ। ਕੌਣ ਨਹੀਂ ਜਾਣਦਾ ਕਿ ਰੱਬ ਦੀ ਪੂਜਾ ਕਰਨ ਵਾਲੇ ਭਗਤਾਂ ਨੇ ਵੀ ਆਖ ਦਿੱਤਾ ਸੀ ਕਿ "ਭੁੱਖੇ ਭਗਤੀ ਨਹੀਂ ਹੁੰਦੀ"। ਬਹੁਗਿਣਤੀ ਵਰਗ ਵਾਲੇ ਹਿੰਦੂ ਵੀਰ ਇਹ ਵੀ ਸਮਝ ਗਏ ਹਨ ਕਿ 'ਪੇਟ ਨਾ ਪਈਆਂ ਰੋਟੀਆਂ ਤੇ ਸਭੇ ਗੱਲਾਂ ਖੋਟੀਆਂ'। ਇਸ ਲਈ ਭਾਰਤ ਦੀ ਭਾਜਪਾ ਸਰਕਾਰ ਨੂੰ ਭਲੀਭਾਂਤ ਸਮਝ ਜਾਣਾ ਚਾਹੀਦਾ ਹੈ ਕਿ ਉਹ ਹੁਣ ਉਸ ਦੀਆਂ ਬਹੁਤੀਆਂ ਚਿਕਨੀਆਂ ਚੋਪੜੀਆਂ ਗੱਲਾਂ ਨਹੀਂ ਸੁਣਨੀਆਂ ਚਾਹੁੰਦੇ, ਬਲਕਿ ਦੇਸ਼ ਨੂੰ ਸੰਸਾਰ ਭਰ ਵਿਚ ਹਰ ਪੱਖੋਂ ਪ੍ਰਫੁਲਿਤ ਹੋਇਆ ਵੇਖਣਾ ਚਾਹੁੰਦੇ ਹਨ, ਜਿਸ ਵਿਚ ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਆਦਿ ਅਲਾਮਤਾਂ ਨਾ ਹੋਣ। ਹਰ ਭਾਰਤੀ ਕੋਲ ਰੁਜ਼ਗਾਰ ਦੇ ਨਾਲ ਰਹਿਣ ਲਈ ਮਕਾਨ ਹੋਵੇ, ਜਿਸ ਵਿਚ ਉਹ ਸੁੱਖ ਦੀ ਨੀਂਦਰੇ ਸੌਣ ਦੇ ਨਾਲ ਰੱਜ ਕੇ ਰੋਟੀ ਖਾਣ ਦੇ ਸਮਰੱਥ ਹੋਵੇ! ਕੀ ਮੋਦੀ ਸਰਕਾਰ ਫਿਰਕਾਪ੍ਰਸਤੀ ਫੈਲਾਉਣ ਦੀ ਥਾਂ 'ਤੇ ਨਰੋਈ ਸੋਚ ਅਪਣਾਏਗੀ? ਨਹੀਂ ਤਾਂ ਫਿਰ ਭਾਰਤ ਦੇ ਲੋਕਾਂ ਨੂੰ ਇਸ ਦਾ ਆਪਣਾ ਹੱਲ ਆਪ ਕਰਨਾ ਆਉਂਦਾ ਹੈ।


# ਤੇਜਿੰਦਰ ਚੰਡਿਹੋਕ ਦਾ 'ਤਾਂਘ ਮੁਹੱਬਤ ਦੀ' ਗ਼ਜ਼ਲ ਸੰਗ੍ਰਹਿ ਸਮਾਜਿਕਤਾ ਤੇ ਮੁਹੱਬਤ ਦਾ ਸੁਮੇਲ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਤੇਜਿੰਦਰ ਚੰਡਿਹੋਕ ਬਹੁ-ਵਿਧਾਵੀ ਸਾਹਿਤਕਾਰ ਹੈ। ਉਸ ਦੀਆਂ ਅੱਠ ਮੌਲਿਕ ਅਤੇ ਦੋ ਸੰਪਾਦਿਤ ਕੀਤੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਇਨ੍ਹਾਂ ਵਿਚ ਤਿੰਨ ਕਾਵਿ ਸੰਗ੍ਰਹਿ, ਤਿੰਨ ਕਹਾਣੀ ਸੰਗ੍ਰਹਿ, ਇੱਕ ਸਮੀਖਿਆ ਸੰਗ੍ਰਹਿ, ਇੱਕ ਸਫਰਨਾਮਾ, ਇੱਕ ਵਾਰਤਕ ਤੇ ਇੱਕ ਸਿਮਰਤੀ ਸੰਗ੍ਰਹਿ ਸ਼ਾਮਲ ਹਨ। ਚਰਚਾ ਅਧੀਨ ਗ਼ਜ਼ਲ ਸੰਗ੍ਰਹਿ 'ਤਾਂਘ ਮੁਹੱਬਤ ਦੀ' ਉਸਦੀ ਗਿਆਰਵੀਂ ਪੁਸਤਕ ਹੈ। ਇਸ ਗ਼ਜ਼ਲ ਸੰਗ੍ਰਹਿ ਵਿਚ 69 ਗ਼ਜ਼ਲਾਂ ਸ਼ਾਮਲ ਹਨ। ਇਹ ਗ਼ਜ਼ਲਾਂ ਸਮਾਜਿਕ ਸਰੋਕਾਰਾਂ ਅਤੇ ਪਿਆਰ ਮੁਹੱਬਤ ਵਾਲੀਆਂ ਹਨ। ਗ਼ਜ਼ਲਗੋ ਨੇ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਤੋਂ ਪ੍ਰਭਾਵਤ ਹੋ ਕੇ ਆਪਣੀਆਂ ਭਾਵਨਾਵਾਂ ਨੂੰ ਗ਼ਜ਼ਲਾਂ ਵਿਚ ਪ੍ਰੋਸਿਆ ਹੈ। ਮੁੱਖ ਤੌਰ 'ਤੇ ਭਾਵੇਂ ਉਹ ਰੁਮਾਂਸਵਾਦੀ ਗ਼ਜ਼ਲਾਂ ਲਿਖਦਾ ਹੈ ਪ੍ਰੰਤੂ ਉਸਦੀ ਕਮਾਲ ਇਹ ਹੈ ਕਿ ਰੁਮਾਂਸਵਾਦੀ ਗ਼ਜ਼ਲਾਂ ਵਿਚ ਵੀ ਸਮਾਜਿਕਤਾ ਦੀ ਪਿਉਂਦ ਦੇ ਦਿੰਦਾ ਹੈ। ਇਸ ਕਰਕੇ ਹੀ ਇਸ ਗ਼ਜ਼ਲ ਸੰਗ੍ਰਹਿ ਨੂੰ ਸਮਾਜਿਕਤਾ ਅਤੇ ਮੁਹੱਬਤ ਦਾ ਸੁਮੇਲ ਕਿਹਾ ਜਾ ਸਕਦਾ ਹੈ। ਸਮਾਜਿਕ ਤਾਣੇ-ਬਾਣੇ ਵਿਚ ਜਿਹੜੀ ਵੀ ਘਟਨਾ ਜਾਂ ਪ੍ਰਕ੍ਰਿਆ ਸਮਾਜ ਵਿਰੋਧੀ ਹੈ, ਉਸ ਬਾਰੇ ਤੇਜਿੰਦਰ ਚੰਡਿਹੋਕ ਦੀ ਕਲਮ ਆਪ ਮੁਹਾਰੇ ਪ੍ਰਤੀਕ੍ਰਿਆ ਦਿੰਦੀ ਹੈ। ਸਮਾਜਿਕ ਸਰੋਕਾਰ ਉਸ ਦੀਆਂ ਬਹੁਤੀਆਂ ਗ਼ਜ਼ਲਾਂ ਦਾ ਵਿਸ਼ਾ ਬਣੇ ਹਨ, ਜਿਵੇਂ ਆਰਥਿਕ, ਸਮਾਜਿਕ, ਸੱਭਿਆਚਾਰਕ, ਵਾਤਾਵਰਨ, ਕਿਸਾਨੀ ਅਤੇ ਮਾਂ ਬੋਲੀ ਵਰਗੇ ਮਹੱਤਵਪੂਰਨ ਮੁੱਦੇ ਹਨ। ਧੋਖ਼ੇ, ਫ਼ਰੇਬ, ਲਾਲਚ, ਆਰਥਿਕ ਨਾ ਬਰਾਬਰੀ, ਖੁਦਗਰਜ਼ੀ, ਬੇਵਿਸ਼ਵਾਸੀ ਅਤੇ ਮਾਨਸਿਕ ਖੋਟਾਂ ਬਾਰੇ ਵੀ ਬਹੁਤ ਸਾਰੀਆਂ ਗ਼ਜ਼ਲਾਂ ਵਿਚ ਟਕੋਰਾਂ ਮਾਰਦਾ ਹੈ। ਕਿਸਾਨਾ, ਮਿਹਨਤਕਸ਼ਾਂ ਅਤੇ ਕਰੋਨਾ ਸੰਬੰਧੀ ਵੀ ਉਸਨੇ ਗ਼ਜ਼ਲਾਂ ਲਿਖੀਆਂ ਹਨ। ਸ਼ਾਇਰ ਨੂੰ ਮਾਨਵਤਾ ਦਾ ਦਰਦ ਮਹਿਸੂਸ ਹੁੰਦਾ ਹੈ, ਇਸ ਕਰਕੇ ਉਨ੍ਹਾਂ ਦੇ ਹਿੱਤਾਂ 'ਤੇ ਪਹਿਰਾ ਦੇਣ ਵਾਲੀਆਂ ਗ਼ਜ਼ਲਾਂ ਲਿਖਦਾ ਹੈ। ਰਾਜਨੀਤਿਕ ਲੋਕਾਂ ਦੀਆਂ ਗ਼ਲਤ ਬਿਆਨੀਆਂ ਅਤੇ ਵਾਇਦਿਆਂ ਤੋਂ ਮੁਕਰਨ ਵਰਗੀਆਂ ਗ਼ਲਤ ਹਰਕਤਾਂ ਸ਼ਾਇਰ ਦੀ ਕਲਮ ਲੋਕਾਈ ਨੂੰ ਵਿਦਰੋਹ ਕਰਨ ਲਈ ਪ੍ਰੇਰਤ ਕਰਦੀਆਂ ਹਨ। ਉਸ ਦੀਆਂ ਗ਼ਜ਼ਲਾਂ ਵਿਚ ਸੁਰ, ਤਾਲ ਅਤੇ ਲੈ ਬਾਕਾਇਦਾ ਹੈ। ਸ਼ਾਇਰ ਦੀਆਂ ਗ਼ਜ਼ਲਾਂ ਵਿਚ ਕਾਫ਼ੀਆ, ਰਦੀਫ਼ ਅਤੇ ਸੰਗੀਤ ਦੀ ਖ਼ੁਸ਼ਬੋ ਵੀ ਆਉਂਦੀ ਹੈ। ਭਾਵ ਗ਼ਜ਼ਲ ਉਸਨੂੰ ਲਿਖਣੀ ਆਉਂਦੀ ਹੈ। ਇਸ ਤੋਂ ਇਲਾਵਾ ਲੋਕਾਈ ਦੀ ਮਨ-ਮਸਤਿਕ ਵਿਚ ਜਿਹੜੀਆਂ ਲਹਿਰਾਂ ਚੱਲਦੀਆਂ ਹਨ, ਉਨ੍ਹਾਂ ਲਹਿਰਾਂ ਕਰਕੇ ਲੋਕਾਈ ਭਰਮ-ਭੁਲੇਖਿਆਂ ਦੇ ਚਕਰ ਵਿਚ ਉਲਝੀ ਰਹਿੰਦੀ ਹੈ, ਗ਼ਜ਼ਲਗੋ ਨੇ ਆਪਣੀਆਂ ਗ਼ਜ਼ਲਾਂ ਉਨ੍ਹਾਂ ਲਹਿਰਾਂ ਦੇ ਕੁਪ੍ਰਭਾਵ ਦਰਸਾਏ ਹਨ। ਇਸ ਗ਼ਜ਼ਲ ਸੰਗ੍ਰਹਿ ਦੀ ਪਹਿਲੀ ਗ਼ਜ਼ਲ 'ਤਮਾ ਆਦਮੀ ਦੀ. . ..' ਵਿਚ ਸ਼ਾਇਰ ਨੇ ਦਰਸਾਇਆ ਹੈ ਕਿ ਮਨੁੱਖ ਦੀ ਲਾਲਸਾ ਕਦੇ ਵੀ ਪੂਰੀ ਨਹੀਂ ਹੁੰਦੀ, ਹਰ ਸਮੇਂ ਵਧਦੀ ਹੀ ਜਾਂਦੀ ਹੈ। ਉਹ ਤਮਾ ਨਾ ਪੂਰੀ ਹੁੰਦੀ ਹੈ ਅਤੇ ਨਾ ਹੀ ਮਰਦੀ ਹੈ, ਸਗੋਂ ਆਸ ਬਣੀ ਰਹਿੰਦੀ ਹੈ। ਇਸ ਲਈ ਉਸਨੂੰ ਆਸਾਵਾਦੀ ਸ਼ਾਇਰ ਕਿਹਾ ਜਾ ਸਕਦਾ ਹੈ। ਤੇਜਿੰਦਰ ਚੰਡਿਹੋਕ ਦੇ ਆਸ਼ਾਵਾਦੀ ਹੋਣ ਲਈ ਕੁਝ ਸ਼ਿਅਰਾਂ ਤੋਂ ਪਤਾ ਲੱਗਦਾ ਹੈ:

ਹਸਰਤਾਂ ਨੂੰ ਦਿਲ 'ਚ ਰੱਖਣਾ, ਤੇ ਤੁਰੀ ਜਾਣਾ,
ਤੇਰਾ ਕਾਫ਼ਲੇ ਵਿਚ, ਮਿਲ ਜਾਣਾ ਮੁਬਾਰਕ।
ਰੋਜ਼ ਮੰਜ਼ਲ ਵੱਲ ਟੁਰਨਾ ਜ਼ਿੰਦਗੀ,
ਇੱਕ ਜਗ੍ਹਾ ਖੜ੍ਹ ਕੇ ਨ ਹੱਥ ਮਲਦਾ ਰਹੇ।




ਤੇਜਿੰਦਰ ਚੰਡਿਹੋਕ ਨਸੀਅਤ ਦਿੰਦਾ ਹੈ ਕਿ ਹਮੇਸ਼ਾ ਆਪਣੀ ਮੰਜ਼ਲ ਨੂੰ ਸਰ ਕਰਨ ਲਈ ਜੱਦੋ-ਜਹਿਦ ਕਰਨੀ ਚਾਹੀਦੀ ਹੈ। ਇਕ ਨਾ ਇਕ ਦਿਨ ਸਫਲਤਾ ਜ਼ਰੂਰ ਮਿਲੇਗੀ। ਸ਼ਾਇਰ ਆਪਣੀ ਗ਼ਜ਼ਲ ਵਿਚ ਗੱਲ ਭਾਵੇਂ ਸੋਹਣੀ ਦੀ ਕਰਦਾ ਹੈ ਪ੍ਰੰਤੂ ਇਨਸਾਨ ਦੀ ਮਾਨਸਿਕਤਾ ਦਾ ਪ੍ਰਗਟਾਵਾ ਵੀ ਕਰਦਾ ਹੈ। ਸਿਆਸਤਦਾਨਾਂ ਦੀਆਂ ਕੋਝੀਆਂ ਕਾਰਵਾਈਆਂ ਬਾਰੇ ਗ਼ਜ਼ਲਗੋ ਨੇ ਆਪਣੀਆਂ 10 ਗ਼ਜ਼ਲਾਂ ਵਿਚ ਦਰਸਾਇਆ ਹੈ ਕਿ ਉਹ ਸਿਰਫ ਵੋਟਾਂ ਬਟੋਰਨ ਲਈ ਹੀ ਵਾਅਦੇ ਕਰਦੇ ਹਨ ਪ੍ਰੰਤੂ ਉਨ੍ਹਾਂ ਦੇ ਵਾਅਦੇ ਕਦੇ ਵੀ ਵਫ਼ਾ ਨਹੀਂ ਹੁੰਦੇ। ਲੋਕਾਂ ਨਾਲ ਉਨ੍ਹਾਂ ਨੂੰ ਕੋਈ ਹਮਦਰਦੀ ਨਹੀਂ ਹੁੰਦੀ। ਸ਼ਾਇਰ 'ਸਾਲ, ਮਹੀਨੇ, ਦਿਨ ਤਾਂ. . .' ਸਿਰਲੇਖ ਵਾਲੀ ਗ਼ਜ਼ਲ ਵਿਚ ਲਿਖਦਾ ਹੈ:

ਬੇਗ਼ੈਰਤ ਲੋਕਾਂ ਦਾ ਮੈਂ ਕੀ ਆਖਾਂ,
ਲੋਕਾਂ ਦੇ ਮਸਲੇ ਕਦ ਸੁਲਝਾਵਣਗੇ।
ਨੇਤਾ ਜਿੱਤ ਕੇ ਕੁਰਸੀ 'ਤੇ ਜਾ ਬੈਠਣ,
ਜਨਤਾ ਦੇ ਉਹ ਕੰਮ ਕਦੋਂ ਆਵਣਗੇ।

'ਰੁੱਤ ਵੋਟਾਂ ਦੀ. . .' ਸਿਰਲੇਖ ਵਾਲੀ ਗ਼ਜ਼ਲ ਦੇ ਸ਼ਿਅਰ ਹਨ:

'ਰੁੱਤ ਵੋਟਾਂ ਦੀ ਆਈ ਹੈ, ਖ਼ਲਕਤ ਮਗਰੇ ਲਾਈ ਹੈ।
ਵਾਦੇ ਨਿਤ ਦਿਨ ਕਰਨ ਨਵੇਂ, ਟੁਕ ਜਨਤਾ ਨੂੰ ਪਾਈ ਹੈ।
ਲੋਕਾਂ ਦਾ ਚੇਤਾ ਆਇਆ, ਨੇਤਾ ਜੋ ਹਰਜਾਈ ਹੈ।
ਵੋਟਾਂ ਲੈ ਕੇ ਦਿਸਦੇ ਨਾ, ਕਿਹੜੀ ਜੁਗਤ ਬਣਾਈ ਹੈ।
ਸਰਕਾਰ ਬਣਾ ਭਰਦੇ ਘਰ, ਜਨਤਾ ਬੁੱਧੂ ਬਣਾਈ ਹੈ।

ਸਮਾਜ ਵਿਚ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਹੋ ਰਹੀਆਂ ਹਨ, ਜਿਹੜੀਆਂ ਇਨਸਾਨ ਦੇ ਇਨਸਾਨੀਅਤ ਤੋਂ ਦੂਰ ਹੋਣ ਨਾਲ ਸੰਬੰਧਤ ਹਨ। ਲੋਕ ਗਿਰਗਿਟ ਦੀ ਤਰ੍ਹਾਂ ਰੰਗ ਬਦਲਦੇ ਰਹਿੰਦੇ ਹਨ। ਗ਼ਜ਼ਲਗ਼ੋ ਨੂੰ ਇਸ ਜ਼ਮਾਨੇ ਦੀਆਂ ਹਰਕਤਾਂ ਅਸੰਜਮ ਵਿਚ ਪਹੁੰਚਾ ਰਹੀਆਂ ਹਨ। ਉਸਦਾ ਮਨ ਬੇਚੈਨ ਹੋ ਜਾਂਦਾ ਹੈ ਕਿਉਂਕਿ ਦੁਨੀਆਂ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੈ ਤੇ ਅਜਿਹੀ ਸਥਿਤੀ ਬਾਰੇ ਫਿਰ ਉਹ ਲਿਖਦਾ ਹੈ:

ਇਹ ਕੇਹਾ ਜ਼ਮਾਨਾ ਆਇਆ ਹੈ, ਕੁੱਲ ਦੁਨੀਆਂ ਰੂਪ ਵਟਾਇਆ ਹੈ।
ਕੂੜ, ਕਪਟ ਹਰ ਥਾਂ ਹੈ ਫ਼ੈਲ ਰਿਹਾ, ਹੱਕ, ਸੱਚ ਤੇ ਨਿਆਂ ਦਾ ਸਫ਼ਾਇਆ ਹੈ।
ਵਾੜ ਖ਼ੇਤ ਨੂੰ ਹੀ ਖਾਈ ਜਾਂਦੀ ਅਤੇ ਹਰ ਬੂਟਾ ਤ੍ਰਿਹਾਇਆ ਹੈ।

ਵਾਤਵਰਨ ਦੇ ਪ੍ਰਦੂਸ਼ਤ ਹੋਣ ਸੰਬੰਧੀ ਤੇਜਿੰਦਰ ਚੰਡਿਹੋਕ ਲਿਖਦਾ ਹੈ:

ਨਾ ਕਰ ਗੰਗਾ ਮੈਲੀ, ਕੁਝ ਹੋਸ਼ ਕਰ,
ਪਵਿੱਤਰ ਨਦੀ ਹੈ, ਪਵਿੱਤਰ ਵਹਿਣ ਦੇ।
ਫ਼ਿਜ਼ਾ ਵਿਚ ਜ਼ਹਿਰ ਜੋ ਘੋਲ ਰਿਹਾ ਹੈ,
ਮੌਤ ਲਈ ਉਹ ਦਰ ਖੋਲ੍ਹ ਰਿਹਾ ਹੈ।

ਸੰਸਾਰ ਵਿਚ ਆਪੋ-ਧਾਪੀ ਪਈ ਹੈ। ਇਨਸਾਨ ਆਪਣੇ ਨੈਤਿਕਤਾ ਦੇ ਰਸਤੇ ਤੋਂ ਭਟਕਦਾ ਜਾਂਦਾ ਹੈ। ਕਿਸੇ 'ਤੇ ਇਤਬਾਰ ਕਰਨ ਤੋਂ ਡਰ ਲੱਗਦਾ ਹੈ। ਰਈਸ ਲੋਕਾਂ 'ਤੇ ਦੁਨੀਆਂਦਾਰੀ ਦਾ ਕੋਈ ਅਸਰ ਨਹੀਂ ਪੈਂਦਾ। ਉਹ ਆਪਣੀ ਹੈਸੀਅਤ ਨੂੰ ਵੱਡਾ ਸਮਝਦੇ ਹਨ। ਸੰਸਾਰ ਨਾਸ਼ਵਾਨ ਹੈ ਪ੍ਰੰਤੂ ਲੋਕ ਫਿਰ ਵੀ ਸਮਝਦੇ ਨਹੀਂ। ਉਹ ਲੋਕ ਹਓਮੈ ਦਾ ਸ਼ਿਕਾਰ ਹਨ। ਸ਼ਾਇਰ ਲਿਖਦਾ ਹੈ:

ਵਫ਼ਾ ਤਾਂ ਉਡ ਗਈ ਕਫ਼ੂਰ ਵਾਂਗ, ਬੇਵਫ਼ਾਈ ਤਾਂ ਬਹਾਨਾ ਹੋ ਗਿਆ।
ਨਹੀਂ ਸਮਝੇ ਜਿਹੜੇ ਅਜੇ ਤੀਕਰ, ਵਕਤ ਦੀਆਂ ਚਾਲਾਂ ਨੂੰ,
ਧੋਖਾ ਖਾਣਗੇ ਓਹ ਕਦੇ ਵੀ, ਸਾਡੇ ਤੁਰ ਜਾਣ ਤੋਂ ਮਗਰੋਂ।
ਸਾਡੀ ਦੋਸਤੀ ਨੂੰ ਐਵੇਂ ਸਮਝਦੇ ਰਹੇ, ਖ਼ਾਤਰ ਜਿਨ੍ਹਾਂ ਦੀ ਦਾਅ 'ਤੇ ਲਾਣੀ ਚਾਹੀ।

ਲੋਕਾਂ ਦੇ ਦਿਲ ਪੱਥਰ ਹੁੰਦੇ ਜਾ ਰਹੇ ਹਨ। ਨੈਤਿਕਤਾ ਖੰਭ ਲਾ ਕੇ ਉਡ ਗਈ ਹੈ। ਇਨਸਾਨ ਨੂੰ ਸੱਚੇ-ਸੁੱਚੇ ਦੋਸਤ ਬਣਾਉਣੇ ਚਾਹੀਦੇ ਹਨ। ਦੋਸਤ ਹੀ ਦੁੱਖ-ਸੁੱਖ ਵਿਚ ਖੜ੍ਹਦੇ ਹਨ। ਸਮਾਜਿਕ ਹਵਾ ਦਾ ਰੁੱਖ ਬਦਲ ਰਿਹਾ ਹੈ। ਲੋਕ ਇੱਕ ਦੂਜੇ ਨੂੰ ਮੋਹ ਕਰਨ ਦੀ ਥਾਂ ਦੁਰਕਾਰ ਰਹੇ ਹਨ। ਲੋਕਾਂ ਦੇ ਮਨਾਂ ਵਿਚ ਖੋਟਾਂ ਹਨ। ਨਫ਼ਰਤਾਂ ਤੇ ਜ਼ਾਤ-ਪਾਤ ਦੇ ਬੀਜ ਬੋਏ ਜਾ ਰਹੇ ਹਨ। ਇਸ ਲਈ ਗ਼ਜ਼ਲਗ਼ੋ 'ਚੇਤਨਾ ਦੀਪ ਜਗਾਓ. . .' ਸਿਰਲੇਖ ਵਾਲੀ ਗ਼ਜ਼ਲ ਵਿਚ ਜ਼ਾਤ-ਪਾਤ ਤੇ ਨਫ਼ਰਤਾਂ ਤੋਂ ਖਹਿੜਾ ਛੁਡਾਉਣ ਦੀ ਗੱਲ ਕਰਦਾ ਹੈ:

ਸਭ ਨੇ ਕੁਦਰਤ ਦੇ ਹੀ ਬੰਦੇ, ਜਾਤਾਂ ਸਭ ਮਿਟਾਓ ਮਿੱਤਰੋ।
ਨਫ਼ਰਤ ਤੇ ਸਾੜੇ ਨੂੰ ਛੱਡੋ, ਜੀਵਨ ਸਹਿਜ ਬਣਾਓ ਮਿੱਤਰੋ।

ਸਮਾਜ ਵਿਚ ਚਾਰੇ ਪਾਸੇ ਲਾਲਚ ਪ੍ਰਧਾਨ ਹੋਇਆ ਪਿਆ ਹੈ। ਬੰਦੇ ਨੂੰ ਬੰਦਾ ਨਹੀਂ ਸਮਝਿਆ ਜਾਂਦਾ। ਨਿੱਜਤਾ ਮੋਹਰੀ ਬਣ ਗਈ ਹੈ। ਜਦੋਂ ਕਿ ਸਮਾਜਿਕ ਪ੍ਰਾਣੀ ਨੂੰ ਇੱਕ ਦੂਜੇ ਦੇ ਸਹਾਈ ਹੋਣਾ ਚਾਹੀਦਾ ਹੈ। ਲੋਕਾਂ ਵਿਚ ਪਿਆਰ ਦੀ ਥਾਂ ਕਿਰਦਾਰ ਬਦਲ ਗਏ ਹਨ। ਸ਼ਾਇਰ ਲਿਖਦਾ ਹੈ:

ਕੀਮਤ ਬੰਦੇ ਦੀ ਹੈ ਜ਼ੀਰੋ ਅੱਜ, ਪਰ ਕਿਸੇ 'ਤੇ ਇਤਬਾਰ ਨਹੀਂ ਹੈ।
ਪੈਸੇ ਦੀ ਹੀ ਸਭ ਦਿਲਦਾਰੀ ਏ, ਉਂਜ ਕੋਈ ਵੀ ਦਿਲਦਾਰ ਨਹੀਂ।
ਹੁਣ ਤਾਂ ਸਭ ਆਵਾ ਊਤ ਗਿਆ ਬਸ, ਚੰਡਿਹੋਕ ਖਿੜਦਾ ਗ਼ੁਲਜ਼ਾਰ ਨਹੀਂ ਹੈ।
ਸਾਇੰਸ ਤਰੱਕੀ ਕਰਕੇ ਹੁਣ ਤਾਂ, ਬੰਦੇ ਦੇ ਅੰਗ ਬਦਲਦੇ ਵੇਖੇ।
ਭੀੜ ਪਈ ਤੋਂ ਜਗ ਅੰਦਰ ਮੈਂ ਤਾਂ, ਲੋਕਾਂ ਦੇ ਢੰਗ ਬਦਲਦੇ ਵੇਖੇ।

ਤੇਜਿੰਦਰ ਚੰਡਿਹੋਕ ਨੇ ਪਿਆਰ, ਮੁਹੱਬਤ ਅਤੇ ਇਸ਼ਕ ਨਾਲ ਸੰਬੰਧਤ ਰੁਮਾਂਟਿਕ ਗ਼ਜ਼ਲਾਂ ਲਿਖੀਆਂ ਪ੍ਰੰਤੂ ਉਸ ਦੀਆਂ ਗ਼ਜ਼ਲਾਂ ਵਿਚ ਇਸ਼ਕ ਦਾ ਰੰਗ ਵੀ ਵੱਖਰਾ ਤੇ ਨਿਵੇਕਲਾ ਹੈ, ਜਿਵੇਂ:

ਆਸ਼ਕ ਗਾਉਣ ਗੀਤ ਇਸ਼ਕ ਦੇ ਮਹਿਬੂਬਾ ਖ਼ਾਤਿਰ,
ਪਰ ਨਾ ਪਤਾ ਉਨ੍ਹਾਂ ਨੂੰ ਮਾਅਨੇ ਏਸ ਤਰਾਨੇ ਦੇ।
ਦਿਲ ਤਾਂ ਦਿਲ ਦੇ ਕੈਨਵਸ ਉਪਰ, ਉਸਨੂੰ ਰੱਖਿਆ ਹੈ,
ਉਸਨੇ ਪਰ ਪਿਆਰ ਮੇਰੇ ਨੂੰ, ਹਰ ਪਲ ਪਰਖਿਆ ਹੈ।
ਛੇੜੀ ਜਦ ਵੀ ਗੱਲ ਕਿਸੇ ਨੇ ਇਸ਼ਕ ਮੁਹੱਬਤ ਦੀ,
ਮਹਿਫ਼ਲ ਵਿਚ ਯਾਰਾਂ ਦੀ ਤਦੋਂ ਹੀ ਮਸਲਾ ਭਖਿਆ ਹੈ।

**88 ਪੰਨਿਆਂ, 250 ਰੁਪਏ ਕੀਮਤ ਵਾਲਾ ਇਹ ਗ਼ਜ਼ਲ ਸੰਗ੍ਰਹਿ ਤਾਲਿਫ਼ ਪ੍ਰਕਾਸ਼ਨਾ, ਅਗਰਸੈਨ ਚੌਕ ਬਰਨਾਲਾ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ ਤੇਜਿੰਦਰ ਚੰਡਿਹੋਕ, ਸੰਪਰਕ:9501000224**

# ਸਾਕਾ ਨਨਕਾਣਾ ਸਾਹਿਬ

ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060
gumtalacs@gmail.com
ਪੰਜਾਬ ਮੇਲ USA







ਮਹਾਰਾਜਾ ਰਣਜੀਤ ਸਿੰਘ ਤੇ ਹੋਰ ਸਿੱਖ ਮਿਸਲਾਂ ਵੱਲੋਂ ਇਤਿਹਾਸਕ ਧਰਮ ਅਸਥਾਨਾਂ ਦੇ ਨਾਂ ਵੱਡੀਆਂ-ਵੱਡੀਆਂ ਜਗੀਰਾਂ ਲਾਉਣ ਅਤੇ ਉਨ੍ਹਾਂ ਨੂੰ ਕਰ ਮੁਕਤ ਕਰਨ ਲਈ ਗੁਰਦੁਆਰਿਆਂ ਦੀ ਆਮਦਨ ਕਾਫੀ ਵੱਧ ਗਈ, ਜਿਸ ਨਾਲ ਮਹੰਤਾਂ ਦੇ ਰਹਿਣ-ਸਹਿਣ ਦੇ ਢੰਗ ਵਿਚ ਤਬਦੀਲੀ ਆ ਗਈ। 19ਵੀਂ ਸਦੀ ਦੇ ਦੂਜੇ ਅੱਧੇ ਵਿਚ ਪੰਜਾਬ ਅੰਦਰ ਨਹਿਰਾਂ ਦਾ ਜਾਲ ਵਿਛ ਜਾਣ ਨਾਲ ਜਗੀਰਾਂ ਦੀ ਕੀਮਤ ਵਿਚ ਓੜਕਾਂ ਦਾ ਵਾਧਾ ਹੋਇਆ। ਇਸ ਦਾ ਨਤੀਜਾ ਇਹ ਹੋਇਆ ਕਿ ਮਹੰਤਾਂ ਅਤੇ ਉਨ੍ਹਾਂ ਦੇ ਵਧ ਰਹਿ ਚੇਲੇ ਚਾਟੜਿਆਂ ਨੇ ਗੁਰਦੁਆਰਿਆਂ ਦੀ ਸਾਂਝੀ ਸੰਪਤੀ ਨੂੰ ਆਪਣੀਆਂ ਨਿੱਜੀ ਜਾਇਦਾਦਾਂ ਬਣਾਉਣਾ ਸ਼ੁਰੂ ਕਰ ਦਿੱਤਾ। (ਮਹਿੰਦਰ ਸਿੰਘ) ਕੁਝ ਕੁ ਪੱਕੇ ਪ੍ਰੇਮੀਆਂ ਤੋਂ ਬਿਨਾਂ ਆਮ ਪ੍ਰਬੰਧਕਾਂ ਲਈ ਕੇਵਲ ਦਾਹੜੀ ਅਤੇ ਨਾਮ ਹੀ ਸਿੱਖੀ ਰਹਿ ਗਿਆ ਸੀ। ਅੰਗਰੇਜ਼ਾਂ ਹੱਥੋਂ ਹਾਰ ਖਾਣ ਪਿੱਛੋਂ ਉਹ ਗੁਰਸਿੱਖ ਮੁਖੀ ਜਿਨ੍ਹਾਂ ਨੇ ਇਨ੍ਹਾਂ ਦਾ ਸੁਧਾਰ ਕਰਨਾ ਸੀ, ਕੁਝ ਢਿੱਲੇ ਪੈ ਗਏ ਸਨ। ਗੁਰਦੁਆਰਿਆਂ ਦੀ ਸਵੱਛਤਾ ਨੂੰ ਕਾਇਮ ਰੱਖਣ ਵਾਲਾ ਉਹ ਉਤਸ਼ਾਹ ਅਲੋਪ ਹੋ ਗਿਆ ਸੀ, ਜੋ ਇਨ੍ਹਾਂ ਦੇ ਦਿਲਾਂ ਵਿਚ ਚੜ੍ਹਦੀਆਂ ਕਲਾਂ ਸਮੇਂ ਪੂਰਨ ਠਾਠਾਂ ਮਾਰਦਾ ਹੁੰਦਾ ਸੀ। ਜਿਨ੍ਹਾਂ ਮਹੰਤਾਂ ਅਤੇ ਸਾਧੂਆਂ ਦੇ ਹੱਥਾਂ ਵਿਚ ਇਸ ਸਮੇਂ ਗੁਰਦੁਆਰੇ ਚਲੇ ਗਏ ਸਨ, ਉਨ੍ਹਾਂ ਨੇ ਆਪਣੇ ਸਿਰ 'ਤੇ ਸੰਗਤ ਦਾ ਭੈ ਲੱਖਾਂ ਅਨੁਭਵ ਕਰਕੇ ਧਰਮ-ਅਰਥ ਚੜ੍ਹਾਵੇ ਦੀ ਆਮਦਨ (ਗੁਰੂ ਕੀ ਗੋਲਕ) ਨੂੰ ਅਜਿਹੇ ਕੰਮਾਂ ਲਈ ਵਰਤਣਾ ਸ਼ੁਰੂ ਕੀਤਾ, ਜਿਸਦੀ ਮਿਸਾਲ ਦਿੰਦਿਆਂ ਸ਼ਰਮ ਆਉਂਦੀ ਹੈ। ਪਵਿੱਤਰ ਗੁਰਧਾਮਾਂ ਵਿਚ ਬੁੱਤ-ਪੂਜਾ, ਸ਼ਰਾਬਾਂ ਪੀਣ ਅਤੇ ਸਤਵੰਤੀਆਂ ਦੇ ਸਭ ਭੰਗ ਕਰਨ ਤੋਂ ਬਿਨਾਂ ਹੋਰ ਵੀ ਨੀਚਤਾ ਭਰੇ ਕੁਕਰਮ ਹੋਣ ਲੱਗ ਪਏ, ਜਿਨ੍ਹਾਂ ਨੇ ਗੁਰੂ ਪਿਆਰਿਆਂ ਤੇ ਪੰਥ ਦਰਦੀਆਂ ਦੇ ਹਿਰਦੇ ਛਾਨਣੀ-ਛਾਨਣੀ ਕਰਕੇ ਦਿਲ ਤੜਫਾ ਦਿੱਤਾ। 1880 ਈ: ਦੇ ਪਿੱਛੋਂ ਕੁਝ ਸੱਜਣਾਂ ਨੇ ਮਿਲਕੇ ਇਨ੍ਹਾਂ ਕੁਕਰਮੀਆਂ ਦੇ ਸੁਧਾਰ ਲਈ ਯਤਨ ਆਰੰਭੇ। ਇਸ ਨਵੀਂ ਜਥੇਬੰਦੀ ਦਾ ਨਾਂ 'ਸਿੰਘ ਸਭਾ ਲਹਿਰ' ਰੱਖਿਆ ਗਿਆ। ਇਸ ਨਾਲ ਕੌਮ ਅੰਦਰ ਮੁੜ ਨਵੇਂ ਸਿਰੇ ਪੰਥ ਵਿਚ ਜਾਗ੍ਰਿਤੀ ਆਉਣੀ ਸ਼ੁਰੂ ਹੋਈ। ਸੰਗਤਾਂ ਵਿਚ ਸਿੱਖੀ ਭਾਵ, ਸ਼ਰਧਾ ਅਤੇ ਗੁਰਬਾਣੀ ਦੇ ਪ੍ਰੇਮ ਦਾ ਪ੍ਰਣ ਚਲ ਪਿਆ।

ਨਾਨਕ ਦੇਵ ਦਾ ਜਨਮ ਅਸਥਾਨ ਨਨਕਾਣਾ ਸਾਹਿਬ, ਸਿੱਖਾਂ ਦੇ ਧਾਰਮਿਕ ਸਥਾਨਾਂ ਵਿਚ ਸਭ ਤੋਂ ਵੱਧ ਮਹੱਤਤਾ ਰੱਖਦਾ ਹੈ। 20ਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਗੁਰਦੁਆਰਾ ਜਨਮ ਅਸਥਾਨ ਉੱਤੇ ਮਹੰਤ ਸਾਧੂ ਰਾਮ ਦਾ ਕਬਜ਼ਾ ਸੀ, ਜੋ ਇਕ ਬਦਮਾਸ਼ ਸ਼ਰਾਬੀ ਤੇ ਤੀਵੀਬਾਜ਼ ਸੀ। ਉਹ ਛੇਤੀ ਹੀ ਮਾਰੂ ਰੋਗ ਦਾ ਸ਼ਿਕਾਰ ਹੋ ਕੇ ਮਰ ਗਿਆ। ਉਸ ਦੀ ਮੌਤ ਪਿੱਛੋਂ ਮਹੰਤ ਨਰਾਇਣ ਦਾਸ ਗੱਦੀ 'ਤੇ ਬੈਠਿਆ। ਗੱਦੀ 'ਤੇ ਬੈਠਣ ਸਮੇਂ ਮਹੰਤ ਨਰਾਇਣ ਦਾਸ ਨੇ ਅੰਗਰੇਜ਼ ਮੈਜਿਸਟਰੇਟ ਦੇ ਸਾਹਮਣੇ ਸਿੱਖ-ਸੰਗਤ ਨਾਲ ਬਚਨ ਕੀਤਾ ਕਿ ਉਹ ਪਹਿਲੇ ਮਹੰਤ ਦੇ ਕੁਚਾਲੇ ਕੁਕਰਮ ਛੱਡ ਦੇਵੇਗਾ। ਉਸ ਨੇ ਲਿਖ ਕੇ ਦਿੱਤਾ ਕਿ ਜੇ ਉਸ ਦੇ ਖ਼ਿਲਾਫ਼ ਕੋਈ ਕਸੂਰ ਸਾਬਤ ਹੋ ਜਾਣਗੇ, ਤਾਂ ਉਹ ਅਸਤੀਫ਼ਾ ਦੇ ਦੇਵੇਗਾ। ਪਰ ਉਸ ਨੇ ਇਹ ਬਚਨ ਛੇਤੀ ਹੀ ਭੰਗ ਕਰ ਦਿੱਤੇ ਅਤੇ ਮੁੜ ਪਹਿਲੇ ਮਹੰਤਾਂ ਦੇ ਕੁਕਰਮੀ ਪੂਰਨਿਆਂ ਉੱਤੇ ਹੀ ਤੁਰਨ ਲੱਗ ਪਿਆ। ਉਸ ਨੇ ਇਕ ਮਿਰਾਸਣ ਆਪਣੇ ਘਰ ਗੁਰਦੁਆਰੇ ਦੇ ਅੰਦਰ ਲੈ ਆਂਦੀ, ਜਿਹੜੀ ਪਹਿਲੇ ਮਹੰਤਾਂ ਨਾਲ ਹੀ ਰਹਿੰਦੀ ਸੀ ਅਤੇ ਕੁਛ ਹੋਰ ਆਦਮੀਆਂ ਦੀ ਵੀ ਰਖੇਲ ਸੀ। ਉਸ ਦੀ ਕੁੱਖੋਂ ਦੋ ਲੜਕੇ ਅਤੇ ਦੋ ਲੜਕੀਆਂ ਪੈਦਾ ਹੋਈਆਂ, ਜਿਨ੍ਹਾਂ ਲਈ ਉਸ ਨੇ ਦੋ ਘਰ ਬਣਵਾਏ। ਸਭ ਤੋਂ ਉਪੱਦਰ ਦੀ ਗੱਲ ਇਹ ਹੈ ਕਿ ਅਗਸਤ 1917 ਵਿਚ ਲਾਹੌਰ ਤੋਂ ਵੇਸਵਾਵਾਂ ਮੰਗਵਾਈਆਂ। ਉਨ੍ਹਾਂ ਦੇ ਨਾਚ ਜਨਮ ਅਸਥਾਨ ਅੰਦਰ ਕਰਾਏ ਅਤੇ ਗੰਦੇ ਗੀਤ ਸੁਣੇ।

1918 ਈ: ਵਿਚ ਗੁਰਦੁਆਰੇ ਦੇ ਦਰਸ਼ਨਾਂ ਲਈ ਆਏ ਸੇਵਾ ਮੁਕਤ (ਈ.ਏ.ਸੀ.) ਦੀ 13 ਸਾਲ ਦੀ ਪੁੱਤਰੀ ਦੀ ਇਕ ਪੁਜਾਰੀ ਨੇ ਪੱਤ ਲੁੱਟੀ, ਜਦਕਿ ਉਸ ਜਗ੍ਹਾ 'ਤੇ ਇਕ ਪਾਸੇ ਰਹਿਰਾਸ ਦਾ ਪਾਠ ਹੋ ਰਿਹਾ ਸੀ। ਏਸੇ ਸਾਲ ਜੜ੍ਹਾਂਵਾਲਾ (ਲਾਇਲਪੁਰ) ਦੀਆਂ 6 ਬੀਬੀਆਂ ਨੂੰ ਰਾਤ ਨੂੰ ਬੁਰਛੇ ਪੁਜਾਰੀਆਂ ਨੇ ਜ਼ਬਰਦਸਤੀ ਪੱਤ ਲੁੱਟੀ। ਇਸ ਤਰ੍ਹਾਂ ਨਨਕਾਣਾ ਸਾਹਿਬ ਦਰਬਾਰ ਵਿਭਚਾਰ ਦਾ ਅੱਡਾ ਬਣ ਗਿਆ ਸੀ।

ਮਹੰਤ ਦੀਆਂ ਕਰਤੂਤਾਂ ਦੀ ਸਾਰੇ ਪਾਸਿਉਂ ਨਿੰਦਿਆ ਹੋਣ ਲੱਗੀ। ਉਸ ਵਿਰੁੱਧ ਸਿੱਖ ਜਗਤ ਵਿਚ ਗੁੱਸੇ ਦੇ ਭਾਂਬੜ ਬਲ ਉੱਠੇ। ਅਖ਼ਬਾਰ ਨੇ ਮਹੰਤ ਵੱਲੋਂ ਅਗਸਤ 1917 ਵਿਚ ਨਾਚ ਕਰਾਏ ਜਾਣ ਦੀ ਸਖ਼ਤ ਨਿਖੇਧੀ ਕੀਤੀ। ਸਿੰਘ ਸਭਾਵਾਂ ਤੇ ਸੰਗਤਾਂ ਨੇ ਸਰਕਾਰ ਨੂੰ ਇਨ੍ਹਾਂ ਹਰਕਤਾਂ ਨੂੰ ਰੋਕਣ ਲਈ ਮਤੇ ਪਾਸ ਕਰਕੇ ਭੇਜੇ। ਅਕਤੂਬਰ 1920 ਦੇ ਸ਼ੁਰੂ ਵਿਚ ਧਾਰੋਵਾਲ ਨਗਰ ਇਕ ਭਰਵੇਂ ਇੱਕਠ ਵਿਚ ਮਤਾ ਪਾਸ ਕਰਕੇ ਮਹੰਤ ਨਰਾਇਣ ਦਾਸ ਨੂੰ ਸੁਧਾਰ ਕਰਨ ਲਈ ਆਖਿਆ ਗਿਆ ਪਰ ਮਹੰਤ ਕਦੋਂ ਸੁਣਦਾ ਸੀ ਕਿਉਂਕਿ ਉਸ ਦੇ ਪਾਸ ਬੇਹਿਸਾਬ ਪੈਸਾ ਸੀ ਤੇ ਵਿਆਹ-ਸ਼ਾਦੀਆਂ ਵਿਚ ਕੰਜਰੀਆਂ ਦਾ ਨਾਚ ਕਰਾਣ ਵਾਲੇ ਕੁਝ ਜਗੀਰਦਾਰ ਬੇਦੀ ਉਸ ਦੇ ਪਿੱਠ ਉੱਤੇ ਸਨ। ਸਰਕਾਰੀ ਹਾਕਮਾਂ ਨਾਲ ਵੀ ਉਸ ਦੇ ਗੂੜੇ ਸੰਬੰਧ ਸਨ। ਉਹ ਸਿੱਖਾਂ ਤੋਂ ਆਕੀ ਹੋ ਗਿਆ। ਸ੍ਰੀ ਅਕਾਲ ਤਖ਼ਤ ਹਰਿਮੰਦਿਰ ਸਾਹਿਬ ਤੇ ਅੰਮ੍ਰਿਤਸਰ ਦੇ ਦੂਜੇ ਗੁਰਦੁਆਰੇ ਮਹੰਤਾਂ ਹੱਥੋਂ ਖੁਸ ਗਏ ਸਨ, ਇਸ ਲਈ ਉਸ ਨੂੰ ਆਪਣੀ ਗੱਦੀ ਲਈ ਖ਼ਤਰਾ ਮਹਿਸੂਸ ਹੋਇਆ ਤੇ ਉਹ ਗੁਰਦੁਆਰਾ ਸੁਧਾਰ ਲਹਿਰ ਦਾ ਮੁਕਾਬਲਾ ਕਰਨ ਦੀਆਂ ਤਿਆਰੀਆਂ ਕਰਨ ਲੱਗਾ। ਬਾਬਾ ਕਰਤਾਰ ਸਿੰਘ ਬੇਦੀ ਤੇ ਸਰਕਾਰੀ ਅਫ਼ਸਰਾਂ ਨਾਲ ਗੂੜਾ ਸੰਬੰਧ ਰੱਖਣ ਵਾਲੇ ਹੋਰ ਬੰਦੇ ਉਹਦੇ ਮਸ਼ੀਰ ਤੇ ਸਲਾਹਕਾਰ ਬਣ ਗਏ। 400 ਦੇ ਕਰੀਬ ਉਸ ਨੇ ਦਸ ਨੰਬਰੀਏ ਬਦਮਾਸ਼ ਭਰਤੀ ਕਰ ਲਏ ਤੇ ਗੁਰਦੁਆਰੇ ਅੰਦਰ ਛਵ੍ਹੀਆਂ, ਕੁਹਾੜੇ, ਟਕੂਏ ਆਦਿ ਹਥਿਆਰ ਬਨਾਉਣ ਲਈ ਭੱਠੀਆਂ ਚਾਲੂ ਕਰ ਦਿੱਤੀਆਂ। ਉਸ ਨੇ ਗੁਰਦੁਆਰੇ ਦੀ ਪੂਰੀ ਤਰ੍ਹਾਂ ਕਿਲ੍ਹਾ ਬੰਦੀ ਕਰ ਲਈ। ਅੰਦਰ ਆਉਣ ਵਾਲੇ ਫਾਟਕ ਮਜ਼ਬੂਤ ਲੋਹੇ ਦੇ ਬਣਾ ਦਿੱਤੇ ਤੇ ਉਨ੍ਹਾਂ ਵਿਚ ਅੰਦਰੋਂ ਪਿਸਤੌਲ ਤੇ ਬੰਦੂਕਾਂ ਚਲਾਉਣ ਲਈ ਮੋਰੀਆਂ ਰੱਖ ਲਈਆਂ। ਇਸ ਤਰ੍ਹਾਂ ਗੁਰਦੁਆਰੇ ਦੇ ਅੰਦਰ ਤੇ ਬਾਹਰ ਕਤਲੇਆਮ ਦਾ ਪੂਰਾ ਪੂਰਾ ਬਾਨਣੂੰ ਬੰਨ੍ਹ ਲਿਆ ਗਿਆ। ਉਹ ਲਾਹੌਰ ਡਵੀਜ਼ਨ ਦੇ ਕਮਿਸ਼ਨਰ ਮਿਸਟਰ ਸੀ.ਐੱਮ. ਕਿੰਗ ਨੂੰ ਮਿਲਿਆ, ਜਿਸ ਨੇ ਉਸ ਨੂੰ ਯਕੀਨ ਦੁਆਇਆ ਕਿ ਜੇ ਅਕਾਲੀਆਂ ਨੇ ਉਸ ਦੇ ਗੁਰਦੁਆਰੇ ਉੱਤੇ ਧਾਵਾ ਬੋਲਿਆ, ਤਾਂ ਉਸ ਦੀ ਸਹਾਇਤਾ ਕੀਤੀ ਜਾਵੇਗੀ। ਉਸ ਦੇ ਸਾਥੀ ਮਹੰਤਾਂ ਨੇ ਵੀ ਉਸ ਨੂੰ ਸਲਾਹ ਦਿੱਤੀ ਕਿ ਜੇ ਅਕਾਲੀ ਗੁਰਦੁਆਰੇ ਦਾ ਕਬਜ਼ਾ ਲੈਣ ਆਉਣ, ਤਾਂ ਉਹ ਬਿਨ੍ਹਾਂ ਝਿਜਕ ਉਨ੍ਹਾਂ ਨੂੰ ਮਾਰ ਕੇ ਸਾੜ ਫੂਕ ਦੇਵੇ। ਬਾਬਾ ਕਰਤਾਰ ਸਿੰਘ ਬੇਦੀ ਤੇ ਦੂਜੇ ਮਹੰਤਾਂ ਦੀ ਸਲਾਹ ਨਾਲ ਉਸ ਨੇ ਨਨਕਾਣਾ ਸਾਹਿਬ ਵਿਖੇ ਇਕ ਮੀਟਿੰਗ ਬੁਲਾਈ, ਜਿਸ ਵਿਚ 60 ਤੋਂ ਵੱਧ ਮਹੰਤਾਂ ਨੇ ਹਿੱਸਾ ਲਿਆ। ਇਸ ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਨਵੀਂ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਾਨਤਾ ਨਾ ਦਿੱਤੀ ਜਾਵੇ। ਮਹੰਤ ਨਰਾਇਣ ਦਾਸ ਦੀ ਅਗਵਾਈ ਵਿਚ ਸਮਾਨਤਾ ਕਮੇਟੀ ਬਣਾਈ ਗਈ। ਅਕਾਲੀ ਲਹਿਰ ਦੇ ਖ਼ਿਲਾਫ ਪ੍ਰਚਾਰ ਕਰਨ ਲਈ ਲਾਹੌਰ ਤੋਂ ਸੰਤ ਸੇਵਕ ਨਾਂ ਦਾ ਅਖ਼ਬਾਰ ਵੀ ਸ਼ੁਰੂ ਕੀਤਾ ਗਿਆ।

ਮਹੰਤ ਦੇ ਅਕਾਲੀਆਂ ਨੂੰ ਕਤਲ ਕਰਨ ਦੇ ਇਰਾਦੇ ਨਸ਼ਰ ਹੋ ਚੁੱਕੇ ਸਨ ਤੇ ਇਸ ਸੰਬੰਧੀ ਅਖ਼ਬਾਰਾਂ ਵਿਚ ਖ਼ਬਰਾਂ ਆ ਰਹੀਆਂ ਸਨ। 24 ਜਨਵਰੀ 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੀਟਿੰਗ ਸੱਦ ਕੇ ਮਤਾ ਪਾਸ ਕੀਤਾ ਕਿ ਚਾਰ, ਪੰਜ, ਛੇ ਮਾਰਚ 1921 ਨੂੰ ਨਨਕਾਣੇ ਵਿਖੇ ਖਾਲਸੇ ਦਾ ਦੀਵਾਨ ਹੋਵੇਗਾ। ਮਹੰਤ ਨੂੰ ਸੱਦਾ ਦਿੱਤਾ ਗਿਆ ਕਿ ਉਹ ਆਪਣਾ ਸੁਧਾਰ ਕਰੇ ਅਤੇ ਪੰਥ ਦੇ ਮਾਤਹਿਤ ਹੋ ਕੇ ਚਲੇ। ਇਕ ਨੋਟਿਸ ਵੰਡਿਆ ਗਿਆ ਕਿ ਪੰਜਾਬ ਸਰਕਾਰ ਸਿੱਖ ਰਾਜਿਆਂ ਅਤੇ ਆਮ ਸਿੱਖਾਂ ਨੂੰ ਆਖਿਆ ਗਿਆ ਕਿ ਉਹ ਸਾਰੇ ਮਿਲ ਕੇ ਆਪਣਾ ਅਸਲ ਰਸੂਖ਼ ਵਰਤਣ, ਤਾਂ ਜੋ ਗੁਰਦੁਆਰਾ ਪੰਥਕ ਪ੍ਰਬੰਧ ਥੱਲੇ ਆ ਜਾਵੇ। ਸ਼੍ਰੋਮਣੀ ਕਮੇਟੀ ਨੇ 6 ਫ਼ਰਵਰੀ ਨੂੰ ਸੰਗਤਾਂ ਦੇ ਲੰਗਰ ਲਈ ਇਕ ਕਮੇਟੀ ਬਣਾਈ। ਮਹੰਤ ਨੂੰ ਸੱਚਾ ਸੌਦਾ ਸੁਲਤਾਨਪੁਰ ਵਿਚ 7 ਫ਼ਰਵਰੀ ਤੋਂ 9 ਫ਼ਰਵਰੀ 1921 ਨੂੰ ਹੋਣ ਵਾਲੀ ਅਕਾਲੀਆਂ ਦੀ ਮੀਟਿੰਗ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ, ਪਰ ਉਹ ਮੀਟਿੰਗ ਵਿਚ ਨਾ ਆਇਆ। ਫਿਰ 14 ਫ਼ਰਵਰੀ ਨੂੰ ਸ਼ੇਖ਼ੂਪੁਰਾ ਵਿਚ ਇਕ ਹੋਰ ਮੀਟਿੰਗ ਰੱਖੀ ਗਈ, ਇਸ ਵਿਚ ਵੀ ਉਹ ਨਹੀਂ ਆਇਆ ਤੇ ਉਸ ਨੇ ਮੀਟਿੰਗ ਲਾਹੌਰ ਕਰਨ ਲਈ ਕਿਹਾ, ਜਿਸ ਲਈ ਅਕਾਲੀ ਸਹਿਮਤ ਹੋ ਗਏ। ਅਕਾਲੀ ਆਗੂਆਂ ਨੂੰ ਮਿਲਣ ਦੀ ਥਾਂ 'ਤੇ ਉਸ ਨੇ 400 ਦੀ ਗਿਣਤੀ ਵਿਚ ਭਾੜੇ ਦੇ ਟੱਟੂਆਂ ਦੀ ਫ਼ੌਜ ਵਿਚ ਉਸ ਨੇ 28 ਹੋਰ ਪਠਾਣ ਸ਼ਾਮਲ ਕਰਕੇ ਟੱਕਰ ਲੈਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਜਾਪਦਾ ਹੈ ਕਿ ਵਾਰ-ਵਾਰ ਮੀਟਿੰਗ ਦੀਆਂ ਤਰੀਕਾਂ ਮੁਲਤਵੀ ਕਰਕੇ ਉਹ ਤਿਆਰੀ ਲਈ ਸਮਾਂ ਹਾਸਲ ਕਰ ਰਿਹਾ ਸੀ।

ਮਹੰਤ ਦੀਆਂ ਕਾਤਲਾਨਾਂ ਯੋਜਨਾਵਾਂ ਦਾ ਅਕਾਲੀਆਂ ਨੂੰ ਪਤਾ ਲੱਗ ਗਿਆ, ਜਿਨ੍ਹਾਂ ਨੇ ਜਥਿਆਂ ਨੂੰ 4 ਮਾਰਚ 1921 ਨੂੰ ਵਿਉਂਤੇ ਆਮ ਇੱਕਠ ਤੋਂ ਪਹਿਲਾਂ ਨਨਕਾਣੇ ਜਾਣ ਅਤੇ ਮਹੰਤ ਦੀ ਕੁੜਿੱਕੀ ਵਿਚ ਫਸਣ ਤੋਂ ਬਚਣ ਲਈ ਸਿਰ ਤੋੜ ਯਤਨ ਸ਼ੁਰੂ ਕੀਤੇ। ਇਸ ਮਕਸਦ ਲਈ ਹਰਚੰਦ ਸਿੰਘ, ਤੇਜਾ ਸਿੰਘ ਸਮੁੰਦਰੀ ਤੇ ਮਾਸਟਰ ਤਾਰਾ ਸਿੰਘ ਨੂੰ ਨਨਕਾਣੇ ਭੇਜਿਆ, ਤਾਂ ਜੋ ਉਹ ਜਥਿਆਂ ਨੂੰ ਜਨਮ ਅਸਥਾਨ ਵੱਲ ਜਾਣ ਤੋਂ ਰੋਕਣ। ਇਹ ਆਗੂ 19 ਫ਼ਰਵਰੀ 1921 ਨੂੰ ਨਨਕਾਣੇ ਪਹੁੰਚੇ ਅਤੇ ਸਰਦੂਲ ਸਿੰਘ ਕਵੀਸ਼ਰ, ਮਾਸਟਰ ਸੁੰਦਰ ਸਿੰਘ, ਜਸਵੰਤ ਸਿੰਘ ਝਬਾਲ ਅਤੇ ਦਲੀਪ ਸਿੰਘ ਉਨ੍ਹਾਂ ਨਾਲ ਆ ਸ਼ਾਮਲ ਹੋਏ। ਇੱਥੋਂ ਇਨ੍ਹਾਂ ਨੇ ਸਲਾਹ ਕਰਕੇ ਦਲੀਪ ਸਿੰਘ ਤੇ ਜਸਵੰਤ ਸਿੰਘ ਨੂੰ ਖਰਾ ਸੌਦਾ ਭੇਜਿਆ ਕਿ ਉਹ ਜਥੇਦਾਰ ਕਰਤਾਰ ਸਿੰਘ ਝੱਬਰ ਨੂੰ ਮਿਲਣ ਅਤੇ ਨਨਕਾਣੇ ਸਾਹਿਬ ਉੱਤੇ ਕਬਜ਼ਾ ਕਰਨ ਦੀ ਉਸ ਦੀ ਯੋਜਨਾ ਨੂੰ ਤਿਆਗ ਦੇਣ ਵਾਸਤੇ ਉਸ ਨੂੰ ਪ੍ਰੇਰਨ। ਝੱਬਰ ਨੂੰ ਸੂਚਨਾ ਦੇਣ ਪਿੱਛੋਂ ਦਲੀਪ ਸਿੰਘ, ਭਾਈ ਲਛਮਣ ਸਿੰਘ ਨੂੰ ਸੂਚਨਾ ਦੇਣ ਲਈ ਸੁੰਦਰ ਕੋਟ ਰਵਾਨਾ ਹੋਇ ਕਿ ਉਹ ਯੋਜਨਾ ਅਨੁਸਾਰ ਨਨਕਾਣੇ ਲਈ ਰਵਾਨਾ ਨਾ ਹੋਵੇ। ਪਤਾ ਲੱਗਣ 'ਤੇ ਕਿ ਭਾਈ ਲਛਮਣ ਸਿੰਘ ਤੇ ਉਸ ਦਾ ਜਥਾ ਪਹਿਲਾਂ ਹੀ ਉੱਥੋਂ ਜਾ ਚੁੱਕੇ ਹਨ, ਦਲੀਪ ਸਿੰਘ ਉਤਮ ਸਿੰਘ ਦੀ ਫੈਕਟਰੀ ਵੱਲ ਤੁਰ ਪਿਆ, ਜਿਹੜੀ ਨਨਕਾਣੇ ਤੋਂ ਤਕਰੀਬਨ ਇਕ ਮੀਲ ਹੱਟਵੀਂ ਸੀ।

ਭਾਈ ਲਛਮਣ ਸਿੰਘ ਆਪਣੇ ਪਿੰਡੋਂ ਕੁਝ ਅਕਾਲੀ ਹੋਰ ਨਾਲ ਲੈ ਕੇ 19 ਫ਼ਰਵਰੀ 1921 ਦੀ ਡੂੰਘੀ ਸ਼ਾਮ ਹੋਣ ਵੇਲੇ ਤੁਰੇ। ਉਨ੍ਹਾਂ ਨਾਲ ਇਨ੍ਹਾਂ ਵਿਚ ਆਪਣੀ ਸ਼ਿਰੀ ਮਤੀ ਤੇ ਇਕ ਉਸਤਾਦਨੀ ਵੀ ਸੀ। ਰਸਤੇ ਵਿਚ ਉਨ੍ਹਾਂ ਨਾਲ ਇਕ ਹੋਰ ਬੀਬੀ ਸ਼ਾਮਲ ਹੋ ਗਈ। ਉਨ੍ਹਾਂ ਨੇ 19 ਅਕਾਲੀ ਦੇਵੀ ਸਿੰਘ ਵਾਲਾ ਤੋਂ, 11 ਧਨੂੰਵਾਲ ਤੋਂ, 7 ਜਾਂ 8 ਚੇਲਾਂਵਾਲਾ ਤੋਂ, 6 ਠੱਠੀਆਂ ਤੋਂ, 5 ਮੂਲਾ ਸਿੰਘ ਵਾਲਾ ਅਤੇ ਕੁਛ ਹੋਰ ਪਿੰਡਾਂ ਤੋਂ ਆਪਣੇ ਨਾਲ ਹੋਰ ਅਕਾਲੀ ਲਏ। ਇਹ ਕੁੱਲ ਅਕਾਲੀ ਮਿਲਕੇ 150 ਸੂਰਬੀਰਾਂ ਦਾ ਜੱਥਾ ਬਣ ਗਿਆ। 21 ਫਰਵਰੀ ਨੂੰ ਸਵੇਰ ਦੇ ਕੋਈ 5 ਵਜੇ ਜਨਮ ਅਸਥਾਨ ਦੇ ਉੱਤਰ ਵਲ ਭੱਠਿਆਂ ਉੱਤੇ ਇਨ੍ਹਾਂ ਕੋਲ ਭਾਈ ਦਲੀਪ ਸਿੰਘ ਦਾ ਆਦਮੀ ਸੰਦੇਸ਼ਾ ਲੈ ਕੇ ਪਹੁੰਚਾ, ਜਿਸ ਵਿਚ ਲਿਖਿਆ ਹੋਇਆ ਸੀ ਕਿ ਭਾਈ ਹੋਰੀਂ ਜੱਥੇ ਸਮੇਤ ਨਨਕਾਣੇ ਸਾਹਿਬ ਤੋਂ ਵਾਪਸ ਚਲੇ ਜਾਣ ਅਤੇ ਨਨਕਾਣੇ ਸਾਹਿਬ ਵਿਚ ਬਿਲਕੁੱਲ ਪੈਰ ਨਾ ਰੱਖਣ। ਭਾਈ ਲਛਮਣ ਸਿੰਘ, ਭਾਈ ਦਲੀਪ ਸਿੰਘ ਦਾ ਬੜਾ ਆਦਰ-ਸਨਮਾਨ ਕਰਦੇ ਸਨ, ਉਹ ਇਹ ਹੁਕਮ ਮੰਨ ਕੇ ਵਾਪਸ ਜਾਣ ਲਈ ਤਿਆਰ ਹੋ ਗਏ, ਪਰ ਭਾਈ ਟਹਿਲ ਸਿੰਘ ਜੀ ਕਹਿਣ ਲੱਗੇ, "ਅੱਜ ਗੁਰੂ ਹਰਿ ਰਾਇ ਜੀ ਦਾ ਜਨਮ ਦਿਨ ਹੈ। ਏਥੇ ਹੁਣ ਪਹੁੰਚੇ ਹੋਏ ਹਾਂ। ਚਲੋ ਗੁਰਦੁਆਰੇ ਦੇ ਦਰਸ਼ਨ ਕਰਦੇ ਚੱਲੀਏ। ਮਹੰਤ ਸਾਨੂੰ ਕਤਲ ਹੀ ਕਰ ਦੇਵੇਗਾ ਨਾ? ਕੋਈ ਗੱਲ ਨਹੀਂ। ਜਦੋਂ ਅਸਾਂ ਕੋਈ ਹਥਿਆਰ ਨਹੀਂ ਚੁੱਕਣਾ, ਸ਼ਾਂਤਮਈ ਰਹਿਣਾ ਏ, ਮੁਕਾਬਲਾ ਨਹੀਂ ਕਰਨਾ ਅਤੇ ਭੜਕਾਹਟ ਪੈਦਾ ਕਰਨ ਲਈ ਕੋਈ ਗੱਲ ਨਹੀਂ ਕਰਨੀ, ਮੱਥਾ ਟੇਕ ਕੇ ਵਾਪਸ ਆ ਜਾਣਾ ਏ, ਤਾਂ ਫੇਰ ਝਗੜਾ ਕਿਉਂ ਹੋਊ?" ਪਰ ਉਨ੍ਹਾਂ ਨੂੰ ਮਹੰਤ ਦੇ ਸ਼ੈਤਾਨੀ ਮਨਸੂਬਿਆਂ ਦਾ ਪਤਾ ਨਹੀਂ ਸੀ।

ਭਾਈ ਲਛਮਣ ਸਿੰਘ ਜੀ ਰਜ਼ਾਮੰਦ ਹੋ ਗਏ ਅਤੇ ਜੱਥਾ ਗੁਰਦੁਆਰਾ ਜਨਮ ਅਸਥਾਨ ਦੇ ਦਰਸ਼ਨ ਨੂੰ ਤੁਰ ਪਿਆ। ਬੀਬੀਆਂ ਗੁਰਦੁਆਰਾ ਤੰਬੂ ਸਾਹਿਬ ਦੇ ਦਰਸ਼ਨਾਂ ਲਈ ਚਲੀਆਂ ਗਈਆਂ, ਜਿੱਥੋਂ ਉਹ ਵਾਪਸ ਘਰਾਂ ਨੂੰ ਮੁੜ ਗਈਆਂ ਅਤੇ ਅਕਾਲੀ ਜਨਮ ਅਸਥਾਨ ਦੇ ਬਾਹਰ ਤਾਲਾਬ ਵਿਚ ਅਸ਼ਨਾਨ ਕਰਨ ਲੱਗ ਪਏ। ਕੋਈ ਛੇ ਵਜੇ ਦੇ ਕਰੀਬ ਉਹ ਗੁਰਦੁਆਰੇ ਵਿਚ ਮੱਥਾ ਟੇਕਣ ਲਈ ਦਾਖ਼ਲ ਹੋਏ।

ਮਹੰਤ ਦੇ ਗੁੰਡੇ ਤੇ ਬਦਮਾਸ਼ ਅੱਗੇ ਤਿਆਰ ਬੈਠੇ ਸਨ। ਮਹੰਤ ਨੇ ਸਭ ਤਿਆਰੀਆਂ ਮੁਕੰਮਲ ਕਰ ਰੱਖੀਆਂ ਸਨ। ਉਸ ਨੇ ਪਹਿਲੋਂ ਹੀ ਆਪਣੇ ਟੱਬਰ ਦੇ ਬੰਦੇ ਲਾਹੌਰ ਘੱਲ ਦਿੱਤੇ ਹੋਏ ਸਨ। ਰੁਪਇਆ ਪੈਸਾ ਅਤੇ ਜ਼ਰੂਰੀ ਕਾਗਜ਼ ਪੱਤਰ ਵੀ ਉਨ੍ਹਾਂ ਦੇ ਹਵਾਲੇ ਕਰ ਦਿੱਤੇ ਸਨ। ਏਥੋਂ ਤੱਕ ਕਿ ਉਸ ਨੇ ਕਸੂਰ ਦੇ ਥਾਣੇ ਵਿਚ ਦਸ ਨੰਬਰੀਏ ਬਦਮਾਸ਼ਾਂ - ਰਿਹਾਨਾ, ਅਮਲੀ, ਕੁੰਦੀ, ਵਸਾਖਾ ਅਤੇ ਕੁਛ ਹੋਰਨਾਂ ਦੀਆਂ ਹਾਜ਼ਰੀਆਂ ਲਵਾਣ ਦਾ ਬੰਦੋਬਸਤ ਵੀ ਕਰ ਛੱਡਿਆ ਸੀ, ਤਾਂ ਜੋ ਉਹ ਆਪਣੀ ਪੁਜ਼ੀਸ਼ਨ ਸਾਫ਼ ਕਰਨ ਲਈ ਉਜ਼ਰ ਪੇਸ਼ ਕਰ ਸਕੇ ਕਿ ਜਿਨ੍ਹਾਂ ਬਦਮਾਸ਼ਾਂ ਨੂੰ ਕਾਤਲ ਆਖਿਆ ਜਾ ਰਿਹਾ ਹੈ, ਉਹ ਤਾਂ ਉਸ ਦਿਨ ਨਨਕਾਣੇ ਸਾਹਿਬ ਵਿਚ ਹਾਜ਼ਰ ਹੀ ਨਹੀਂ ਸਨ। ਉਨ੍ਹਾਂ ਦੀ ਹਾਜ਼ਰੀ ਕਸੂਰ ਦੇ ਥਾਣੇ ਵਿਚ ਲੱਗੀ ਹੋਈ ਹੈ।

19 ਤੇ 20 ਫਰਵਰੀ ਨੂੰ ਮਹੰਤਾਂ ਨੇ ਲਾਹੌਰ ਵਿਚ ਆਪਣੀ ਸਨਾਤਨ ਸਿੱਖ ਕਾਨਫ਼ਰੰਸ ਰੱਖੀ ਹੋਈ ਸੀ। ਇਸ ਕਾਨਫ਼ਰੰਸ ਨੂੰ ਧਿਆਨ ਵਿਚ ਰੱਖ ਕੇ ਹੀ ਝੱਬਰ ਦੇ ਜੱਥੇ ਨੇ ਫੈਸਲਾ ਕੀਤਾ ਸੀ ਕਿ ਪੰਥ ਦੇ ਮਾਰਚ ਦੇ ਇੱਕਠ ਤੋਂ ਪਹਿਲੋਂ ਮਹੰਤ ਦੀ ਗ਼ੈਰ-ਹਾਜ਼ਰੀ ਵਿਚ, ਨਨਕਾਣੇ ਸਾਹਿਬ ਉੱਤੇ ਕਬਜ਼ਾ ਕਰ ਲਿਆ ਜਾਵੇ ਅਤੇ ਆਗੂਆਂ ਨੂੰ ਕਤਲ ਹੋਣੋਂ ਬਚਾਇਆ ਜਾਵੇ। ਪਰ ਸ਼੍ਰੋਮਣੀ ਕਮੇਟੀ ਨੇ ਇਹ ਫੈਸਲਾ ਰੱਦ ਕਰ ਦਿੱਤਾ ਸੀ। 19 ਫਰਵਰੀ ਨੂੰ ਮਹੰਤ ਕਾਨਫ਼ਰੰਸ ਉੱਤੇ ਜਾਣ ਲਈ 3.44 ਸ਼ਾਮ ਦੀ ਗੱਡੀ ਵਿਚ ਬੈਠਾ ਹੀ ਸੀ ਕਿ ਇਕ ਮੁਸਲਮਾਨ ਔਰਤ ਨੇ ਉਹਨੂੰ ਆਣ ਕੇ ਆਖਿਆ ਕਿ ਜੱਥਾ ਬੁੱਚਆਣੇ ਆ ਗਿਆ ਹੈ। ਮਹੰਤ ਗੱਡੀ ਵਿਚੋਂ ਉਤਰ ਕੇ ਵਾਪਸ ਆ ਗਿਆ ਅਤੇ ਉਸ ਨੇ ਸਾਰੇ ਗੁੰਡਿਆਂ, ਬਦਮਾਸ਼ਾਂ ਤੇ ਦਸ ਨੰਬਰੀਆਂ ਨੂੰ ਗੰਡਾਸਿਆਂ, ਛੱਵ੍ਹੀਆਂ, ਤਲਵਾਰਾਂ, ਬੰਦੂਕਾਂ ਤੇ ਪਿਸਤੌਲਾਂ ਨਾਲ ਲੈਸ ਕਰ ਦਿੱਤਾ। ਵੱਡੀ ਮਿਕਦਾਰ ਵਿਚ ਬਾਲਣ ਤੇ ਮਿੱਟੀ ਦਾ ਤੇਲ ਪਹਿਲੋਂ ਹੀ ਗੁਰਦੁਆਰੇ ਵਿਚ ਜਮ੍ਹਾਂ ਕਰ ਲਿਆ ਗਿਆ ਸੀ ਅਤੇ ਕੋਠਿਆਂ ਦੀਆਂ ਛੱਤਾਂ ਉੱਤੇ ਰੋੜੇ, ਪੱਥਰ ਇੱਟਾਂ ਦੇ ਤਕੜੇ ਢੇਰ ਰੱਖ ਲਏ ਗਏ ਸਨ।

ਮੋਰਚਾਬੰਦੀ ਮਜ਼ਬੂਤ ਬਣਾਉਣ ਲਈ ਮਹੰਤ ਨੇ ਬਦਮਾਸ਼ਾਂ ਦੀ ਵੰਡ ਇਸ ਤਰ੍ਹਾਂ ਕੀਤੀ : ਮਾਝੇ ਦੇ ਬਦਮਾਸ਼ ਉਸ ਨੇ ਆਪਣੀ ਤੇ ਆਪਣੀ ਬੈਠਕ ਦੀ ਹਿਫ਼ਾਜ਼ਤ ਕਰਨ ਲਈ ਮੁਕੱਰਰ ਕੀਤੇ। ਕੋਟਾਂ ਦੇ ਕੁਝ ਆਦਮੀ ਉਸ ਨੇ ਬਾਜ਼ਾਰ ਗੇਟ ਦੇ ਸਾਹਮਣੇ ਨੀਅਤ ਕੀਤੇ ਅਤੇ ਕੁਝ ਦਰਸ਼ਨੀ ਡਿਓੜ੍ਹੀ ਦੇ ਲਾਗੇ। ਅੰਦਰ ਗੁਰਦੁਆਰੇ ਵਿਚ ਪਠਾਣਾਂ ਨੂੰ ਦੋ ਵੱਡੇ ਦਰਵਾਜ਼ਿਆਂ ਦੀ ਹਿਫ਼ਾਜ਼ਤ ਕਰਨ ਦਾ ਕੰਮ ਸੌਂਪਿਆ ਗਿਆ। ਜੇ ਗੁਰਦੁਆਰੇ ਵਿਚ ਹੁਣ ਤੱਕ ਧਰਮ ਜਾਂ ਇਖ਼ਲਾਕ ਦਾ ਕੋਈ ਅੰਸ਼ ਬੱਚਿਆ ਹੋਇਆ ਵੀ ਸੀ, ਤਾਂ ਉਹ ਵੀ ਖ਼ਤਮ ਹੋ ਗਿਆ। ਗੁਰਦੁਆਰਾ ਜਨਮ ਅਸਥਾਨ ਜੰਗ ਤੇ ਵੱਢ-ਟੁੱਕ ਦੀ ਮੋਰਚਾ ਬੰਦੀ ਵਿਚ ਤਬਦੀਲ ਹੋ ਗਿਆ।

ਸਿੰਘਾਂ ਦਰਸ਼ਨੀ ਡਿਓੜ੍ਹੀ ਵੜਨ ਤੋਂ ਪਹਿਲੋਂ, ਸਤਕਾਰ ਵਜੋਂ, ਆਪਣੇ ਸੀਸ ਝੁਕਾਏ, ਫੇਰ 'ਸਤਿ ਸਿਰੀ ਅਕਾਲ' ਦੇ ਨਾਹਰੇ ਗਜਾਏ ਅਤੇ ਜਾ ਕੇ ਦਰਬਾਰ ਦੇ ਸਾਹਮਣੇ ਮੱਥਾ ਟੇਕ ਕੇ ਬੈਠ ਗਏ। ਭਾਈ ਲਛਮਣ ਸਿੰਘ ਗੁਰੂ ਗ੍ਰੰਥ ਦੀ ਤਾਬਿਆ ਬੈਠ ਗਏ ਅਤੇ ਸਾਰੇ ਸਿੰਘ ਸ਼ਬਦ ਪੜ੍ਹਨ ਵਿਚ ਮਗਨ ਹੋ ਗਏ। ਸਾਧੂ ਸਭ ਓਥੋਂ ਹੌਲੀ-ਹੌਲੀ ਖਿਸਕ ਗਏ। ਉਨ੍ਹਾਂ ਦੇ ਚਿੱਤ-ਚੇਤੇ ਵਿਚ ਵੀ ਨਹੀਂ ਸੀ ਕਿ ਨੀਚ ਹੁੰਦਿਆਂ ਹੋਇਆਂ ਵੀ ਮਹੰਤ ਦੀ ਨੀਚਤਾ ਸਭ ਹੱਦ-ਬੰਨ੍ਹੇ ਟੱਪ ਕੇ ਦਰਬਾਰ ਸਾਹਿਬ ਨੂੰ - ਜਿੱਥੇ, ਸ੍ਰੀ ਗੁਰੂ ਨਾਨਕ ਦੇਵ ਨੇ ਜਨਮ ਲੈ ਕੇ, ਏਕਤਾ, ਭਰੱਪਣ, ਬਰਾਬਰੀ ਤੇ ਸ਼ਾਂਤੀ ਦਾ ਸੰਦੇਸ਼ ਦਿੱਤਾ ਸੀ - ਕਤਲੇਆਮ ਦਾ ਖੇਤਰ ਬਣਾ ਦੇਵੇਗੀ। ਉਹ ਅਨਭੋਲ, ਸਭ ਕੁਛ ਭੁਲਾਈ, ਸ਼ਬਦ ਪੜ੍ਹਨ ਵਿਚ ਮਗਨ, ਬੈਠੇ ਸ਼ਬਦ ਪੜ੍ਹੀ ਜਾ ਰਹੇ ਸਨ ਕਿ ਏਕਾ-ਏਕੀ ਗੋਲੀਆਂ ਵਰ੍ਹਨ ਲੱਗ ਪਈਆਂ। ਸਿੰਘ ਫੱਟੜ ਹੋ ਹੋ ਜ਼ਮੀਨ 'ਤੇ ਤੜਫਨ ਲੱਗ ਪਏ। ਕੋਠਿਆਂ ਦੀਆਂ ਛੱਤਾਂ ਉੱਤੇ ਮੋਰਚੇ ਬਣੇ ਹੋਏ ਸਨ ਅਤੇ ਮਹੰਤ ਦੇ ਗੁੰਡੇ ਦਨਾਦਨ ਗੋਲੀਆਂ ਚਲਾ-ਚਲਾ ਸਿੰਘਾਂ ਨੂੰ ਸ਼ਹੀਦ ਕਰੀ ਜਾ ਰਹੇ ਸਨ। ਸਿੰਘ ਉਠਕੇ ਬਚਾਅ ਵਾਲੀਆਂ ਥਾਵਾਂ ਵੱਲ ਹੋਏ, ਪਰ ਬਚਾਅ ਵਾਲੀਆਂ ਥਾਵਾਂ ਉੱਥੇ ਕਿੱਥੇ ਸਨ - ਕਿਤਿਉਂ ਗੋਲੀਆਂ ਆ ਰਹੀਆਂ ਸੀ ਤੇ ਕਿਤਿਉਂ ਇੱਟਾਂ ਵੱਟਿਆਂ ਦੀ ਬੁਛਾੜ ਉੱਤੇ ਬੁਛਾੜ ਆ ਰਹੀ ਸੀ। ਕੋਈ ਲੁੱਕਣ ਦੀ ਥਾਂ ਨਹੀਂ ਸੀ। ਦਰਵਾਜ਼ੇ ਸਭ ਬੰਦ ਸਨ। ਚਾਰ ਚੁਫੇਰੇ ਮੋਰਚੇਬੰਦੀ ਹੋਈ ਹੋਈ ਸੀ। ਜਿਹੜੇ ਸ਼ਾਂਤੀ ਨਾਲ ਬੈਠੇ ਰਹੇ, ਉਹ ਉਥੇ ਹੀ ਗੋਲੀਆਂ ਦਾ ਨਿਸ਼ਾਨਾ ਬਣਕੇ ਸ਼ਹੀਦ ਹੋ ਗਏ। ਵਿਹੜੇ ਵਿਚ ਕੋਈ ਪੰਝੀ-ਛੱਬੀ ਸਿੰਘ ਸ਼ਹੀਦ ਹੋ ਗਏ। ਕੋਈ ਸੱਠ ਕੁ ਸਿੰਘ ਦਰਬਾਰ ਦੇ ਅੰਦਰ ਚੌਖੰਡੀ ਵਿਚ ਚਲੇ ਗਏ ਅਤੇ ਉਨ੍ਹਾਂ ਨੇ ਅੰਦਰੋਂ ਕੁੰਡੇ ਲਾ ਲਏ ਪਰ ਮਹੰਤ ਦੇ ਖ਼ੂੰਖ਼ਾਰਟ ਬਦਮਾਸ਼ਾਂ ਦੇ ਸਿਰ 'ਤੇ ਖ਼ੂਨ ਸਵਾਰ ਸੀ, ਉਹ ਸ਼ਰਾਬਾਂ ਪੀ-ਪੀ ਰੱਜੇ ਹੋਏ ਸਨ। ਉਹ ਪਹਿਲੋਂ ਹਰ ਸ਼ਿਸ਼ਤ ਵਾਲੀ ਥਾਂ 'ਤੇ ਖਲੋਕੇ, ਗੋਲੀਆਂ ਚਲਾ-ਚਲਾ ਮਾਰਦੇ ਰਹੇ, ਪਿਛੋਂ ਦਰਸ਼ਨੀ ਡਿਓੜ੍ਹੀ ਦੇ ਵਧਾਅ ਉੱਤੇ ਆ ਗਏ ਅਤੇ ਕਈਆਂ ਸਿੰਘਾਂ ਦੇ ਓਥੋਂ ਨਿਸ਼ਾਨੇ ਬਣਾਏ। ਜਦੋਂ ਵੇਖਿਆ ਕਿ ਹੁਣ ਥੱਲੇ ਕੋਈ ਹਰਕਤ ਨਜ਼ਰ ਨਹੀਂ ਆਉਂਦੀ, ਤਦ ਮਹੰਤ ਦੇ ਇਹ ਬਦਮਾਸ਼ ਥੱਲੇ ਉਤਰ ਆਏ ਅਤੇ ਦਰਸ਼ਨੀ ਤੇ ਬਾਜ਼ਾਰ ਗੇਟ ਜਿਹੜਾ ਵੀ ਫੱਟੜ ਜੀਉਂਦਾ ਨਜ਼ਰ ਆਇਆ, ਉਸ ਨੂੰ ਛਵ੍ਹੀਆਂ ਨਾਲ ਕੁਤਰ ਦਿੱਤਾ ਤੇ ਡਾਂਗਾਂ ਮਾਰ-ਮਾਰ ਫਿਹ ਦਿੱਤਾ। ਪੰਜ-ਛੇ ਆਦਮੀ ਇਕ ਬੰਦ ਬਰਾਂਡੇ ਵਿਚ ਖਲੋਤੇ ਸਨ, ਉਨ੍ਹਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ। 25 ਕੁ ਅਕਾਲੀ ਲਾਂਭਾਂ ਦੇ ਕਮਰਿਆਂ ਵਿਚ ਪਨਾਹ ਲੈ ਰਹੇ ਸਨ, ਉਨ੍ਹਾਂ ਨੂੰ ਵੀ ਮਹੰਤ ਦੀ ਧਾੜ ਨੇ ਗੋਲੀਆਂ, ਟਕੂਏ, ਲਾਠੀਆਂ ਅਤੇ ਇੱਟਾਂ ਮਾਰ ਕੇ ਪਾਰ ਬੁਲਾਇਆ।

■ ਬਾਕੀ ਅਗਲੇ ਅੰਕ 'ਚ

# ਅਕਾਲ ਤਖ਼ਤ ਸਾਹਿਬ ਦੇ ਫੈਸਲੇ ਕੌਮੀ ਦਿਸ਼ਾ ਵਿਚ ਹਨ?

## ਅਕਾਲ ਤਖ਼ਤ ਸਾਹਿਬ ਦੇ ਫੈਸਲਿਆਂ ਪ੍ਰਤੀ ਅਕਾਲੀ ਦਲ ਦੀ ਧੱਕੇਸ਼ਾਹੀ ਦਰੁੱਸਤ!





-ਦਿਲਜੀਤ ਸਿੰਘ ਬੇਦੀ
ਮੋ: 76579-68570
ਪੰਜਾਬ ਮੇਲ USA



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਡਾ. ਰੂਪ ਸਿੰਘ, "ਹੁਕਮਨਾਮੇ ਆਦੇਸ਼ ਸੰਦੇਸ਼ ਸ੍ਰੀ ਅਕਾਲ ਤਖ਼ਤ ਸਾਹਿਬ" ਨਾਮੀ ਪੁਸਤਕ ਵਿਚ ਲਿਖਦੇ ਹਨ ਕਿ "ਹੁਕਮਨਾਮਿਆਂ ਦਾ ਇਤਿਹਾਸ ਗੁਰੂ ਕਾਲ ਤੱਕ ਜਾਂਦਾ ਹੈ, ਪਰ ਗੁਰੂ ਕਾਲ ਦੇ ਹੁਕਮਨਾਮਿਆਂ ਦੀ ਵਰਤਮਾਨ ਕਾਲ ਦੇ ਹੁਕਮਨਾਮਿਆਂ ਨਾਲ ਕੋਈ ਵੀ ਸਾਂਝ ਸਥਾਪਤ ਕਰਨੀ ਮੁਸ਼ਕਿਲ ਹੈ। ਸਿੱਖ ਜਗਤ ਵਿਚ ਹੁਕਮਨਾਮਿਆਂ ਪ੍ਰਤੀ ਸ਼ਰਧਾ ਸਤਿਕਾਰ ਅੱਜ ਵੀ ਕਾਇਮ ਹੈ। ਪਰ ਇਸ ਸੁੱਚੀ ਭਾਵਨਾ ਦੇ ਅਪਹਰਣ ਦੀਆਂ ਸੰਭਾਵਨਾਵਾਂ ਵਰਤਮਾਨ ਵਿਚ ਪਹਿਲਾਂ ਨਾਲੋਂ ਵਧ ਗਈਆਂ ਹਨ। ਇਹ ਸਥਿਤੀ ਪੈਦਾ ਕਰਨ ਵਿਚ ਆਪਣਿਆਂ ਤੇ ਬੇਗਾਨਿਆਂ ਵਿਚੋਂ ਕੋਈ ਵੀ ਬਚਿਆ ਹੋਇਆ ਨਹੀਂ ਕਿਹਾ ਜਾ ਸਕਦਾ। ਵਾਰਸ ਜੇ ਅਵੇਸਲੇ, ਅਗਿਆਨੀ ਅਤੇ ਲਾਲਚੀ ਹੋ ਜਾਣ, ਤਾਂ ਵਿੱਥ ਤੋਂ ਗੱਲ ਕਰਨ ਵਾਲਿਆਂ ਨੂੰ ਖੁੱਲ੍ਹ ਖੇਡ ਪ੍ਰਾਪਤ ਹੋ ਜਾਂਦੀ ਹੈ। ਗੁਰੂ ਜੁਗਤਿ ਅਨੁਸਾਰ ਆਪਣੀ ਲਕੀਰ ਲੰਮੀ ਖਿੱਚਣ ਦੀ ਹੈ। ਸਿੱਖ ਮਾਨਸਿਕਤਾ ਰੱਖਣ ਵਾਲੇ ਲੋਕ ਆਪਣੀ ਵਿਰਾਸਤ ਨੂੰ ਸੰਭਾਲਣ ਵਿਚ ਵੀ ਸਫਲ ਨਹੀਂ ਰਹੇ। ਆਪਣੀਆਂ ਕੇਂਦਰੀ ਸੰਸਥਾਵਾਂ ਨਾਲ ਸੰਬੰਧਤ ਦਸਤਾਵੇਜ਼ਾਂ ਨੂੰ ਸੰਭਾਲਣ ਦਾ ਸੱਭਿਆਚਾਰ ਅਜੇ ਵੀ ਅਸੀਂ ਪੈਦਾ ਨਹੀਂ ਕਰ ਸਕੇ। ਇਸ ਨਾਲ ਸਿੱਖ ਧਰਮ ਦੇ ਚਿੰਤਨ ਦੀ ਸੁਤੰਤਰ ਸਥਾਪਨਾ ਦਾ ਰਾਹ ਰੁਕਿਆ ਹੈ। ਕੌਮੀ ਆਤਮ ਚਿੰਤਨ ਦੀ ਭੂਮਿਕਾ ਨਾ ਹੀ ਸੰਸਥਾਵਾਂ ਵੱਲੋਂ ਨਿਭਾਈ ਜਾ ਰਹੀ ਹੈ ਅਤੇ ਨਾ ਹੀ ਪ੍ਰਬੰਧਕੀ ਸ਼੍ਰੇਣੀ ਵੱਲੋਂ ਪ੍ਰੰਪਰਾਵਾਂ ਦੀ ਸੁੱਚੀ ਤਾਜ਼ਗੀ ਨੂੰ ਅਗਿਆਨ ਕਲਪਿਤ ਵਿਵਾਦਾਂ ਦੀ ਭੇਟ ਚੜ੍ਹਾਇਆ ਜਾ ਰਿਹਾ ਹੈ। ਹੁਣ ਸਮਾਂ ਜ਼ਿੰਮੇਵਾਰੀ ਮਿਥਣ ਦਾ ਨਹੀਂ, ਸਗੋਂ ਜ਼ਿੰਮੇਵਾਰੀ ਕਬੂਲਣ ਦਾ ਆ ਗਿਆ ਹੈ"। ਸਿੱਖ ਪੰਥ ਨੂੰ ਚੜ੍ਹਦੀਕਲਾ ਵਿਚ ਤੇ ਇਕਮੁੱਠ ਵੇਖਣ ਲਈ ਸਮੇਂ-ਸਮੇਂ ਅਕਾਲੀ ਸੋਚ ਵਾਲੇ ਪੁਰਸ਼ਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਤਰ ਹੋਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਦੇਸ਼ ਹੁੰਦੇ ਰਹੇ ਹਨ। ਅੱਜ ਵੀ ਅਕਾਲੀ ਦਲ ਦੇ ਨਾਰਾਜ਼ ਧੜੇ ਨੂੰ ਅਕਾਲੀ ਦਲ ਦੀ ਮੁੱਖ ਧਾਰਾ ਵਿਚ ਮੁੜ ਸ਼ਾਮਲ ਕਰਨ ਬਾਰੇ ਚਰਚਾ ਹੈ। ਅਕਾਲੀ ਦਲ ਦੇ ਨਾਰਾਜ਼ ਧੜੇ ਦੇ ਆਗੂਆਂ ਵੱਲੋਂ ਅਜੇ ਤੱਕ ਭਰਤੀ ਦੀ ਪ੍ਰੀਕਿਰਿਆ ਸ਼ੁਰੂ ਨਹੀਂ ਕੀਤੀ ਗਈ, ਕੇਵਲ ਕਾਬਜ਼ ਧੜੇ ਵੱਲੋਂ ਹੀ ਭਰਤੀ ਦਾ ਸਿਲਸਿਲਾ ਜਾਰੀ ਹੈ। ਇਹ ਰੇੜਕਾ ਹਾਲੇ ਖਤਮ ਨਹੀਂ ਹੋਇਆ। ਬੀਬੀ ਜਗੀਰ ਕੌਰ, ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ, ਸ. ਸੁਰਜੀਤ ਸਿੰਘ ਰਖੜਾ, ਜਥੇ. ਗੁਰਪ੍ਰਤਾਪ ਸਿੰਘ ਵਡਾਲਾ ਵਾਲੀ ਟੀਮ ਫਿਲਹਾਲ ਅੱਡਰੀ ਤੁਰੀ ਫਿਰਦੀ ਹੈ। ਇਹ ਸਾਰੇ ਅਕਾਲੀ ਦਲ ਦੇ ਸਿਰਕੱਢ ਸੀਨੀਅਰ ਆਗੂ ਹਨ।

ਮਿਤੀ 01-05-1994 ਨੂੰ ਅਕਾਲੀ ਲੀਡਰਸ਼ਿਪ ਵੱਲੋਂ ਇਕ ਪ੍ਰਣ ਪੱਤਰ ਜਾਰੀ ਕੀਤਾ ਗਿਆ ਸੀ, ਜਿਸ ਵਿਚ ਲਿਖਿਆ ਸੀ ਕਿ "ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਦੀ ਪਾਵਨ ਧਰਤੀ 'ਤੇ ਜੁੜੇ ਪੰਥਕ ਇਕੱਠ ਵਿਚ ਏਕਤਾ ਸਿਧਾਂਤ ਆਧਾਰਿਤ ਇਹ ਪ੍ਰਣ ਗੁਰੂ ਸੰਗਤਾਂ ਦੇ ਸਾਹਮਣੇ ਕਰਦੇ ਹਾਂ ਕਿ ਅੱਜ ਤੋਂ ਅਸੀਂ ਸਾਰੇ ਮਤਭੇਦ ਭੁਲਾ ਕੇ ਕੌਮੀ ਹਿੱਤਾਂ ਦੀ ਖ਼ਾਤਰ ਇਕੱਠੇ ਵਿਚਰਾਂਗੇ। ਪੰਥ ਦੋਖੀਆਂ ਦੀਆਂ ਸਾਜ਼ਿਸ਼ਾਂ ਅਧੀਨ ਆਪਸੀ ਖਿੱਚੋਤਾਣ ਦੇ ਸ਼ਿਕਾਰ ਹੋਣ ਤੋਂ ਪੂਰਨ ਤੌਰ 'ਤੇ ਮੁਕਤ ਰਹਾਂਗੇ। ਸਾਡੀ ਸੋਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੈ। ਅਸੀਂ ਹਰ ਉਸ ਕਾਰਜ ਲਈ ਹਮੇਸ਼ਾ ਯਤਨਸ਼ੀਲ ਹੋਵਾਂਗੇ, ਜੋ ਸਾਨੂੰ ਖ਼ਾਲਸਾ ਪੰਥ ਦੀਆਂ ਪ੍ਰੇਰਨਾਵਾਂ 'ਚੋਂ ਪ੍ਰਾਪਤ ਹੈ ਤੇ ਪ੍ਰਾਪਤ ਹੋਵੇਗਾ। ਖ਼ਾਲਸਾਈ ਰਵਾਇਤਾਂ ਦੀ ਪਾਲਣਾ ਲਈ ਆਪਣਾ ਤਨ, ਮਨ, ਧਨ ਕੌਮ ਨੂੰ ਸਮਰਪਿਤ ਕਰਦਿਆਂ, ਅਸੀਂ ਹਰ ਸੰਭਵ ਯਤਨ ਕਰਕੇ ਸਮੁੱਚੀਆਂ ਪੰਥਕ ਜਥੇਬੰਦੀਆਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਕਰਕੇ ਕੌਮੀ ਕਾਜ ਲਈ ਲੋਕਤੰਤਰੀ ਢੰਗ ਤਰੀਕੇ ਨਾਲ ਸਦੀਵੀ ਤੌਰ 'ਤੇ ਜੂਝਦੇ ਰਹਾਂਗੇ। ਕਿਸੇ ਵੀ ਸੂਰਤ ਵਿਚ ਕੌਮ ਨਾਲ ਵਿਸ਼ਵਾਸਘਾਤ ਨਹੀਂ ਕਰਾਂਗੇ। ਇਕ ਸੇਵਕ ਦੀ ਹੈਸੀਅਤ ਵਿਚ ਵਿਚਾਰਾਂਗੇ। ਗੁਰੂ ਪੰਥ ਦੇ ਦਾਸ: ਗੁਰਚਰਨ ਸਿੰਘ ਟੌਹੜਾ, ਭਾਈ ਮਨਜੀਤ ਸਿੰਘ, ਜਸਮੇਰ ਸਿੰਘ ਬਾਲਾ ਕਰਨਲ (ਰਿਟਾ.), ਜਗਦੇਵ ਸਿੰਘ ਤਲਵੰਡੀ, ਅਮਰਿੰਦਰ ਸਿੰਘ, ਸਿਮਰਨਜੀਤ ਸਿੰਘ ਮਾਨ, ਸੁਰਜੀਤ ਸਿੰਘ ਬਰਨਾਲਾ।

ਅਸੀਂ ਸ਼੍ਰੋਮਣੀ ਅਕਾਲੀ ਦਲ ਦੇ ਸੇਵਾਦਾਰ ਖ਼ਾਲਸਾ ਪੰਥ ਅਤੇ ਸਮੂੰਹ ਪੰਜਾਬ ਦੇ ਸੰਤਾਪ ਨੂੰ ਨਿਵਾਰਨ ਹਿੱਤ ਇਕ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਬਣਾਉਣ ਅਤੇ ਪਰਸਪਰ ਏਕਤਾ ਦਾ ਨਿਸ਼ਚਾ ਕਰਦੇ ਹਾਂ ਤੇ ਸਿਰ ਜੋੜ ਕੇ ਬੈਠਣ ਦੀ ਵਚਨਬੱਧਤਾ ਦੁਹਰਾਉਂਦੇ ਹਾਂ। ਇਹ ਵੀ ਬਚਨ ਕਰਦੇ ਹਾਂ ਕਿ ਪਿਛਲੇ ਕੁਝ ਸਮੇਂ ਦੇ ਹਾਲਾਤ ਤੇ ਅਜੋਕੀ ਪ੍ਰਸਥਿਤੀ ਨੂੰ ਮੁੱਖ ਰੱਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਦਾ ਆਪਣਾ ਰਾਜਸੀ ਮਨੋਰਥ, ਜਥੇਬੰਦਕ ਬਣਤਰ ਅਤੇ ਵਿਧਾਨਕ ਤੇ ਸੰਬੰਧਤ ਮਾਮਲਿਆਂ ਨੂੰ ਵਿਸਾਖੀ ਦੇ ਦਿਹਾੜੇ ਤੱਕ ਵਿਚਾਰ-ਵਟਾਂਦਰਾ ਕਰ ਕੇ ਫ਼ੈਸਲਾ ਕਰਨ ਦੇ ਪਾਬੰਦ ਹੋਵਾਂਗੇ। ਅਸੀਂ ਸਮੂਹ ਅਕਾਲੀ ਵਰਕਰਾਂ ਤੇ ਆਗੂਆਂ ਨੂੰ ਅਪੀਲ ਕਰਦੇ ਹਾਂ ਕਿ ਮਾਹੌਲ ਨੂੰ ਸੁਖਾਵਾਂ ਬਣਾਉਣ ਲਈ ਸਾਂਝਾ ਉਦਮ ਕਰਨ, ਤਾਂ ਕਿ ਬੀਤੇ ਸਮੇਂ ਵਿਚ ਪੈਦਾ ਹੋਈ ਕੁੜੱਤਣ ਤੇ ਵਿੱਥ ਨੂੰ ਸਮਾਪਤ ਕੀਤਾ ਜਾ ਸਕੇ। ਅਸੀਂ ਆਪਣੇ ਕੀਤੇ ਹੋਏ ਇਸ ਪ੍ਰਣ ਨੂੰ ਦੁਹਰਾਉਂਦੇ ਹਾਂ ਕਿ ਇਕ ਦੂਜੇ ਵਿਰੁੱਧ ਕੋਈ ਬਿਆਨ ਨਹੀਂ ਦੇਵਾਂਗੇ ਅਤੇ ਨਾ ਹੀ ਅਸੀਂ ਕਿਸੇ ਸਾਥੀ ਨੂੰ ਅਜਿਹਾ ਕਰਨ ਦੇਵਾਂਗੇ।" ਇਸ 'ਤੇ ਪੂਰੀ ਸੁਹਿਰਦਤਾ ਨਾਲ ਪਹਿਰਾ ਦੇਵਾਂਗੇ। ਪ੍ਰਣ 'ਤੇ ਦਸਤਖਤ: ਰਣਜੀਤ ਸਿੰਘ ਬ੍ਰਹਮਪੁਰਾ, ਭਾਈ ਮਨਜੀਤ ਸਿੰਘ, ਜਗਦੇਵ ਸਿੰਘ ਤਲਵੰਡੀ, ਅਮਰਿੰਦਰ ਸਿੰਘ, ਪ੍ਰਕਾਸ਼ ਸਿੰਘ ਬਾਦਲ, ਸੁੱਚਾ ਸਿੰਘ ਛੋਟੇਪੁਰ, ਪ੍ਰਕਾਸ਼ ਸਿੰਘ ਮਜੀਠਾ, ਅਸ਼ੋਕ ਸਿੰਘ ਭਾਈ, ਜਸਮੇਰ ਸਿੰਘ ਬਾਲਾ, ਕੁਲਦੀਪ ਸਿੰਘ ਵਡਾਲਾ, ਬਲਵਿੰਦਰ ਸਿੰਘ, ਗੁਰਚਰਨ ਸਿੰਘ ਟੌਹੜਾ, ਸੁਰਜੀਤ ਸਿੰਘ ਬਰਨਾਲਾ, ਸੁਖਦੇਵ ਸਿੰਘ ਢੀਂਡਸਾ। ਪਰ ਲੀਡਰ ਆਪਣੇ ਨਿੱਜੀ ਮੁਫਾਦਾਂ ਲਈ ਇਕਮੁੱਠ ਨਾ ਰਹਿ ਸਕੇ। ਅੱਜ ਵੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਉਹੀ ਹਾਲਾਤਾਂ ਦੇ ਸਨਮੁਖ ਖੜ੍ਹੀ ਹੈ। ਸ. ਸੁਖਬੀਰ ਸਿੰਘ ਬਾਦਲ ਪਹਿਲੇ ਸਿਆਸੀ ਆਗੂ ਅਤੇ ਅਕਾਲੀ ਦੇ ਪ੍ਰਧਾਨ ਨਹੀਂ ਹਨ, ਜਿਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਤੋਂ ਤਨਖਾਹ ਲਾਈ ਗਈ ਹੈ। ਏਥੋਂ ਪ੍ਰੋ: ਗੁਰਮੁਖ ਸਿੰਘ, ਬਾਬੂ ਤੇਜਾ ਸਿੰਘ, ਬਾਬਾ ਕਰਤਾਰ ਸਿੰਘ, ਮਾਸਟਰ ਤਾਰਾ ਸਿੰਘ, ਗਿ. ਭਾਗ ਸਿੰਘ, ਜਥੇ: ਜਗਦੇਵ ਸਿੰਘ ਤਲਵੰਡੀ, ਜਥੇ: ਸੰਤੋਖ ਸਿੰਘ ਦਿਲੀ, ਬਾਬਾ ਸੰਤਾ ਸਿੰਘ, ਗਿ. ਜੈਲ ਸਿੰਘ, ਸ. ਬੂਟਾ ਸਿੰਘ, ਸ. ਸੁਰਜੀਤ ਸਿੰਘ ਬਰਨਾਲਾ, ਜਥੇ. ਰਛਪਾਲ ਸਿੰਘ ਦਿਲੀ, ਰਣਜੀਤ ਸਿੰਘ ਬ੍ਰਹਮਪੁਰਾ, ਅਵਤਾਰ ਸਿੰਘ ਹਿੱਤ ਦਿਲੀ ਵੀ ਤਨਖਾਹ ਲਵਾ ਚੁੱਕੇ ਹਨ। ਏਵੇਂ ਜਥੇ. ਗੁਰਚਰਨ ਸਿੰਘ ਟੌਹੜਾ, ਕੈਪਟਨ ਅਮਰਿੰਦਰ ਸਿੰਘ, ਸ. ਪ੍ਰਕਾਸ਼ ਸਿੰਘ ਬਾਦਲ, ਸ. ਸਿਮਰਨਜੀਤ ਸਿੰਘ ਮਾਨ ਆਦਿ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਏਕਤਾ ਆਦਿ ਲਈ ਅਦੇਸ਼ ਹੁੰਦੇ ਰਹੇ ਹਨ। ਭਾਵੇਂ ਹਵਾਲੇ ਨਾਵਾਂ ਵਿਚ ਬਹੁਤ ਆਗੂ ਅਕਾਲ ਚਲਾਣਾ ਕਰ ਚੁੱਕੇ ਹਨ ਤੇ ਇੱਕ ਦੋ ਹੀ ਜ਼ਿੰਦਾ ਹਨ।

ਆਮ ਕਹਾਵਤ ਪ੍ਰਚਲਿਤ ਹੈ ਕਿ ਅਕਾਲੀ ਲਿਆਉਂਦੇ ਸ਼ਾਨੋ-ਸ਼ੌਕਤ ਨਾਲ ਹਾਥੀ 'ਤੇ ਚੜ੍ਹਾ ਕੇ, ਲੇਕਿਨ ਕੱਢਦੇ ਗਧੇ 'ਤੇ, ਮੌਜੂਦਾ ਘਟਨਾਕ੍ਰਮ ਅਨੁਸਾਰ ਸਿੱਖ ਧਰਮ ਦੇ ਤਖ਼ਤਾਂ ਦੇ ਜਥੇਦਾਰ ਆਜ਼ਾਦ ਹੈਸੀਅਤ ਬਿਲਕੁਲ ਹੀ ਨਹੀਂ ਰੱਖਦੇ। ਉਹ ਕੌਮੀ ਤੌਰ 'ਤੇ ਕੋਈ ਵੱਡਾ ਫੈਸਲਾ ਵੀ ਨਹੀਂ ਲੈ ਸਕਦੇ। ਉਨ੍ਹਾਂ ਦੀ ਕਾਰਗੁਜ਼ਾਰੀ ਆਮ ਸ਼੍ਰੋ: ਗੁ: ਕਮੇਟੀ ਦੇ ਮੁਲਾਜ਼ਮਾਂ ਵਾਲੀ ਹੈ, ਸਿੱਖ ਜਗਤ ਉਨ੍ਹਾਂ ਦਾ ਸਤਿਕਾਰ ਇਸ ਲਈ ਕਰਦਾ ਹੈ ਕਿ ਉਹ ਗੁਰੂ ਸਾਹਿਬ ਦੇ ਤਖ਼ਤ ਸਾਹਿਬ ਵਿਖੇ ਬਤੌਰ ਮੁਖੀ, ਜਥੇਦਾਰ, ਸੇਵਾ ਸੰਭਾਲ ਦੇ ਮੁਖੀ ਵਜੋਂ ਸੇਵਾ ਨਿਭਾਉਂਦੇ ਹਨ। ਉਨ੍ਹਾਂ ਦਾ ਨਿਯੁਕਤੀ ਸਥਾਨ ਅਤੇ ਸੇਵਾਮੁਕਤ ਹੋਣ ਦੀ ਵਿਧੀ ਵਿਧਾਨ ਵੀ ਸ਼੍ਰੋਮਣੀ ਕਮੇਟੀ ਕੋਲ ਹੈ। ਜਿੰਨਾ ਚਿਰ ਆਜ਼ਾਦਦਾਨਾ ਤੌਰ 'ਤੇ ਇਨ੍ਹਾਂ ਦੀ "ਨਿਯੁਕਤੀ-ਸੇਵਾਮੁਕਤੀ" ਦੀ ਵਿਧੀ ਤਿਆਰ ਨਹੀਂ ਕੀਤੀ ਜਾਂਦੀ, ਓਨਾ ਚਿਰ ਇਸ ਤਰ੍ਹਾਂ ਦੇ ਦੁਖਦ ਹਿਰਦੇਵੇਧਕ ਫੈਸਲੇ ਹੁੰਦੇ ਰਹਿਣਗੇ ਅਤੇ ਜਥੇਦਾਰਾਂ ਨੂੰ ਬੇਪੱਤ ਕਰ ਕੇ ਕੱਢਿਆ ਜਾਂਦਾ ਰਹੇਗਾ। ਪਿਛਲੇ ਚਾਰ ਦਹਾਕਿਆਂ ਤੋਂ ਕੋਈ ਵੀ ਤਖ਼ਤ ਸਾਹਿਬ ਦਾ ਜਥੇਦਾਰ ਸ਼ਾਨੋ-ਸ਼ੌਕਤ ਤੇ ਨਿਯਮਤ ਸੇਵਾਵਾਂ ਅਨੁਸਾਰ ਸਤਿਕਾਰ ਸਹਿਤ ਮੁਕਤ ਨਹੀਂ ਹੋ ਸਕਿਆ। ਸਭ ਨੂੰ ਬੇਪਤ ਕਰਕੇ ਤੋਰਿਆ ਜਾਂਦਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਲਡਿਰਸ਼ਿਪ ਨੇ ਸਵੈ ਚਿੰਤਨ ਕਰਨ ਦੀ ਪ੍ਰੰਪਰਾ ਵੀ ਤਿਆਗ ਦਿੱਤੀ ਹੈ।

2 ਦਸੰਬਰ 2024 ਨੂੰ ਬਹੁਤ ਦੇਰ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇੱਕ ਕੌਮੀ ਪੱਧਰ ਦਾ ਇਤਿਹਾਸਕ ਹੁਕਮਨਾਮਾ ਹੋਇਆ, ਜਿਸ ਦਾ ਸਮੁੱਚੇ ਸਿੱਖ ਜਗਤ ਨੇ ਸਵਾਗਤ ਕੀਤਾ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਤੇ ਉਸ ਦੇ ਸਾਥੀਆਂ ਨੇ ਲੱਗੀ ਸੇਵਾ ਦੀ ਤਨਖਾਹ ਤਾਂ ਪੂਰੀ ਕਰ ਲਈ ਪਰ ਅਕਾਲੀ ਦਲ ਦੀ ਭਰਤੀ ਪ੍ਰਤੀ ਬਣਾਈ 7 ਮੈਂਬਰੀ ਕਮੇਟੀ ਦਾ ਮਾਮਲਾ ਲੀਰੋ-ਲੀਰ ਕਰ ਦਿਤਾ। ਸ. ਸੁਖਬੀਰ ਸਿੰਘ ਬਾਦਲ ਨੇ ਅਸਤੀਫਾ ਬਹੁਤ ਮੁਸ਼ਕਲ ਨਾਲ ਹੀ ਦਿੱਤਾ। ਪਰ ਉਸ ਨੇ ਆਪਣਾ ਜਾਨਸ਼ੀਨ ਸ. ਬਲਵਿੰਦਰ ਸਿੰਘ ਭੂੰਦੜ ਨੂੰ ਕਾਰਜਕਾਰੀ ਪ੍ਰਧਾਨ ਬਣਾ ਲਿਆ ਹੈ, ਜਦੋਂ ਮਰਜ਼ੀ ਅਸਤੀਫਾ ਲੈ ਕੇ ਮੁੜ ਪ੍ਰਧਾਨਗੀ ਹਥਿਆਈ ਜਾ ਸਕਦੀ ਹੈ। ਅਜੇ ਸਕਰੀਨਿੰਗ ਕਮੇਟੀ ਨੇ ਕੰਮ ਕਰਨਾ ਵੀ ਸ਼ੁਰੂ ਨਹੀਂ ਕੀਤਾ ਤੇ ਜਬਰੀ ਅਕਾਲੀ ਦਲ ਵੱਲੋਂ ਭਰਤੀ ਵੀ ਕਰ ਲਈ ਗਈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਬਿਆਨ ਆਉਂਦਾ ਰਿਹਾ ਹੈ ਕਿ ਸਤ ਮੈਂਬਰੀ ਕਮੇਟੀ ਪਹਿਲਾਂ ਦੀ ਤਰ੍ਹਾਂ ਕਾਇਮ ਹੈ। ਉਸ ਦੀ ਨਿਗਰਾਨੀ ਹੇਠ ਹੀ ਭਰਤੀ ਹੋਵੇਗੀ। ਦਸ ਫਰਵਰੀ 2025 ਨੂੰ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਜਥੇਦਾਰ ਗਿ. ਹਰਪ੍ਰੀਤ ਸਿੰਘ ਪ੍ਰਤੀ ਬਣਾਈ ਤਿੰਨ ਮੈਂਬਰੀ ਕਮੇਟੀ ਦੀ ਰਿਪੋਰਟ ਆਧਾਰਿਤ ਉਨ੍ਹਾਂ ਨੂੰ ਜਥੇਦਾਰੀ ਪੱਦ ਤੋਂ ਸੇਵਾਮੁਕਤ ਕਰ ਦਿੱਤਾ ਗਿਆ ਹੈ। ਇਹ ਫੈਸਲਾ ਨਵਾਂ ਨਹੀਂ, ਲੋਕਾਂ ਨੂੰ ਪਹਿਲਾਂ ਹੀ ਇਸ ਬਾਰੇ ਗਿਆਨ ਸੀ। ਕਿਉਂਕਿ ਇਹ ਵੀ ਇਕ ਰਾਜਸੀ ਤੇ ਧੱਕੜਸ਼ਾਹੀ ਵਾਲਾ ਫੈਸਲਾ ਹੈ। ਹੁਣ ਰਾਜਸੀ ਦਲ ਦੇ ਦਬਾਅ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਭਰਤੀ ਪ੍ਰਤੀ ਬਣਾਈ ਸਤ ਮੈਂਬਰੀ ਸਕਰੀਨਿੰਗ ਕਮੇਟੀ ਦੀ ਇੱਕ ਮੀਟਿੰਗ ਕੀਤੀ ਗਈ ਹੈ। ਪਰ ਉਸ ਵਿਚ ਵੀ ਕੋਈ ਸਾਰਥਿਕ ਫੈਸਲਾ ਨਹੀਂ ਲਿਆ ਗਿਆ। ਦੂਜੀ ਮੀਟਿੰਗ ਚੰਡੀਗੜ੍ਹ ਸ਼੍ਰੋਮਣੀ ਕਮੇਟੀ ਦੇ ਸਬ ਆਫਿਸ ਵਿਚ ਸੱਦੀ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਮੀਟਿੰਗ ਹੋਈ। ਇਸ ਮੀਟਿੰਗ 'ਚ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਸੱਦਾ ਦਿੱਤਾ ਗਿਆ ਸੀ, ਪਰ ਉਹ ਮੀਟਿੰਗ ਵਿਚ ਨਹੀਂ ਪੁੱਜੇ। ਲੰਮਾ ਸਮਾਂ ਸ. ਭੂੰਦੜ ਦਾ ਮੀਟਿੰਗ 'ਚ ਇੰਤਜ਼ਾਰ ਕਰਨ ਮਗਰੋਂ ਹਰਜਿੰਦਰ ਸਿੰਘ ਧਾਮੀ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਉਨ੍ਹਾਂ ਨੂੰ ਖ਼ੁਦ ਮਿਲਣ ਪੁੱਜੇ। 16 ਫਰਵਰੀ ਨੂੰ ਮੁੜ ਕਮੇਟੀ ਦੀ ਆਖ਼ਰੀ ਮੀਟਿੰਗ ਹੋਏਗੀ, ਜਿਸ ਵਿਚ ਸ. ਬਲਵਿੰਦਰ ਸਿੰਘ ਭੂੰਦੜ ਵੀ ਸ਼ਾਮਿਲ ਹੋਣਗੇ ਅਤੇ ਇਸ ਸਾਰੇ ਮਸਲੇ 'ਤੇ ਫ਼ੈਸਲਾ ਲੈ ਲਿਆ ਜਾਵੇਗਾ, ਜਿਸ ਦੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੌਂਪੀ ਜਾਵੇਗੀ। ਉਨ੍ਹਾਂ ਕਿਹਾ ਕਿ ਸਮਾਂ ਖਤਰਨਾਕ ਚੱਲ ਰਿਹਾ ਹੈ, ਸਿੱਖਾਂ ਦੀ 104 ਸਾਲ ਪੁਰਾਣੀ ਪਾਰਟੀ ਅਤੇ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਅਤੇ ਪੰਥਕ ਹਿਤਾਂ ਨੂੰ ਮੁੱਖ ਰੱਖਦੇ ਹੋਏ ਪੰਥ ਨੂੰ ਇਕ ਝੰਡੇ ਹੇਠਾਂ ਇਕੱਠੇ ਕਰਨ ਲਈ ਵਿਚਾਰ-ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਰਬਉੱਚ ਹਨ ਅਤੇ ਉਨ੍ਹਾਂ ਦੇ ਹੁਕਮਨਾਮੇ ਦੀ ਇੰਨ-ਬਿੰਨ ਪਾਲਣਾ ਕਰਾਉਣ ਲਈ ਹੀ ਸਾਰੀਆਂ ਧਿਰਾਂ ਵਲੋਂ ਵਿਚਾਰ-ਵਟਾਂਦਰਾ ਜਾਰੀ ਹੈ, ਜਿਸ ਦੇ ਜਲਦ ਸਾਰਥਿਕ ਨਤੀਜੇ ਸਾਹਮਣੇ ਆਉਣਗੇ ਸ: ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਨਵੇਂ ਸਿਰੇ ਤੋਂ ਸ਼ੁਰੂ ਕੀਤੀ ਜਾਵੇਗੀ। ਅੱਜ ਅਕਾਲੀ ਦਲ ਬੇਹੱਦ ਡੂੰਘੇ ਸੰਕਟ 'ਚੋਂ ਲੰਘ ਰਿਹਾ ਹੈ ਅਤੇ ਆਪਣੀ ਈਰਖਾ ਨੂੰ ਪਿੱਛੇ ਕਰਕੇ ਸਾਰਿਆਂ ਨੂੰ ਇਕੱਠੇ ਹੋਣਾ ਚਾਹੀਦਾ ਹੈ। ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਨੂੰ ਜੇਕਰ ਅਕਾਲੀ ਦਲ ਦੀ ਸਾਰੀ ਲੀਡਰਸ਼ਿਪ ਮੰਨਦੀ ਹੈ, ਤਾਂ ਨਵੇਂ ਸਿਰੇ ਤੋਂ ਭਰਤੀ ਸ਼ੁਰੂ ਹੋਵੇਗੀ। ਭਰਤੀ ਰੱਦ ਕਰਨ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਜੋ ਤਸਵੀਰ ਸ. ਬਲਵਿੰਦਰ ਸਿੰਘ ਭੂੰਦੜ ਨੂੰ ਜੋ ਤਜਵੀਜ਼ ਦੇ ਕੇ ਆਏ ਹਾਂ, ਉਸ ਅਨੁਸਾਰ ਵਿਚਾਰ-ਵਟਾਂਦਰੇ ਮਗਰੋਂ ਪੁਰਾਣੀ ਭਰਤੀ ਦਾ ਹੱਲ ਵੀ ਨਿਕਲ ਆਵੇਗਾ। ਪਰ ਸੰਗਤ ਜਾਣਦੀ ਹੈ ਹਉਮੈ ਪ੍ਰਸਤ ਲੋਕਾਂ ਅਜਿਹਾ ਨਹੀਂ ਹੋਣ ਦੇਣਾ।

ਪਰ ਲੱਖਾਂ ਦੀ ਗਿਣਤੀ ਵਿਚ ਕੀਤੀ ਭਰਤੀ ਕਿਵੇਂ ਸਾਰਥਿਕ ਗਿਣੀ ਜਾਵੇਗੀ। ਇਹ ਤਾਂ ਅਕਾਲ ਤਖ਼ਤ ਦੇ ਹੁਕਮ ਤੋਂ ਭਗੌੜੇ ਹੋਣ ਵਾਲੀ ਗੱਲ ਹੈ। ਇਸ ਤਰ੍ਹਾਂ ਦੇ ਰਾਜਸੀ ਜਬਰੀ ਫੈਸਲੇ ਕੌਮ ਦਾ ਕੁੱਝ ਨਹੀਂ ਸਵਾਰ ਸਕਦੇ। ਸ਼੍ਰੋਮਣੀ ਅਕਾਲੀ ਦਲ ਸ਼ਹੀਦਾਂ ਦੀ ਜਥੇਬੰਦੀ ਹੈ। ਇਸ ਹੋਂਦ ਦੀ ਘਾੜਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਹੇਠ ਘੜੀ ਗਈ ਹੈ। ਅਕਾਲੀ ਦਲ ਆਗੂ ਪ੍ਰਧਾਨ ਦੀ ਚੋਣ ਕਰਨ ਲਈ ਪਹਿਲਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਤੋਂ ਆਗਿਆ ਅਤੇ ਤਰੀਕ ਲਈ ਬੇਨਤੀ ਕਰਦੇ ਹੁੰਦੇ ਸਨ। ਅਕਾਲ ਤਖ਼ਤ ਸਾਹਿਬ ਵੱਲੋਂ ਹੀ ਡੈਲੀਗੇਟਾਂ ਨੂੰ ਸਥਾਨ ਅਤੇ ਤਰੀਕ ਬਾਰੇ ਸੂਚਨਾ ਦਿੱਤੀ ਜਾਂਦੀ ਸੀ। ਜਥੇਦਾਰ ਦੀ ਨਿਗਰਾਨੀ ਹੇਠ ਚੋਣ ਹੁੰਦੀ ਸੀ। ਅਕਾਲੀ ਦਲ ਚੋਣ ਦੀ ਪ੍ਰਕਿਰਿਆ ਪੂਰੀ ਕਰਕੇ ਸੂਚਨਾ ਅਕਾਲ ਤਖ਼ਤ ਸਾਹਿਬ ਨੂੰ ਭੇਜਦਾ ਸੀ। ਸ. ਪ੍ਰਕਾਸ਼ ਸਿੰਘ ਬਾਦਲ ਨੇ ਸ. ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਕਿਵੇਂ ਸੌਂਪੀ, ਕਿਹੜੇ ਵਿਧੀ ਵਿਧਾਨ ਦੀ ਪਾਲਣਾ ਹੋਈ ਇਸ ਬਾਰੇ ਵੀ ਚਰਚਾ ਕਰਨ ਦੀ ਲੋੜ ਹੈ। ਅੱਜ ਦਾ ਅਕਾਲੀ ਦਲ ਇਸ ਸੋਚ ਦਾ ਧਾਰਨੀ ਬਣ ਰਿਹਾ ਹੈ ਕਿ ਭਵਿੱਖ ਵਿਚ 2027 ਨੂੰ ਹੋਣ ਜਾ ਰਹੀਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਿਚ ਅਕਾਲੀ ਦਲ ਭਾਜਪਾ ਨਾਲ ਗਠਜੋੜ ਕਰਕੇ ਸਰਕਾਰ ਬਣਾਉਣ ਦੇ ਆਹਦ ਵਿਚ ਪੂਰਾ ਉਤਰੇਗਾ। ਪਰ ਲੋਕ ਸ਼ਕਤੀ ਬਹੁਤ ਬਲਵਾਨ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਦਸ ਸਾਲ ਦਿੱਲੀ ਵਿਚ ਰਾਜ ਕੀਤਾ ਹੈ, ਪਰ ਇਸ ਵਾਰ ਜਨਤਾ ਨੇ ਉਸ ਨੂੰ ਬੁਰੀ ਤਰ੍ਹਾਂ ਨਕਾਰ ਦਿੱਤਾ ਹੈ। 21 ਸਾਲਾਂ ਬਾਅਦ ਦਿੱਲੀ 'ਤੇ ਭਾਜਪਾ ਕਾਬਜ਼ ਹੋਈ ਹੈ। ਅਕਾਲ ਤਖ਼ਤ ਦੀ ਮਾਣ ਮਰਿਯਾਦਾ ਨੂੰ ਢਾਹ ਲਾਉਣ ਵਾਲੇ ਕਦੀ ਵੀ ਰਾਜ ਸੱਤਾ ਨਹੀਂ ਭੋਗ ਸਕਦੇ। ਜਥੇਦਾਰ ਰਣਜੀਤ ਸਿੰਘ, ਗਿ. ਪੂਰਨ ਸਿੰਘ, ਜੋਗਿੰਦਰ ਸਿੰਘ ਵੇਦਾਂਤੀ, ਗਿ. ਗੁਰਬਚਨ ਸਿੰਘ ਤੇ ਹੁਣ ਗਿ. ਹਰਪ੍ਰੀਤ ਸਿੰਘ ਰਾਜਸੀ ਧੱਕੜਸ਼ਾਹੀ ਦਾ ਸ਼ਿਕਾਰ ਹੋਏ ਹਨ। ਇਸ ਤੋਂ ਪਹਿਲਾਂ ਪ੍ਰੋ. ਦਰਸ਼ਨ ਸਿੰਘ, ਹਰਚਰਨ ਸਿੰਘ ਦਿਲੀ, ਪ੍ਰੋ. ਮਨਜੀਤ ਸਿੰਘ, ਗਿ. ਕੇਵਲ ਸਿੰਘ, ਜਥੇ. ਬਲਵੰਤ ਸਿੰਘ ਨੰਦਗੜ੍ਹ, ਗਿ. ਗੁਰਮੁਖ ਸਿੰਘ ਵੀ ਏਸੇ ਕਤਾਰ ਦੇ ਬੈਲ ਹਨ। ਇਸੇ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਦੇ ਦੋ ਗ੍ਰੰਥੀ ਗਿ. ਮਾਨ ਸਿੰਘ, ਹੈੱਡ ਗ੍ਰੰਥੀ ਗਿ. ਜਸਵਿੰਦਰ ਸਿੰਘ ਵੀ ਏਸੇ ਸਾਜ਼ਿਸ਼ 'ਚ ਬਲੀ ਚੜ੍ਹੇ ਹਨ। ਤਿੰਨ-ਚਾਰ ਜਥੇਦਾਰਾਂ ਨਾਲ ਮੇਰਾ ਨਿੱਜੀ ਵਾਹ ਵੀ ਰਿਹਾ ਹੈ। ਮੈਂ ਅਗਾਊਂ ਉਨ੍ਹਾਂ ਨੂੰ ਸੁਚੇਤ ਕਰਦਾ ਰਿਹਾ ਹਾਂ ਕਿ ਰਾਜਸੀ ਟਕਰਾਅ ਤੁਹਾਡੇ ਲਈ ਠੀਕ ਨਹੀਂ, ਤੁਹਾਨੂੰ ਭਾਣਾ ਮੰਨਣਾ ਹੀ ਪੈਣਾ ਹੈ ਜਾਂ ਇਸ ਅਹੁਦੇ ਤੋਂ ਲਾਂਭੇ ਹੋ ਜਾਵੋ। ਉਹ ਸਾਰੇ ਹੀ ਇਸੇ ਰਾਜਸੀ ਦਲ ਦੀ ਧੱਕੇਜੋਰੀ ਤੇ ਬੇਇਨਸਾਫੀ ਦਾ ਸ਼ਿਕਾਰ ਹੋਏ ਹਨ। ਅਕਾਲ ਤਖ਼ਤ ਸਾਹਿਬ ਦੀ ਮਾਨ-ਮਰਿਯਾਦਾ ਤੇ ਉਚੇ-ਸੁੱਚੇ ਸਿਧਾਤਾਂ ਨੂੰ ਪਿਛਲੇ ਲੰਮੇ ਸਮੇਂ ਤੋਂ ਭੰਨਣ, ਤੋੜਨ ਤੇ ਪੈਰਾਂ 'ਚ ਰੋਲਣ ਦਾ ਕੰਮ ਅਕਾਲੀ ਲੀਡਰਸ਼ਿਪ ਪੂਰੀ ਜ਼ਿੰਮੇਵਾਰੀ ਨਾਲ ਕਰਦੀ ਆ ਰਹੀ ਹੈ। ਕੌਮ ਦੀ ਹਮੇਸ਼ਾ ਮੰਗ ਰਹੀ ਹੈ, ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਵਰਗਾ ਹੋਵੇ। ਜੋ ਹਾਕਮਾਂ, ਰਜਵਾੜਸ਼ਾਹੀ, ਹੁਕਮਰਾਨਾਂ ਨੂੰ ਵੀ ਨੱਥ ਪਾ ਸਕਦਾ ਹੋਵੇ। ਪਰ ਉਹ ਕਿਵੇਂ ਹੋਵੇ, ਇਸ ਬਾਰੇ ਕਿਸੇ ਨੇ ਅੱਜ ਤੱਕ ਫਾਰਮੂਲਾ ਅਕਾਲੀ ਦਲ ਜਾਂ ਸ਼੍ਰੋਮਣੀ ਕਮੇਟੀ ਨੂੰ ਨਹੀਂ ਦਿੱਤਾ। ਜਥੇਦਾਰ ਵੇਦਾਂਤੀ ਇਸ ਸਬੰਧੀ ਬਹੁਤ ਜ਼ੋਰ ਨਾਲ ਹਰ ਸਟੇਜ 'ਤੇ ਰੌਲਾ ਪਾਉਂਦੇ ਰਹੇ ਹਨ ਕਿ ਅਜਿਹਾ ਵਿਧੀ ਵਿਧਾਨ ਬਨਣਾ ਚਾਹੀਦਾ ਹੈ ਪਰ ਅਸਲ ਵਿਚ ਅੱਜ ਤੱਕ ਕੁੱਝ ਵੀ ਨਹੀਂ ਹੋ ਸਕਿਆ।

ਹੁਣ ਵਿਦੇਸ਼ ਗਏ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਹਟਾਉਣ ਬਾਰੇ ਲਏ ਫ਼ੈਸਲੇ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਪਿਛਲੇ ਦਿਨਾਂ ਤੋਂ ਜਿਸ ਤਰ੍ਹਾਂ ਦੇ ਘਟਨਾਕ੍ਰਮ ਵਾਪਰ ਰਹੇ ਹਨ, ਮੈਂ ਉਨ੍ਹਾਂ ਨੂੰ ਸਾਰੇ ਪੱਖਾਂ ਤੋਂ ਬੜੀ ਗੰਭੀਰਤਾ ਨਾਲ ਵਾਚ ਰਿਹਾ ਹਾਂ। ਇਨ੍ਹਾਂ ਹਾਲਾਤਾਂ ਤੋਂ ਮੇਰਾ ਮਨ ਬੇਹੱਦ ਦੁਖੀ ਹੋਇਆ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਹਟਾਉਣ ਲਈ ਵਰਤੇ ਗਏ ਕਾਰਨ ਤੇ ਤਰੀਕਾ ਬਿਲਕੁਲ ਵੀ ਸਹੀ ਨਹੀਂ ਹੈ। ਮਿਤੀ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਥਕ ਭਾਵਨਾਵਾਂ ਅਤੇ ਪ੍ਰੰਪਰਾਵਾਂ ਦੀ ਰੌਸ਼ਨੀ ਵਿਚ ਹੋਏ ਫੈਸਲਿਆਂ ਤੋਂ ਬਾਅਦ ਹੀ ਇਸ ਤਰ੍ਹਾਂ ਜਾਪ ਰਿਹਾ ਸੀ ਕਿ ਸਿੰਘ ਸਾਹਿਬਾਨ ਖ਼ਿਲਾਫ਼ ਗਿਣੇ-ਮਿੱਥੇ ਤਰੀਕੇ ਦੇ ਨਾਲ ਮਾਹੌਲ ਬਣਾਇਆ ਜਾ ਰਿਹਾ ਹੈ। ਗਿਆਨੀ ਹਰਪ੍ਰੀਤ ਸਿੰਘ ਖਿਲਾਫ 18 ਸਾਲ ਪੁਰਾਣੇ ਪਰਿਵਾਰਕ ਮਸਲੇ ਨੂੰ ਗਲਤ ਰੰਗਤ ਦੇ ਕੇ ਮੀਡੀਆ ਟਰਾਇਲ ਚਲਾਇਆ ਗਿਆ। ਇਸ ਸੰਬੰਧ ਵਿਚ ਬਤੌਰ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਮੈਂ ਸ਼੍ਰੋਮਣੀ ਕਮੇਟੀ ਵੱਲੋ ਜਾਂਚ ਕਮੇਟੀ ਬਿਠਾਉਣ ਵੇਲੇ ਵੀ ਆਖਿਆ ਸੀ ਕਿ ਇਹ ਠੀਕ ਨਹੀਂ ਹੈ। ਜੇਕਰ ਕਿਸੇ ਵੀ ਤਖਤ ਸਾਹਿਬ ਦੇ ਕਿਸੇ ਜਥੇਦਾਰ ਵਿਰੁੱਧ ਕਿਸੇ ਤਰ੍ਹਾਂ ਦੇ ਦੋਸ਼ਾਂ ਦੀ ਪੜਤਾਲ ਕਰਨ ਦੀ ਲੋੜ ਹੋਵੇ, ਤਾਂ ਇਹ ਕੇਵਲ ਅਕਾਲ ਤਖਤ ਸਾਹਿਬ ਹੀ ਕਰਵਾ ਸਕਦਾ ਹੈ। ਉਨ੍ਹਾਂ ਅਖ਼ੀਰ ਵਿਚ ਲਿਖਿਆ ਸ਼੍ਰੋਮਣੀ ਕਮੇਟੀ ਦਾ ਫੈਸਲਾ ਤਖਤ ਸਾਹਿਬਾਨ ਦੀ ਆਜ਼ਾਦ ਹੋਂਦ ਹਸਤੀ ਨੂੰ ਵੀ ਨੁਕਸਾਨ ਪਹੁੰਚਾਉਣ ਵਾਲਾ ਹੈ। ਇਹ ਬਿਆਨ ਦੇਰ ਨਾਲ ਆਇਆ ਹੈ, ਜਦੋਂ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਗਿ. ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਖਾਰਜ ਕਰਨ ਦਾ ਫੈਸਲਾ ਲੈ ਚੁੱਕੀ ਹੈ। ਜੇਕਰ ਜਥੇਦਾਰ ਸਾਹਿਬਾਨ ਇੱਕਮੁੱਠ ਹੋ ਕੇ ਇਹ ਹੁਕਮਨਾਮੇ ਨੂੰ ਲਾਗੂ ਕਰਵਾਉਣ ਵਿਚ ਕਾਮਯਾਬ ਹੁੰਦੇ ਹਨ, ਤਾਂ ਹੀ ਸਿੱਖ ਸਿਧਾਂਤ ਬਣ ਸਕਦੇ ਹਨ। ਜਾਂ ਫਿਰ ਦੋ ਦਸੰਬਰ 2024 ਨੂੰ ਹੋਏ ਗੁਰਮਤਿਆਂ 'ਤੇ ਤਖ਼ਤਾਂ ਦੇ ਜਥੇ: ਡੱਟਵਾਂ ਪਹਿਰਾ ਨਹੀਂ ਦੇ ਸਕਦੇ, ਤਾਂ ਉਨ੍ਹਾਂ ਨੂੰ ਆਪਣੀ ਨੌਕਰੀ ਬਣਾਈ ਰੱਖਣ ਲਈ, ਸ. ਸੁਖਬੀਰ ਸਿੰਘ ਬਾਦਲ ਤੋਂ ਭੁੱਲ ਬਖਸ਼ਾ ਲੈਣੀ ਚਾਹੀਦੀ ਹੈ।

ਭਾਵੇਂ ਹਰਿਮੰਦਰ ਸਾਹਿਬ ਦੀਆਂ ਧਾਰਮਿਕ ਸ਼ਖ਼ਸੀਅਤਾਂ ਅੰਦਰ ਵੀ ਅਹੁਦੇ ਨੂੰ ਲੈ ਕੇ ਕਸ਼ਮਕਸ਼ ਲਗਾਤਾਰ ਜਾਰੀ ਰਹੀ ਹੈ। ਸ੍ਰੀ ਹਰਿਮੰਦਰ ਸਾਹਿਬ ਦਾ ਮੁਖ ਗ੍ਰੰਥੀ ਦਾ ਕਹਿਣਾ ਹੈ ਕਿ ਮੈਂ ਜਥੇਦਾਰ ਅਕਾਲ ਤਖ਼ਤ ਸਾਹਿਬ ਤੋਂ ਵੱਡਾ ਹਾਂ, ਜਥੇਦਾਰ ਅਕਾਲ ਤਖ਼ਤ ਦਾ ਮੰਨਣਾ ਕਿ ਕੌਮ ਦੀ ਅਗਵਾਈ ਮੈਂ ਕਰਦਾ ਹਾਂ, ਮੈਂ ਸ੍ਰੀ ਹਰਿਮੰਦਰ ਸਾਹਿਬ ਦੇ ਮੁਖੀ ਗ੍ਰੰਥੀ ਤੋਂ ਵੱਡਾ ਹਾਂ। ਹੁਣ ਇਹ ਦੋਵੇਂ ਅਹੁਦੇ ਇਕੋ ਸ਼ਖ਼ਸੀਅਤ ਪਾਸ ਹਨ। ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਆਪਣੇ ਕੰਮ ਦੇ ਨਾਲ-ਨਾਲ ਕਾਰਜਕਾਰੀ ਤੌਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕਾਰਜਭਾਰ ਸੰਭਾਲਦੇ ਰਹੇ ਹਨ। ਨਿੱਜੀ ਕਿੜਾਂ ਕਾਰਨ ਅਕਾਲੀ ਦਲ ਦਾ ਕੱਦ-ਕਾਠ ਵਧਿਆ ਨਹੀਂ, ਪਹਿਲਾਂ ਨਾਲੋਂ ਵੀ ਘਟਿਆ ਹੈ। ਸ. ਪ੍ਰਕਾਸ਼ ਸਿੰਘ ਬਾਦਲ ਨੂੰ ਫ਼ਖ਼ਰੇ-ਏ-ਕੌਮ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦਿੱਤਾ ਐਵਾਰਡ ਵਾਪਸ ਲੈਣਾ, ਅਕਾਲੀ ਦਲ ਦੇ ਸੁਪਰੀਮੋ ਅਤੇ ਸਮੁੱਚੀ ਲੀਡਰਸ਼ਿਪ ਸਮੇਤ ਤਲਬ ਕਰਨਾ, ਧਾਰਮਿਕ ਸਜ਼ਾ ਲਾਉਣੀ, ਇਹ ਸੁਖਬੀਰ ਸਿੰਘ ਬਾਦਲ ਨੂੰ ਪਚ ਨਹੀਂ ਸਕਿਆ। ਉਸ ਨੇ ਉਲਟੀ ਗੰਗਾ ਵਹਾਉਂਦਿਆਂ ਜਥੇਦਾਰ ਦੀ ਛੁੱਟੀ ਕਰਨੀ ਬੇਹਤਰ ਸਮਝੀ ਹੈ।

# ਕਾਰ ਸੇਵਾ ਵਾਲੇ ਸਮੂਹ ਮਹਾਂਪੁਰਖਾਂ ਦੀ ਯਾਦ ਵਿਚ ਬਰਸੀ ਸਮਾਗਮ ਖਡੂਰ ਸਾਹਿਬ

## (28 ਫਰਵਰੀ ਨੂੰ ਬਰਸੀ 'ਤੇ ਵਿਸ਼ੇਸ਼)

ਲਵਪ੍ਰੀਤ ਸਿੰਘ ਵਡਾਲੀ
ਖਡੂਰ ਸਾਹਿਬ
ਸੰਪਰਕ : 62839-15745
ਪੰਜਾਬ ਮੇਲ USA



ਸੇਵਾ ਤੇ ਸਿਮਰਨ ਸਿੱਖ ਧਰਮ ਦੇ ਦੋ ਥੰਮ੍ਹ ਹਨ, ਜਿਨ੍ਹਾਂ ਉੱਪਰ ਸਿੱਖੀ ਦਾ ਮਹਿਲ ਉਸਰਦਾ ਹੈ। ਸੇਵਾ ਤੇ ਸਿਮਰਨ ਇੱਕ ਦੂਜੇ ਦੇ ਪੂਰਕ ਹਨ ਅਤੇ ਕਾਰ-ਸੇਵਾ ਇਨ੍ਹਾਂ ਦੋਂ ਸਿਧਾਂਤਾਂ ਵਿਚੋਂ ਜਨਮੀ ਇੱਕ ਨਿਰਮਲ ਪ੍ਰਕਿਰਿਆ ਦਾ ਨਾਮ ਹੈ। ਗੁਰੂ ਸਾਹਿਬਾਨ ਨੇ ਧਾਰਮਿਕ ਤੇ ਸਾਮਜਿਕ ਜੀਵਨ ਵਿਚ ਪਰਿਵਰਤਨ ਲਿਆਉਣ ਲਈ ਜੋ ਜੀਵਨ ਜੁਗਤ ਪ੍ਰਸਤੁਤ ਕੀਤੀ ਹੈ, ਉਸਦਾ ਆਧਾਰ ਵੀ ਸੇਵਾ ਤੇ ਸਿਮਰਨ ਹੀ ਹੈ। ਸੇਵਾ ਦਾ ਦਾਇਰਾ ਬਹੁਤ ਵਿਸ਼ਾਲ ਹੈ। ਸੇਵਾ ਲੋਕ ਭਲਾਈ ਅਤੇ ਸੰਗਤਾਂ ਦੇ ਸੁੱਖ ਆਰਾਮ ਲਈ ਕੀਤੇ ਕਾਰਜਾਂ ਤੋਂ ਸ਼ੁਰੂ ਹੋ ਕੇ ਮਨੁੱਖਤਾ ਲਈ ਦਿੱਤੀ ਕੁਰਬਾਨੀ ਤੱਕ ਪਸਰੀ ਹੋਈ ਹੈ। ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ ਕਿ ਕਰੋੜਾਂ ਵਿਚੋਂ ਕੋਈ ਵਿਰਲਾ ਹੀ ਹੁੰਦਾ ਹੈ, ਜੋ ਸੇਵਾ ਲਈ ਆਪਣਾ ਤਨ, ਮਨ ਤੇ ਧਨ ਅਰਪਣ ਕਰਦਾ ਹੈ।

ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥

ਕਾਰ ਸੇਵਾ ਦਾ ਅੱਖਰੀ ਅਰਥ ਹੈ 'ਕਿਸੇ ਦਰਿਆ ਜਾ ਖੂਹ ਦੀ ਗਹਿਰਾਈ' ਪਰ ਕਾਰ ਸੇਵਾ ਦੇ ਅਰਥ ਬਹੁਤ ਵਿਸ਼ਾਲਤਾ ਦੇ ਧਾਰਨੀ ਹਨ। ਪਹਿਲਾਂ-ਪਹਿਲ ਕਿਸੇ ਇਤਿਹਾਸਿਕ ਖੂਹ, ਬਉਲੀ ਜਾਂ ਸਰੋਵਰ ਵਿਚ ਪਈ ਗਾਰ ਨੂੰ ਸਿੱਖ ਸੰਗਤਾਂ ਬਿਨਾਂ ਕੋਈ ਇਵਜ਼ਾਨੇ ਦੇ ਬਾਹਰ ਕੱਢਦੀਆਂ ਸਨ। ਸੇਵਾ ਦੀ ਇਸ ਪ੍ਰੰਪਰਾ ਨੂੰ ਹੀ ਕਾਰ ਸੇਵਾ ਦਾ ਨਾਮ ਦਿੱਤਾ ਗਿਆ। ਗੁਰੂ ਨਾਨਕ ਦੇਵ ਜੀ ਨੇ ਧਰਮ ਪ੍ਰਚਾਰ ਲਈ ਧਰਮਸ਼ਾਲਾਵਾਂ ਕਾਇਮ ਕੀਤੀਆਂ, ਜਿੱਥੇ ਹਰ ਰੋਜ਼ ਸੰਗਤਾਂ ਸੱਜਦੀਆਂ ਸਨ। ਇਨ੍ਹਾਂ ਸੰਗਤਾਂ ਦੇ ਸੁੱਖ ਆਰਾਮ ਤੇ ਆਓ ਭਗਤ ਲਈ ਕਈ ਸਿੱਖਾਂ ਵਲੋਂ ਸੇਵਾ ਕੀਤੀ ਜਾਂਦੀ ਸੀ। ਕੁਝ ਸਿੱਖ ਗੁਰੂ ਸਾਹਿਬ ਦੀ ਖੁਸ਼ੀ ਪ੍ਰਾਪਤ ਕਰਨ ਲਈ ਆਪਣਾ ਸਾਰਾ ਜੀਵਨ ਸੇਵਾ ਵਿਚ ਹੀ ਬਤੀਤ ਕਰਦੇ ਹਨ। ਗੁਰੂ ਸਾਹਿਬਾਨ ਜੀ ਨੇ ਮਨੁੱਖ ਮਾਤਰ ਦੀ ਸੇਵਾ ਨੂੰ ਪਾਰਬ੍ਰਹਮ ਦੀ ਸੇਵਾ ਕਿਹਾ ਹੈ। ਸੇਵਾ ਦੀ ਮਹਤੱਤਾ ਦਰਸਾਉਂਦਿਆਂ ਗੁਰੂ ਕਹਿੰਦੇ ਹਨ ਕਿ ਸੇਵਾ ਕਰਨ ਨਾਲ ਮਨੁੱਖ ਰੱਬੀ ਦਰਗਾਹ ਵਿਚ ਪ੍ਰਵਾਨ ਚੜ੍ਹਦਾ ਹੈ।

ਵਿਚਿ ਦੁਨੀਆ ਸੇਵਿ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥

ਸਿੱਖ ਰਾਜ ਦੇ ਅੰਤ ਤੋਂ ਬਾਅਦ ਜਦੋਂ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਪਾਸ ਚਲਾ ਗਿਆ, ਤਾਂ ਉਸ ਸਮੇਂ ਅੰਗਰੇਜ਼ ਸਰਕਾਰ ਦੇ ਪ੍ਰਭਾਵ ਹੇਠ ਮਿਊਂਸੀਪਲ ਕਮੇਟੀ ਨੇ ਸੰਤੋਖਸਰ ਸਰੋਵਰ ਨੂੰ ਪੂਰਨ ਦਾ ਮਤਾ ਪਾਸ ਕੀਤਾ। ਸੰਤੋਖਸਰ ਸਰੋਵਰ ਨੂੰ ਪੂਰਣ ਦੀ ਖਬਰ ਬਾਬਾ ਬੀਰਮ ਦਾਸ ਪਾਸ ਪਹੁੰਚੀ, ਤਾਂ ਬਾਬਾ ਜੀ ਨੇ ਬਾਬਾ ਗੁਰਮੁੱਖ ਸਿੰਘ ਜੀ ਤੇ ਬਾਬਾ ਸਾਧੂ ਸਿੰਘ ਜੀ ਨੂੰ ਅੰਮ੍ਰਿਤਸਰ ਵਿਖੇ ਜਾ ਕੇ ਗੁਰਧਾਮਾਂ ਦੀ ਕਾਰ ਸੇਵਾ ਅਤੇ ਗੁਰਬਾਣੀ ਦਾ ਪ੍ਰਵਾਹ ਚਲਾਉਣ ਲਈ ਆਦੇਸ਼ ਦਿੱਤਾ। ਬਾਬਾ ਬੀਰਮ ਦਾਸ ਜੀ ਦਾ ਹੁਕਮ ਮੰਨ ਕੇ ਸੰਤ ਬਾਬਾ ਗੁਰਮੱਖ ਸਿੰਘ ਜੀ ਨੇ ਸੇਵਾ ਸੰਭਾਲ ਕਾਰਜ ਅੰਮ੍ਰਿਤਸਰ ਤੋਂ ਆਰੰਭ ਕਰਨ ਦਾ ਫੈਸਲਾ ਕੀਤਾ, ਤਾਂ ਬਾਬਾ ਜੀ ਦੇ ਮਨ ਵਿਚ ਖਿਆਲ ਆਇਆ ਕਿ ਬਿਨਾਂ ਕਿਸੇ ਸਾਧਨ ਅਤੇ ਸੰਗਤ ਦੇ ਇਹ ਕਾਰਜ ਕਿਵੇਂ ਹੋਵੇਗਾ, ਤਾਂ ਤੁਰੰਤ ਹੀ ਬਾਬਾ ਬੀਰਮ ਦਾਸ ਜੀ ਨੇ ਗੁਰਬਾਣੀ ਦੀ ਇਹ ਤੁਕ ਉਚਾਰੀ "ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ" ਤੇ ਕਿਹਾ ਕਿ ਗੁਰੂ ਰਾਮਦਾਸ ਜੀ ਆਪਣੀ ਸੇਵਾ ਆਪ ਕਰਵਾ ਲੈਣਗੇ। ਅੰਮ੍ਰਿਤਸਰ ਪਹੁੰਚ ਕੇ ਬਾਬਾ ਗੁਰਮੱਖ ਸਿੰਘ ਜੀ ਤੇ ਬਾਬਾ ਸ਼ਾਮ ਸਿੰਘ ਜੀ ਨੇ ਅਰਦਾਸ ਕਰਕੇ ਸੰਤੋਖਸਰ ਸਰੋਵਰ ਦੀ ਕਾਰ ਸੇਵਾ ਆਰੰਭ ਕੀਤੀ, ਤਾਂ ਬੇਅੰਤ ਸੰਗਤਾਂ ਨੇ ਆ ਕੇ ਸੇਵਾ ਵਿਚ ਹਿੱਸਾ ਪਾਇਆ। ਸੰਗਤਾਂ ਦਿਨ ਸਮੇਂ ਸੇਵਾ ਕਰਕੇ ਘਰ ਚਲੀਆਂ ਜਾਂਦੀਆਂ ਸਨ ਅਤੇ ਸੰਗਤ ਦੇ ਜਾਣ ਮਗਰੋਂ ਸੇਵਾ ਦਾ ਸਾਮਾਨ ਸਾਂਭਣ ਤੇ ਰਾਖੀ ਕਰਨ ਲਈ ਕੋਈ ਵੀ ਨਾ ਰਹਿੰਦਾ, ਤਾਂ ਬਾਬਾ ਜੀ ਨੇ ਕੁਝ ਦਿਹਾੜੀਦਾਰ ਤੇ ਤਨਖਾਹਦਾਰ ਰੱਖ ਲਏ ਪਰ ਉਨ੍ਹਾਂ ਦੀ ਭਾਵਨਾ ਸੇਵਾ ਵਾਲੀ ਨਹੀਂ ਸੀ। ਇਹ ਦੇਖਦਿਆਂ ਬਾਬਾ ਜੀ ਨੇ ਗੁਰੂ ਸਾਹਿਬ ਹਜ਼ੂਰੀ ਵਿਚ ਅਰਦਾਸ ਕੀਤੀ ਕਿ ਪਾਤਸ਼ਾਹ ਜੀ! ਸਾਨੂੰ 25 ਅਜਿਹੇ ਸਿੱਖ ਦਿਉ, ਜਿਹੜੇ ਕੇਵਲ ਸੇਵਾ ਨੂੰ ਸਮਰਪਿਤ ਹੋਣ। ਬਾਬਾ ਜੀ ਦੀ ਇਹ ਅਰਦਾਸ ਪ੍ਰਵਾਨ ਹੋਈ ਤੇ 25 ਸਿੰਘਾਂ ਨੇ ਅਰਦਾਸ ਕਰਵਾ ਕੇ ਆਪਣਾ ਸਾਰਾ ਜੀਵਨ ਸੇਵਾ ਨੂੰ ਸਮਰਪਿਤ ਕਰ ਦਿੱਤਾ।

ਬਾਬਾ ਗੁਰਮੁੱਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਨੇ ਬੇਅੰਤ ਗੁਰਧਾਮਾਂ ਦੀ ਕਾਰ ਸੇਵਾ ਕਰਵਾਈ ਤੇ ਖਡੂਰ ਸਾਹਿਬ ਨੂੰ ਆਪਣਾ ਮੁੱਖ ਕੇਂਦਰ ਬਣਾ ਕੇ ਸੇਵਾ ਕਾਰਜਾਂ ਨੂੰ ਅਗਾਂਹ ਵਧਾਇਆ। ਬਾਬਾ ਗੁਰਮੁੱਖ ਸਿੰਘ ਜੀ ਤੋਂ ਬਾਅਦ ਗੁਰਧਾਮਾਂ ਦੀ ਕਾਰ ਸੇਵਾ ਦਾ ਕਾਰਜ ਬਾਬਾ ਝੰਡਾ ਸਿੰਘ ਜੀ ਪਾਸ ਆਇਆ ਅਤੇ ਮਗਰੋਂ ਇਹ ਕਾਰਜ ਬਾਬਾ ਉੱਤਮ ਸਿੰਘ ਜੀ ਦੀ ਸਰਪ੍ਰਸਤੀ ਹੇਠ ਚਲਦਾ ਰਿਹਾ। ਹੁਣ ਕਾਰ ਸੇਵਾ ਖਡੂਰ ਸਾਹਿਬ ਦੇ ਸੇਵਾ ਕਾਰਜਾਂ ਦਾ ਪ੍ਰਬੰਧ ਬਾਬਾ ਸੇਵਾ ਸਿੰਘ ਜੀ ਦੀ ਨਿਗਰਾਨੀ ਹੇਠ ਚੱਲ ਰਿਹਾ ਹੈ। ਵਰਤਮਾਨ ਸਮੇਂ ਵਿਚ ਕਾਰ ਸੇਵਾ ਖਡੂਰ ਸਾਹਿਬ ਸੰਸਥਾ ਗੁਰਧਾਮਾਂ ਦੀ ਸੇਵਾ ਸੰਭਾਲ ਤੋਂ ਅਗਾਂਹ ਵੱਧ ਕੇ ਵਾਤਾਵਰਨ ਸੰਭਾਲ, ਵਿਦਿਆ ਦੇ ਪ੍ਰਸਾਰ ਅਤੇ ਹੋਰ ਲੋਕ ਭਲਾਈ ਦੇ ਕਾਰਜਾਂ ਵਿਚ ਸ਼੍ਰੋਮਣੀ ਸਥਾਨ ਹਾਸਲ ਕਰ ਰਹੀ ਹੈ।

ਖਡੂਰ ਸਾਹਿਬ ਵਿਖੇ ਬਾਬਾ ਗੁਰਮੁੱਖ ਸਿੰਘ ਜੀ, ਬਾਬਾ ਸਾਧੂ ਸਿੰਘ ਜੀ, ਬਾਬਾ ਝੰਡਾ ਸਿੰਘ ਜੀ, ਬਾਬਾ ਉੱਤਮ ਸਿੰਘ ਜੀ ਅਤੇ ਹੋਰ ਸਮੂਹ ਕਾਰ ਸੇਵਾ ਵਾਲੇ ਮਹਾਂਪੁਰਖਾਂ ਦੀ ਯਾਦ ਵਿਚ ਹਰ ਸਾਲ 28 ਫਰਵਰੀ ਨੂੰ ਮਹਾਨ ਗੁਰਮਤਿ ਸਮਾਗਮ ਕਰਵਾਇਆ ਜਾਂਦਾ ਹੈ। ਕਾਰ ਸੇਵਾ ਵਾਲੇ ਸਮੂਹ ਮਹਾਂਪੁਰਖਾਂ ਦੇ ਪਰਉਪਕਾਰ ਨੂੰ ਯਾਦ ਕਰਦਿਆਂ 26 ਫਰਵਰੀ ਨੂੰ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਂਦੇ ਹਨ ਅਤੇ 28 ਫਰਵਰੀ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵਿਸ਼ਾਲ ਦੀਵਾਨ ਸਜਾਇਆ ਜਾਂਦਾ ਹੈ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਜੱਥੇ, ਕਥਾਵਾਚਕ, ਢਾਡੀ ਅਤੇ ਪ੍ਰਚਾਰਕ ਪਹੁੰਚ ਕੇ ਗੁਰੂ ਜਸ ਸਰਵਣ ਕਰਾਉਂਦੇ ਹਨ।




# ਖਾਣ-ਪਾਣ ਦੇ ਵਿਗਾੜ ਨਾਲ ਵੱਧ ਰਹੀਆਂ ਬਿਮਾਰੀਆਂ

## ਈਟੀਂਗ ਡਿਸਆਰਡਰ ਜਾਗਰੂਕਤਾ ਹਫਤਾ-2025

*"ਈਟਿੰਗ ਡਿਸਆਰਡਰ ਜਾਗਰੂਕਤਾ ਹਫਤਾ 2025 ਦਾ ਥੀਮ ਹੈ- ਕੀ ਕੋਈ ਵੀ ਖਾਣ-ਪੀਣ ਦੇ ਵਿਗਾੜ ਨਾਲ ਪ੍ਰਭਾਵਿਤ ਹੋ ਸਕਦਾ ਹੈ? ਖਾਣ-ਪੀਣ ਦੇ ਵਿਗਾੜ ਵਾਲੇ ਲੋਕ ਆਮ ਨਾਲੋਂ 5 ਗੁਣਾ ਵੱਧ ਅਲਕੋਹਲ ਅਤੇ ਨਾਜਾਇਜ਼ ਦਵਾਈਆਂ ਦਾ ਇਸਤੇਮਾਲ ਕਰ ਰਹੇ ਹਨ। ਡਾਇਬਟੀਜ਼ ਦੇ ਰੋਗੀ ਜੋ ਖਾਣ-ਪੀਣ ਵਿਗਾੜ ਦੇ ਸ਼ਿਕਾਰ ਹਨ, ਆਪਣੀ ਸ਼ੂਗਰ ਕੰਟਰੋਲ ਕਰਨ 'ਚ ਸੰਘਰਸ਼ ਕਾਰਨ ਸ਼ੂਗਰ ਦੀਆਂ ਪੇਚੀਦਗੀਆਂ ਯਾਨੀ ਦਿਲ ਦੇ ਰੋਗ, ਸਟ੍ਰੋਕ, ਨਿਊਰੋਪੈਥੀ, ਅੱਖਾਂ ਦੀ ਘੱਟ ਹੋ ਰਹੀ ਰੌਸ਼ਨੀ ਅਤੇ ਗੁਰਦੇ ਦੀ ਬਿਮਾਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ" -ਅਨਿਲ ਧੀਰ (ਡਾ.) ਕਾਲਮਨਿਸਟ*

ਅਨਿਲ ਧੀਰ
ਬਰੈਂਪਟਨ, ਕੈਨੇਡਾ
647-853-5800
healthmedia1@hotmail.com
(Punjab Mail USA)



ਫਰਵਰੀ 2025 ਦੌਰਾਨ ਵਿਸ਼ਵ ਭਰ 'ਚ ਈਟਿੰਗ ਡਿਸਆਰਡਰ ਅਵੇਅਰਨੈੱਸ ਵੀਕ ਦੌਰਾਨ ਬੱਚਿਆਂ ਤੋਂ ਲੈ ਕੇ ਸੀਨੀਅਰਜ਼ ਨੂੰ ਖਾਣ-ਪੀਣ ਦੇ ਵਿਵਹਾਰ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਮਾੜਾ ਖਾਣ-ਪਾਣ ਸਰੀਰ ਤੇ ਮਨ ਨੂੰ ਬਿਮਾਰ ਕਰ ਰਿਹਾ ਹੈ। ਐਨੋਰੈਕਸੀਆ ਨਰਵੋਸਾ, ਬੁਲੀਮੀਆ ਅਤੇ ਬਿੰਜ ਈਟਿੰਗ ਵਗੈਰਾ ਦਾ ਆਮ ਅਸਰ ਦੇਖਿਆ ਜਾਂਦਾ ਹੈ। ਵਿਸ਼ਵ ਭਰ 'ਚ ਭੋਜਨ ਦਾ ਹਰ ਆਦਮੀ ਨਾਲ ਇੱਕ ਵੱਖਰਾ ਹੀ ਰਿਸ਼ਤਾ ਹੁੰਦਾ ਹੈ। ਜ਼ਿੰਦਗੀ 'ਚ ਸਰੀਰਕ-ਮਾਨਸਿਕ ਸਮੱਸਿਆਵਾਂ ਦਾ ਕਾਰਨ ਗਲਤ ਖਾਣਾ-ਪੀਣਾ, ਨਕਾਰਾਤਮਕ ਸੋਚ, ਸਦਮਾ, ਗੈਰ-ਸਿਹਤਮੰਦ ਰਿਸ਼ਤਾ ਅਤੇ ਜੈਨੇਟਿਕਸ ਵਗੈਰਾ ਦਾ ਅਸਰ ਦੇਖਿਆ ਜਾ ਰਿਹਾ ਹੈ। ਕਰੀਬਨ 30 ਮਿਲੀਅਨ ਅਮਰੀਕਾ ਵਿਚ ਖਾਣ-ਪੀਣ ਦੇ ਰੋਗਾਂ ਦੇ ਸ਼ਿਕਾਰ ਹਨ। ਔਰਤਾਂ 'ਚ ਘੱਟ ਉਮਰ ਦੀ ਔਰਤਾਂ 'ਚ ਅਤੇ 10 ਮਿਲੀਅਨ ਆਦਮੀ ਇਹ ਵਿਗਾੜ ਦੇ ਅਸਰ ਹੇਠ ਹਨ। ਵਿਸ਼ਵ ਭਰ 'ਚ ਅੱਜ ਕਰੀਬਨ 72 ਮਿਲੀਅਨ ਲੋਕ ਖਾਣ-ਪੀਣ ਦੇ ਰੋਗਾਂ ਦੇ ਸ਼ਿਕਾਰ ਹਨ। ਛੋਟੀ ਉਮਰ ਵਿਚ ਜ਼ਿਆਦਾ ਅਸਰ ਦੇਖਿਆ ਜਾ ਰਿਹਾ ਹੈ। ਐਨੋਰੈਕਸੀਆ ਖਤਰਨਾਕ ਮਾਨਸਿਕ ਬਿਮਾਰੀ ਕਾਰਨ ਆਤਮ ਹੱਤਿਆ ਦਾ ਅੰਕੜਾ ਵੀ ਵੱਧਿਆ ਹੈ।

**ਖਾਣ-ਪੀਣ ਦੇ ਵਿਗਾੜ ਦੌਰਾਨ ਕਈ ਵਾਰ ਲੱਛਣ:** ਮਾਹਵਾਰੀ ਦਾ ਬੰਦ ਹੋ ਜਾਣਾ, ਡੀਹਾਈਡਰੇਸ਼ਨ ਤੋਂ ਚੱਕਰ ਆਉਣਾ ਜਾਂ ਬੇਹੋਸ਼ ਹੋਣਾ, ਭੁਰਭੁਰੇ ਨਾਖੁਨ, ਅਸਹਿਣਸ਼ੀਲਤਾ, ਮਾਸਪੇਸ਼ੀ ਦੀ ਕਮਜ਼ੋਰੀ, ਦਿਲ ਦੀ ਜਲਨ, ਭੋਜਨ ਤੋਂ ਬਾਅਦ ਕਬਜ਼, ਪੇਟ ਅੰਦਰ ਹਵਾ ਪੈਦਾ ਹੋਣਾ, ਕਿਡਨੀ ਦੇ ਰੋਗ, ਓਸਟੀਓਪੇਨੀਆ, ਓਸਟੀਓਪੋਰੋਸਿਸ, ਉਦਾਸੀ, ਚਿੜਚਿੜਾਪਨ, ਥਕਾਵਟ, ਮਾੜੀ ਇਕਾਗਰਤਾ ਵਗੈਰਾ ਸਾਹਮਣੇ ਆ ਸਕਦੇ ਹਨ।

ਐਨੋਰੈਕਸੀਆ ਨਰਵੋਸਾ, ਜੋ ਕਿ ਬਹੁਤ ਜ਼ਿਆਦਾ ਖੁਰਾਕ ਯਾਨੀ ਇੱਕ ਬੈਠਕ ਵਿਚ ਜ਼ਿਆਦਾ ਮਾਤਰਾ 'ਚ ਭੋਜਨ ਕਰਨਾ, ਭੁੱਖਮਰੀ, ਜਾਂ ਲੋੜ ਤੋਂ ਵੱਧ ਕਸਰਤ ਦੁਆਰਾ ਵਜ਼ਨ ਘਟਾਉਣ ਜਾਂ ਦੇਖਭਾਲ ਆਉਂਦੀ ਹੈ। ਬੁਲੀਮੀਆ ਨਰਵੋਸਾ ਵਿਚ ਜ਼ਿਆਦਾ ਖਾਣ-ਪੀਣ ਤੋਂ ਬਾਅਦ ਵਜ਼ਨ ਦੇ ਵੱਧਣ ਤੋਂ ਬਚਣ ਲਈ ਕਸਰਤ ਕਰਨਾ, ਖਾਲੀ ਪੇਟ ਰਹਿਣਾ ਅਤੇ ਜੁਲਾਬ ਲੈਣ ਤੋਂ ਹੈ। ਬਿੰਜ ਈਟਿੰਗ ਡਿਸਆਰਡਰ ਦੌਰਾਣ ਵਿਅਕਤੀ ਭੁੱਖ ਤੋਂ ਵੱਧ ਖਾਣ-ਪੀਣ ਬਾਰੇ ਖੁਦ ਨੂੰ ਕੰਟ੍ਰੋਲ ਤੋਂ ਬਾਹਰ ਮਹਿਸੂਸ ਕਰਦਾ ਹੈ। ਐਨੋਰੈਕਸੀਆ ਨਰਵੋਸਾ ਵਾਲੇ ਕੁੱਝ ਵਿਅਕਤੀ ਵੀ ਰੁੱਕ-ਰੁੱਕ ਕੇ ਖਾਂਦੇ ਹਨ ਜਾਂ ਉਲਟੀਆਂ ਜਾਂ ਜੁਲਾਬ ਦੀ ਦੁਰਵਰਤੋਂ ਕਰਕੇ ਖਾ ਲੈਂਦੇ ਹਨ।

ਪਿਕਾ ਇੱਕ ਈਟਿੰਗ ਡਿਸਆਰਡਰ ਹੈ, ਜਿਸ 'ਚ ਪੀੜਤ ਵਾਰ-ਵਾਰ ਅਜਿਹਾ ਭੋਜਨ ਲੈਂਦਾ ਹੈ, ਜਿਸ ਵਿਚ ਕੋਈ ਪੌਸ਼ਕ ਤੱਤ ਨਹੀਂ ਹੈ। ਅਜਿਹਾ ਵਿਵਹਾਰ ਕਈ ਮਹੀਨੇ ਤੱਕ ਰਹਿ ਸਕਦਾ ਹੈ। ਆਮ ਤੌਰ 'ਤੇ ਲਏ ਗਏ ਪਦਾਰਥ ਉਮਰ ਅਤੇ ਉਪਲਬਧਤਾ ਦੇ ਨਾਲ ਬਦਲਦੇ ਹਨ ਅਤੇ ਇਸ 'ਚ ਕਾਗਜ਼, ਪੇਂਟ ਚਿਪਸ, ਸਾਬਣ, ਕੱਪੜਾ, ਵਾਲ, ਚਾਕ, ਕੰਕਰ, ਕੋਲਾ ਅਤੇ ਮਿੱਟੀ ਹੋ ਸਕਦੇ ਹਨ। ਪੀਕਾ ਵਾਲੇ ਆਮ ਤੌਰ 'ਤੇ ਭੋਜਨ ਪ੍ਰਤੀ ਨਫਰਤ ਨਹੀਂ ਹੁੰਦੀ। ਅਹਿਜਾ ਛੋਟੀ ਉਮਰ ਵਿਚ ਹੋ ਸਕਦਾ ਹੈ। ਰੁਮੀਨੇਸ਼ਨ ਡਿਸਆਰਡਰ ਵਿਚ ਖਾਣਾ ਖਾਣ ਤੋਂ ਬਾਅਦ ਦੁਹਰਾਇਆ ਜਾਣਾ ਅਤੇ ਭੋਜਨ ਨੂੰ ਦੁਬਾਰਾ ਚਬਾਉਣਾ ਅਤੇ ਨਿਗਲਿਆ ਹੋਇਆ ਭੋਜਨ ਆਪਣੀ ਮਰਜ਼ੀ ਨਾਲ ਮੂੰਹ ਵਿਚ ਨਿਗਲਨਾ, ਚਬਾਉਣ ਅਤੇ ਥੁੱਕਣ ਦੀ ਕ੍ਰਿਆ ਦੇਖੀ ਜਾਂਦੀ ਹੈ। ਅਜਿਹਾ ਬਚਪਨ ਜਾਂ ਕਿਸ਼ੋਰ ਅਵਸਥਾ ਵਿਚ ਹੋ ਸਕਦਾ ਹੈ। ਇੱਕ ਮਹੀਨੇ ਦੌਰਾਨ ਵਾਰ-ਵਾਰ ਹੋ ਸਕਦਾ ਹੈ।




### ਦੇਖਭਾਲ ਦੀ ਲੋੜ

- ਸਰੀਰ, ਦਿਮਾਗ 'ਤੇ ਖਾਣ-ਪੀਣ ਦੀਆਂ ਬਿਮਾਰੀਆਂ ਦੇ ਅਸਰ ਕਾਰਨ ਮਨੋਵਿਗਿਆਨਕ ਅਤੇ ਪੋਸ਼ਣ ਸੰਬੰਧੀ ਸਲਾਹ ਅਤੇ ਨਿਗਰਾਨੀ ਦੀ ਲੋੜ ਹੁੰਦੀ ਹੈ। ਮਾਹਿਰ ਵੱਲੋਂ ਮਾਨਸਿਕ ਇਲਾਜ ਦੇ ਨਾਲ ਪੋਸ਼ਣ ਸੰਬੰਧੀ ਸੈਸ਼ਨ ਅਤੇ ਕਦੇ-ਕਦੇ ਸਾਈਕੋਫਾਰਮਕੋਲੋਜੀ ਦੀ ਵੀ ਲੋੜ ਪੈ ਜਾਂਦੀ ਹੈ।
- ਐਨੋਰੈਕਸੀਆ ਨਰਵੋਸਾ ਨਾਲ ਪੀੜਤਾਂ ਨੂੰ ਖਾਣ-ਪੀਣ ਤੇ ਵਜ਼ਨ ਕੰਟ੍ਰੋਲ ਕਰਨ ਦੇ ਵਿਵਹਾਰ ਨੂੰ ਆਮ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।
- ਮਾਂ-ਬਾਪ ਦੀ ਜ਼ਿੰਮੇਵਾਰੀ ਬਚਪਨ ਤੇ ਗ੍ਰੋ ਹੋ ਰਹੇ ਬੱਚਿਆਂ ਨੂੰ ਪੌਸ਼ਟਿਕ ਖੁਰਾਕ ਬਾਰੇ ਜਾਗਰੂਕ ਕਰਨ ਬੱਚੇ ਦੀ ਸਿਹਤ ਮੁਤਾਬਿਕ ਮਾਹਿਰ ਨਾਲ ਸਲਾਹ ਕਰਦੇ ਰਹਿਣਾ ਚਾਹੀਦਾ ਹੈ।
- ਅੰਤਰਰਾਸ਼ਟਰੀ ਪੱਧਰ 'ਤੇ ਗੰਭੀਰ ਐਨੋਰੈਕਸੀਆ ਦੇ ਪੀੜਤਾਂ ਦੇ ਵਜ਼ਨ ਨੂੰ ਬਹਾਲ ਕਰਨ ਅਤੇ ਖਾਣ-ਪੀਣ ਦੇ ਵਿਵਹਾਰ ਨੂੰ ਆਮ ਬਣਾਉਣ ਵਿਚ ਵਿਸ਼ੇਸ਼ ਪ੍ਰੋਗਰਾਮ ਕੰਮ ਕਰਦੇ ਹਨ। ਹਾਲਾਂਕਿ ਪ੍ਰੋਗਰਾਮ ਡਿਸਚਾਰਜ ਤੋਂ ਬਾਅਦ ਪਹਿਲੇ ਸਾਲ ਵਿਚ ਦੁਬਾਰਾ ਹੋਣ ਦਾ ਜ਼ੋਖਿਮ ਮਹੱਤਵਪੂਰਨ ਮੰਨਿਆ ਜਾਂਦਾ ਹੈ।
- ਬਚਪਨ ਤੋਂ ਹੀ ਸੰਤੁਲਿਤ ਪੌਸ਼ਟਿਕ ਖੁਰਾਕ 'ਤੇ ਧਿਆਣ ਦੇਣ ਦੀ ਲੋੜ ਹੈ। ਕਿਉਂਕਿ ਪ੍ਰਭਾਵਿਤ ਵਿਅਕਤੀ ਦੀ ਉਮਰ ਦੇ ਬਾਵਜੂਦ ਰੋਗੀ ਦੀ ਟੈਨਸ਼ਨ ਦੇ ਨਾਲ ਪਰਿਵਾਰ ਲਈ ਵੀ ਮੁਸ਼ਕਲਾਂ ਵੱਧ ਜਾਂਦੀਆਂ ਹਨ।
- ਬੁਲੀਮੀਆ ਨਰਵੋਸਾ ਵਾਲੇ ਆਮ ਤੌਰ 'ਤੇ ਵਿਕਲਪਕ ਡਾਈਟਿੰਗ ਕਰਦੇ ਹਨ ਜਾਂ ਸਿਰਫ ਘੱਟ ਕੈਲੋਰੀ ਵਾਲੇ ਸੇਫ ਭੋਜਨ ਲੈਂਦੇ ਹਨ ਅਤੇ ਵਰਜਿਤ ਉੱਚ ਕੈਲੋਰੀ ਵਾਲੀ ਖੁਰਾਕ 'ਤੇ ਬਹੁਤ ਜ਼ਿਆਦਾ ਭੋਜਨ ਕਰਦੇ ਹਨ। ਕਈ ਵਾਰ ਗੰਭੀਰ ਹਾਲਤ ਵਿਚ ਈਸੋਫੀਗਲ ਹੰਝੂ, ਗੈਸਟ੍ਰਿਕ ਫਟਣਾ ਅਤੇ ਖਤਰਨਾਕ ਕਾਰਡੀਅਕ ਐਰੀਥਮੀਆ ਦੀ ਸੰਭਾਵਨਾ ਹੋ ਸਕਦੀ ਹੈ। ਮਾਹਿਰ ਵੱਲੋਂ ਡਾਇਗਨੋਜ਼ ਅਤੇ ਇਲਾਜ਼ ਜ਼ਰੂਰੀ ਹੋ ਜਾਂਦਾ ਹੈ।

**ਨੋਟ :** ਖਾਣ-ਪੀਣ ਨਾਲ ਜੁੜੇ ਰੋਗਾਂ ਦੀ ਹਾਲਤ ਵਿਚ ਬਿਨਾ ਦੇਰੀ ਮਾਹਿਰ ਦੀ ਸਲਾਹ ਲੈਣ ਅਤੇ ਇਲਾਜ ਦੌਰਾਣ ਲਾਪ੍ਰਵਾਹੀ ਖਤਰਨਾਕ ਸਾਬਿਤ ਹੋ ਸਕਦੀ ਹੈ। ਬਿਮਾਰੀ ਦੀ ਹਾਲਤ ਵਿਚ ਸਾਈਕੋ-ਥੈਰੇਪੀ, ਐਂਟੀ-ਡਿਪ੍ਰੈਸੈਂਟਸ ਅਤੇ ਰਜਿਸਟਰਡ ਪੋਸ਼ਣ ਮਾਹਿਰ ਹੈਲਪ ਕਰ ਸਕਦਾ ਹੈ।

# ਨੁਕਸਾਨਦਾਇਕ ਹੋਵੇਗੀ ਸਮਾਰਟ ਫ਼ੋਨ ਦੀ ਬੇਲੋੜੀ ਵਰਤੋਂ

-ਹਰਦੀਪ ਕੌਰ ਨਾਜ਼
ਫਗਵਾੜਾ, ਕਪੂਰਥਲਾ।
ਪੰਜਾਬ ਮੇਲ USA





ਬੀਤੇ ਦਿਨੀਂ ਇੱਕ ਖ਼ਬਰ ਸਾਹਮਣੇ ਆਈ, ਜਿਸ ਅਨੁਸਾਰ 'ਪੰਜਾਬ ਦੇ ਬੱਚੇ ਸਭ ਤੋਂ ਵੱਧ ਸਮਾਰਟ ਫ਼ੋਨ ਦੀ ਵਰਤੋਂ ਕਰਦੇ ਹਨ'। ਦਰਅਸਲ ਪ੍ਰਥਮ ਫਾਉਂਡੇਸ਼ਨ ਨਾਮੀਂ ਇੱਕ ਸੰਸਥਾ ਵੱਲੋਂ ਜਾਰੀ ਕੀਤੀ ਗਈ ਸਾਲਾਨਾ ਸਟੇਟਸ ਆਫ਼ ਐਜੂਕੇਸ਼ਨ ਰਿਪੋਰਟ - 2024 ਮੁਤਾਬਿਕ 15-16 ਵਰ੍ਹਿਆਂ ਦੀ ਉਮਰ ਦੇ ਬੱਚਿਆਂ ਦਾ ਡਿਜ਼ੀਟਲ ਟੈਸਟ ਕੀਤਾ ਗਿਆ। ਪੰਜਾਬ ਵਿਚ ਇਸ ਉਮਰ ਦੇ 96.2 ਫ਼ੀਸਦੀ ਬੱਚਿਆਂ ਨੇ ਕਿਹਾ ਕਿ ਉਨ੍ਹਾਂ ਕੋਲ ਘਰ ਸਮਾਰਟ ਫ਼ੋਨ ਹੈ, ਇਹ ਦਰ ਕੌਮੀ ਪੱਧਰ 'ਤੇ 89.1 ਫ਼ੀਸਦੀ ਵੱਧ ਹੈ। ਇਸ ਦੌਰਾਨ ਘੱਟੋ-ਘੱਟ 94.2 ਫ਼ੀਸਦੀ ਨੇ ਕਿਹਾ ਕਿ ਉਹ ਸਮਾਰਟ ਫ਼ੋਨ ਦੀ ਵਰਤੋਂ ਕਰ ਸਕਦੇ ਹਨ, ਜਦਕਿ 46 ਫ਼ੀਸਦੀ ਦੇ ਕੋਲ ਆਪਣਾ ਫ਼ੋਨ (ਕੌਮੀ ਪੱਧਰ 'ਤੇ 31.4 ਫ਼ੀਸਦੀ ਵੱਧ) ਹੈ। ਇਕ ਸਰਵੇਖਣ ਅਨੁਸਾਰ ਪੰਜਾਬ ਵਿਚ 20 ਜ਼ਿਲ੍ਹਿਆਂ ਦੇ 600 ਪਿੰਡਾਂ ਦੇ ਕੁੱਲ 20,226 ਬੱਚਿਆਂ 'ਤੇ ਕੀਤਾ ਗਿਆ। ਇਸ ਅਨੁਸਾਰ 57 ਫ਼ੀਸਦੀ ਬੱਚੇ ਪੜ੍ਹਾਈ ਲਈ ਸਮਾਰਟ ਫ਼ੋਨ ਦੀ ਵਰਤੋਂ ਕਰਦੇ ਹਨ ਅਤੇ ਸਮਾਰਟ ਫ਼ੋਨ ਵਰਤਣ ਦੇ ਰੁਝਾਨ ਦੌਰਾਨ ਬੱਚਿਆਂ ਦੇ ਪੜ੍ਹਨ ਪੱਧਰ ਵਿਚ ਗਿਰਾਵਟ ਆਈ ਹੈ। ਇਸ ਰਿਪੋਰਟ ਅਤੇ ਸਰਵੇ ਅਨੁਸਾਰ ਸਮਾਰਟ ਫ਼ੋਨ ਦੀ ਵਰਤੋਂ ਕਰਕੇ ਪੜ੍ਹਾਈ ਸੰਬੰਧੀ ਹੋਰ ਵੀ ਨੁਕਸਾਨਦਾਇਕ ਸਿੱਟੇ ਸਾਹਮਣੇ ਆਏ ਹਨ।

ਬਿਨ੍ਹਾਂ ਸ਼ੱਕ ਸਮਾਰਟ ਫ਼ੋਨ ਅੱਜ ਦੇ ਸਮੇਂ ਵਿਚ ਸਾਡੀ ਜ਼ਿੰਦਗੀ ਦੀ ਮੁੱਢਲੀ ਅਤੇ ਮਹੱਤਵਪੂਰਨ ਲੋੜ ਹੈ। ਪਰ ਹਰ ਨਵੀਂ ਖੋਜ ਜਾਂ ਕਾਢ ਦੇ ਲਾਭ ਅਤੇ ਹਾਨੀਆਂ ਹੁੰਦੀਆਂ ਹਨ। ਲੋੜ ਤਾਂ ਬੱਸ ਇਹ ਹੁੰਦੀ ਹੈ ਕਿ ਅਸੀਂ ਸਬੰਧਿਤ ਸ਼ੈਅ ਦੇ ਲਾਭ ਕਿਵੇਂ ਲੈ ਸਕਦੇ ਹਾਂ ਅਤੇ ਉਸ ਤੋਂ ਹੋਣ ਵਾਲੀਆਂ ਹਾਨੀਆਂ ਤੋਂ ਬਚਿਆ ਕਿਵੇਂ ਜਾ ਸਕਦਾ ਹੈ। ਕਈ ਵਾਰ ਕੁੱਝ ਚੀਜ਼ਾਂ ਕੇਵਲ ਫਾਇਦੇ ਲਈ ਭਾਵ ਮਨੁੱਖੀ ਸੁੱਖ-ਸਹੂਲਤਾਂ ਨੂੰ ਸਾਹਮਣੇ ਰੱਖ ਕੇ ਖੋਜੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦੀ ਵਰਤੋਂ ਵੀ ਵਧੀਆ ਢੰਗ ਨਾਲ ਕੀਤੀ ਜਾ ਸਕਦੀ ਹੈ, ਪਰ ਜਦ ਉਨ੍ਹਾਂ ਹੀ ਫ਼ਾਇਦੇ ਵਾਲੀਆਂ ਚੀਜ਼ਾਂ ਨੂੰ ਦੂਜਿਆਂ ਦੇ ਲਈ ਜਾਂ ਆਪਣੇ ਲਈ ਨੁਕਸਾਨਦਾਇਕ ਬਣਾ ਲਈਏ ਜਾਂ ਇਹ ਨੁਕਸਾਨਦਾਇਕ ਬਣ ਜਾਣ, ਤਾਂ ਸਾਨੂੰ ਦੁਬਾਰਾ ਉਸਦੇ ਸੰਦਰਭ ਵਿਚ ਇਹ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਅਸੀਂ ਕਿੱਥੇ ਖੜ੍ਹੇ ਹਾਂ?

ਗੱਲ ਚੱਲ ਰਹੀ ਹੈ ਸਮਾਰਟ ਫ਼ੋਨ ਦੀ ਹੱਦੋਂ ਵੱਧ ਵਰਤੋਂ ਦੇ ਨੁਕਸਾਨਾਂ ਦੀ, ਤਾਂ ਆਰੰਭ ਵਿਚ ਜੋ ਸਰਵੇ ਮੈਂ ਪੰਜਾਬ ਦੇ ਬੱਚਿਆਂ/ਵਿਦਿਆਰਥੀਆਂ ਨਾਲ ਸਬੰਧਿਤ ਸਾਂਝਾ ਕਰਕੇ ਉਨ੍ਹਾਂ ਦੇ ਪੜ੍ਹਾਈ ਨਾਲ ਸਬੰਧਿਤ ਨੁਕਸਾਨ ਦਾ ਸੰਖੇਪ ਮਾਤਰ ਜ਼ਿਕਰ ਹੈ, ਪਰ ਇਸ ਦੀ ਬਹੁਤ ਵਰਤੋਂ ਜਾਂ ਵੱਡਿਆਂ ਵਿਚ ਵੀ ਦੇਖੀ ਜਾ ਸਕਦੀ ਹੈ, ਜਿਸ ਕਾਰਨ ਇਹ ਹਰ ਵੱਡੇ-ਛੋਟੇ ਲਈ ਇੱਕੋ ਜਿਹਾ ਹੀ ਖ਼ਤਰਨਾਕ ਹੈ। ਪਿੱਛੇ ਜਿਹੇ ਇੱਕ ਖਬਰ ਦੀ ਮੁੱਖ ਸੁਰਖੀ ਸੀ ਕਿ, 'ਹਨੇਰੇ ਵਿਚ ਮੋਬਾਇਲ ਫ਼ੋਨ ਵੇਖਣ ਨਾਲ ਅੱਖਾਂ ਨਾਲ ਸਬੰਧਿਤ ਬਿਮਾਰੀਆਂ ਵਿਚ ਆਏ ਦਿਨ ਵਾਧਾ ਹੋ ਰਿਹਾ ਹੈ ਅਤੇ ਜ਼ਿਆਦਾਤਰ 25 ਸਾਲ ਤੋਂ ਘੱਟ ਉਮਰ ਦੇ ਨੌਜਵਾਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ।' ਮੋਬਾਇਲ ਫੋਨ ਨਾਲ ਜੁੜੀ ਇਹ ਨਾ ਤਾਂ ਕੋਈ ਪਹਿਲੀ ਬੁਰੀ ਖ਼ਬਰ ਹੈ ਅਤੇ ਨਾ ਹੀ ਆਖ਼ਰੀ। ਕਿਉਂਕਿ ਮੋਬਾਇਲ ਫੋਨ ਦੀ ਵਰਤੋਂ ਨਾਲ ਸੜਕੀ ਦੁਰਘਟਨਾਵਾਂ ਵਿਚ ਵਾਧਾ ਦਰਜ ਹੋਇਆ ਹੈ। ਮੋਬਇਲ ਫੋਨ ਦੇ ਕੈਮਰੇ ਦੀ ਵਰਤੋਂ ਨਾਲ ਕਿਸੇ ਦੀ ਨਿੱਜਤਾ ਨੂੰ ਕੈਦ ਕਰਨਾ ਜਾਂ ਫਿਰ ਉਸ ਦੇ ਬਦਲੇ ਬਲੈਕਮੇਲ ਕਰਨਾ ਅਪਰਾਧ ਦੇ ਖੇਤਰ ਵਿਚ ਆਉਂਦਾ ਹੈ। ਸੈਲਫੀ ਲੈਣ ਮੌਕੇ ਵਾਪਰਨ ਵਾਲੇ ਹਾਦਸਿਆਂ ਵਿਚ ਵੀ ਵਾਧਾ ਹੋਇਆ ਹੈ। ਮੋਬਾਇਲ ਫੋਨਾਂ 'ਤੇ ਆਨਲਾਈਨ ਗੇਮਾਂ ਖੇਡਣ ਦੀ ਲੱਗੀ ਲੱਤ ਕਾਰਨ ਲੱਖਾਂ ਰੁਪਿਆਂ ਦਾ ਵਿੱਤੀ ਨੁਕਸਾਨ ਅਤੇ ਤਣਾਅ ਅਧੀਨ ਹੋਣ ਕਾਰਨ ਆਤਮ-ਹੱਤਿਆਵਾਂ ਦੀਆਂ ਘਠਨਾਵਾਂ ਵੀ ਅਖ਼ਬਾਰਾਂ ਦੀ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ।

ਪੰਜਾਬੀ ਵਾਰਤਕ ਪੁਸਤਕ ਜਰੀਦਾ ਅਨੁਸਾਰ, ਮੋਬਾਇਲ ਫੋਨ ਦੀ ਗ਼ਲਤ ਵਰਤੋਂ ਨਾਲ ਹੁਣ ਤੱਕ ਬਹੁਤ ਖ਼ਤਰਨਾਕ ਨਤੀਜੇ ਸਾਹਮਣੇ ਆ ਚੁੱਕੇ ਹਨ। ਅਸੀਂ ਕੇਵਲ ਆਪਣੀ ਨਿੱਜੀ ਜ਼ਿੰਦਗੀ ਦੀ ਗੱਲ ਕਰੀਏ ਤਾਂ ਸਾਡੇ ਆਪਣੇ ਜੀਵਨ ਵਿਚ ਇਸਨੇ ਕਈ ਗ਼ੈਰ ਜ਼ਰੂਰੀ ਬਦਲਾਵ ਦਰਜ ਕੀਤੇ ਹਨ, ਜਿਸ ਵਿਚੋਂ ਸਭ ਤੋਂ ਅਹਿਮ ਹੈ ਸਮੇਂ ਦੀ ਖਪਤ। ਇਸ ਤੋਂ ਇਲਾਵਾ ਮੁੱਖ ਰੂਪ ਵਿਚ ਇਸਦਾ ਸਭ ਤੋਂ ਵਧੇਰੇ ਅਸਰ ਸਾਡੀਆਂ ਅੱਖਾਂ 'ਤੇ ਪੈਂਦਾ ਹੈ। ਡਾਕਟਰੀ ਰਿਪੋਰਟ ਅਨੁਸਾਰ ਮੋਬਾਇਲ ਦੀ ਜ਼ਿਆਦਾ ਵਰਤੋਂ ਨਾਲ ਅੱਖਾਂ ਵਿਚ ਹਲਕਾ ਅੰਨ੍ਹਾਪਣ, ਕਾਲਾ ਮੋਤੀਆ, ਮੋਤੀਆ ਬਿੰਦ, ਯੂਵਾਇਟਿਸ ਅਤੇ ਪੁਤਲੀ ਦਾ ਲੈਨਜ਼ ਨਾਲ ਚਿਪਕ ਜਾਣ ਵਰਗੀਆਂ ਬਿਮਾਰੀਆਂ ਹੋ ਰਹੀਆਂ ਹਨ। ਲਗਾਤਾਰ ਸਕਰੀਨ 'ਤੇ ਟਿਕਟਿਕੀ ਲਗਾ ਕੇ ਰੱਖਣ ਨਾਲ ਅੱਖਾਂ ਦੀਆਂ ਮਾਸਪੇਸ਼ੀਆਂ ਵਿਚ ਖਿਚਾਅ ਆ ਜਾਂਦਾ ਹੈ ਅਤੇ ਮੋਬਾਇਲ ਦੀ ਤਿੱਖੀ ਰੌਸ਼ਨੀ ਰੇਟੀਨਾ ਦੇ ਮੈਕਿਊਲਰ ਏਰੀਆ (ਅੱਖਾਂ ਦੇ ਸਭ ਤੋਂ ਮਹੱਤਵਪੂਰਨ ਹਿੱਸੇ) ਨੂੰ ਪ੍ਰਭਾਵਿਤ ਕਰਕੇ ਬੁਰਾ ਅਸਰ ਪਾਉਂਦੀ ਹੈ। ਜੇਕਰ ਰਾਤ ਵੇਲੇ ਆਪਣੇ ਹਨੇਰੇ ਕਮਰੇ ਵਿਚ ਲਗਾਤਾਰ ਮੋਬਾਇਲ ਦੀ ਸਕਰੀਨ ਝਾਕਣ ਦੀ ਆਦਤ ਹੈ, ਤਾਂ ਅੱਖਾਂ 'ਤੇ ਸਭ ਤੋਂ ਵਧੇਰੇ ਅਤੇ ਬੁਰਾ ਅਸਰ ਪੈਂਦਾ ਹੈ, ਜਿਸ ਕਰਕੇ ਅੱਖਾਂ ਦੀਆਂ ਮਾਸਪੇਸ਼ੀਆਂ ਆਕੜ ਜਾਂਦੀਆਂ ਹਨ ਅਤੇ ਅੱਖਾਂ ਦਾ ਦਰਦ ਕਰਨਾ, ਅੱਖਾਂ ਵਿਚੋਂ ਪਾਣੀ ਨਿਕਲਣਾ, ਜਲਨ ਹੋਣਾ, ਜੀਅ ਮਚਲਣਾ, ਅੱਖਾਂ ਅੱਗੇ ਰੰਗੀਨ ਗੋਲੇ ਦਿੱਸਣਾ ਵਰਗੇ ਲੱਛਣ ਹੁੰਦੇ ਹਨ। ਮੈਡੀਕਲ ਵਿਗਿਆਨ ਅਨੁਸਾਰ ਰਾਤ ਨੂੰ ਲਗਾਤਾਰ ਇੱਕ ਪਾਸੇ ਹੀ ਲੇਟੇ ਰਹਿ ਕੇ ਮੋਬਾਇਲ ਦੀ ਹੱਥਾਂ ਨਾਲ ਵਰਤੋਂ ਨਾਲ ਗਰਦਨ ਦੀਆਂ ਹੱਡੀਆਂ ਆਪਣੀ ਥਾਂ ਤੋਂ ਹਟ ਜਾਂਦੀਆਂ ਹਨ ਅਤੇ ਇੱਕ ਕਿਸਮ ਦਾ ਦਬਾਅ ਨਸਾਂ ਉੱਤੇ ਪੈਂਦਾ ਹੈ, ਜਿਸ ਕਾਰਣ ਸਰਵਾਈਕਲ ਹੋਣ ਦਾ ਖਤਰਾ ਵਧੇਰੇ ਹੋ ਜਾਂਦਾ ਹੈ।

ਜਰਮਨੀ ਦੀ ਇਕ ਸੰਸਥਾ (ਜਰਮਨ ਇੰਟਰ ਡਿਸਪਲੀਨਰੀ ਐਸੋਸੀਏਸ਼ਨ ਫਾਰ ਇਨਵਾਇਰਮੈਂਟਲ ਮੈਡੀਸਨ) ਦੇ 22 ਡਾਕਟਰਾਂ ਦੇ ਸਰਵੇਖਣ ਅਨੁਸਾਰ ਮੋਬਾਇਲ ਫੋਨ ਵਰਤਣ ਵਾਲਿਆਂ ਵਿਚ ਸਿੱਖਣ ਵਿਚ ਮੁਸ਼ਕਲ, ਇਕਾਗਰਤਾ ਵਿਚ ਕਮੀ, ਸੁਭਾਅ ਵਿਚ ਬਦਲਾਅ, ਬਲੱਡ ਪ੍ਰੈਸ਼ਰ ਵਿਚ ਉਤਰਾਅ-ਚੜ੍ਹਾਅ, ਦਿਲ ਦੀਆਂ ਬਿਮਾਰੀਆਂ, ਦਿਲ ਦਾ ਦੌਰਾ, ਦਿਮਾਗੀ ਬਿਮਾਰੀਆਂ (ਮਿਰਗੀ, ਲਿਊਕੀਮੀਆ, ਦਿਮਾਗੀ ਰਸੌਲੀ) ਆਦਿ ਬਿਮਾਰੀਆਂ ਪੈਦਾ ਹੋ ਰਹੀਆਂ ਹਨ।

ਇਸ ਲਈ ਜ਼ਰੂਰੀ ਹੈ ਕਿ ਮੋਬਾਇਲ ਦੀ ਵਧੇਰੇ ਵਰਤੋਂ ਦੇ ਰੁਝਾਨ ਨੂੰ ਠੱਲ੍ਹਣ ਲਈ ਅਸੀਂ ਕੁਝ ਕਾਇਦੇ ਆਪਣਾਈਏ ਤਾਂ ਕਿ ਸਾਡੇ ਘਰ-ਪਰਿਵਾਰਾਂ ਵਿਚ ਛੋਟੇ-ਛੋਟੇ ਬੱਚੇ ਵੀ ਸਾਡੇ ਵੱਲ ਦੇਖ ਕੇ ਮੋਬਾਇਲ ਫ਼ੋਨ ਦੀ ਮੰਗ ਨਾ ਕਰਨ। ਅਸੀਂ ਆਪ ਬੱਚਿਆਂ ਸਾਹਮਣੇ ਮੋਬਾਇਲ ਦੀ ਵਰਤੋਂ ਘੱਟ ਤੋਂ ਘੱਟ ਕਰਾਂਗੇ, ਤਾਂ ਬੱਚੇ ਇਸ ਗੱਲ ਨੂੰ ਗ੍ਰਹਿਣ ਕਰਨਗੇ। ਰਾਤ ਵੇਲੇ ਹਨੇਰੇ ਕਮਰੇ ਵਿਚ ਮੋਬਾਇਲ ਦੀ ਵਰਤੋਂ ਬਿਲਕੁਲ ਬੰਦ ਕਰ ਦੇਈਏ। ਸਕੂਲਾਂ ਵਿਚ ਵੀ ਬੱਚਿਆਂ ਨੂੰ ਮੋਬਾਇਲ ਦੀ ਵਰਤੋਂ ਘਟਾਉਣ ਲਈ ਘਰ ਦਾ ਕੰਮ ਪਹਿਲਾਂ ਵਾਂਗ ਡਾਇਰੀਆਂ ਵਿਚ ਹੀ ਲਿਖਵਾਇਆ ਜਾਵੇ ਅਤੇ ਕੋਸ਼ਿਸ਼ ਕੀਤੀ ਜਾਵੇ ਕਿ ਬੱਚੇ (ਖ਼ਾਸ ਤੌਰ 'ਤੇ ਨਾਬਾਲਿਗ) ਨੂੰ ਸਕੂਲ ਦਾ ਕੰਮ ਮੋਬਾਇਲ ਰਾਹੀਂ ਨਾ ਭੇਜਿਆ ਜਾਵੇ। ਅਗਰ ਜ਼ਰੂਰਤ ਹੈ ਵੀ ਤਾਂ ਮਾਤਾ-ਪਿਤਾ ਸੁਚੇਤ ਰਹਿਣ ਕਿ ਬੱਚੇ ਨੂੰ ਕਿੰਨਾ ਸਮਾਂ ਮੋਬਾਇਲ ਦੇਣਾ ਹੈ। ਇਸ ਤਰ੍ਹਾਂ ਕੁਝ ਛੋਟੇ-ਛੋਟੇ ਨੁਕਤੇ ਆਪਣਾ ਕੇ ਅਸੀਂ ਮੋਬਾਇਲ ਫ਼ੋਨ ਤੋਂ ਹੋਣ ਵਾਲੇ ਨੁਕਸਾਨਾਂ ਤੋਂ ਆਪਣਾ ਅਤੇ ਆਪਣੇ ਬੱਚਿਆਂ ਦਾ ਬਚਾਅ ਕਰ ਸਕਦੇ ਹਾਂ।

# ਇਨਕਮ ਟੈਕਸ ਢਾਂਚੇ ਬਨਾਮ ਆਰਥਿਕ ਵਿਕਾਸ

ਵਿਜੇ ਗਰਗ
ਰਿਟਾਇਰਡ ਪ੍ਰਿੰਸੀਪਲ
ਐਜੂਕੇਸ਼ਨਲ ਕਾਲਮਨਵੀਸ
ਮਲੋਟ
ਪੰਜਾਬ ਮੇਲ USA






ਅਗਲੇ ਵਿੱਤੀ ਸਾਲ ਦੇ ਬਜਟ ਵਿਚ ਸਭ ਤੋਂ ਵੱਧ ਚਰਚਾ ਕੀਤੀ ਗਈ ਸਭ ਤੋਂ ਵੱਧ ਬਜਟ ਵਿਚ ਆਮਦਨੀ ਟੈਕਸ ਵਿਚ ਦਿੱਤੀ ਗਈ ਛੋਟ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੇਂਦਰ ਸਰਕਾਰ ਨੇ ਇਸ ਵਾਰ ਇਨਕਮ ਟੈਕਸ ਦੀ ਸੀਮਾ ਵਿਚ ਅਚਾਨਕ ਵਾਧਾ ਕਰ ਦਿੱਤਾ ਹੈ। ਇਸ ਸੰਬੰਧ ਵਿਚ ਇਹ ਮੰਗ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਸੀ। ਇਹ ਇਕ ਦਬਾਅ ਵੀ ਸੀ। ਪਰ ਕੀ ਸਰਕਾਰ ਦਾ ਇਹ ਕਦਮ ਆਉਣ ਵਾਲੇ ਸਮੇਂ ਵਿਚ ਆਰਥਿਕ ਵਿਕਾਸ ਨੂੰ ਤੇਜ਼ ਕਰੇਗਾ ਜਾਂ ਇਸ ਤਰ੍ਹਾਂ ਦੀ ਆਰਥਿਕ ਪਹੁੰਚ ਇਕ ਵੱਡੀ ਰੁਖ ਸੀ, ਇਹ ਅਜੇ ਸਪੱਸ਼ਟ ਨਹੀਂ ਹੈ। ਸ਼ੁਰੂ ਵਿਚ ਇਹ ਵੇਖਿਆ ਜਾਂਦਾ ਹੈ, ਆਮਦਨੀ ਟੈਕਸ ਦੀ ਛੋਟ ਨਾਗਰਿਕਾਂ ਦੇ ਨਾਲ ਵਿੱਤੀ ਤਰਲਤਾ ਨੂੰ ਵਧਾਉਂਦੀ ਹੈ ਅਤੇ ਇਹ ਸਿੱਧਾ ਭਾਰਤੀ ਅਰਥਚਾਰੇ ਵਿਚ ਵੇਖੇਗੀ। ਪਹਿਲਾਂ, ਵਿਅਕਤੀਆਂ ਦੀ ਖਰੀਦ ਸਮਰੱਥਾ ਵਧੇਗੀ ਅਤੇ ਦੂਜਾ, ਉਨ੍ਹਾਂ ਦੀ ਬਚਤ ਵਧੇਗੀ। ਤੀਜਾ, ਇਹ ਲਾਭ ਵੀ ਹੋ ਸਕਦਾ ਹੈ ਕਿ ਕੁਝ ਵਿਅਕਤੀ ਇਸ ਵਿੱਤੀ ਬਚਤ ਨਾਲ ਆਪਣੇ ਕਰਜ਼ੇ ਦਾ ਭੁਗਤਾਨ ਕਰਨ ਵਿਚ ਵੀ ਸਹਾਇਤਾ ਕਰਦੇ ਹਨ, ਜੋ ਪਿਛਲੇ ਕੁਝ ਸਾਲਾਂ ਤੋਂ ਘੱਟ ਵਿੱਤੀ ਤਰਲ ਨਾਲ ਸੰਘਰਸ਼ ਕਰ ਰਹੇ ਹਨ। ਇਹ ਸੰਭਵ ਹੈ ਕਿ ਕ੍ਰੈਡਿਟ ਕਾਰਡ ਦੇ ਕ੍ਰੈਡਿਟ ਕਾਰਡ ਜਾਂ ਘਰ ਬਣਾਉਣ ਲਈ ਉਨ੍ਹਾਂ ਦੁਆਰਾ ਲਏ ਗਏ ਵਿੱਤੀ ਕਰਜ਼ਿਆਂ ਦੀ ਮਹੀਨਾਵਾਰ ਕਿਸ਼ਤਾਂ ਦੇ ਕਾਰਨ ਆਰਥਿਕ ਤਰਲਤਾ ਵਿਚ ਕਮੀ ਇੱਕ ਸਹਾਇਤਾ ਪ੍ਰਾਪਤ ਕਰਨੀ ਚਾਹੀਦੀ ਹੈ। ਜੇ ਇਸ ਪਹਿਲੂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਕੁਝ ਲੋਕਾਂ ਨੂੰ ਵੀ ਨਾਲ ਲਿਜਾਣਾ ਹੋਵੇਗਾ। ਆਰਥਿਕ ਸਰਵੇਖਣ ਅਧੀਨ, ਸਰਕਾਰ ਨੇ ਆਉਣ ਵਾਲੇ ਵਿੱਤੀ ਸਾਲ ਲਈ ਲਗਭਗ ਦਸ ਪ੍ਰਤੀਸ਼ਤ ਅਤੇ ਮੁਦਰਾਸ਼ਨ ਤੋਂ ਲੈ ਕੇ ਮਹਿੰਗਾਈ ਦਰ ਪ੍ਰਵਾਨ ਕੀਤੀ ਹੈ। ਇਸ ਤੋਂ ਘੱਟ ਸਪੱਸ਼ਟ ਹੈ ਕਿ ਜੀ.ਡੀ.ਪੀ. ਦੀ ਅਸਲ ਵਿਕਾਸ ਦਰ ਛੇ ਤੋਂ ਸੱਤ ਪ੍ਰਤੀਸ਼ਤ ਦੇ ਵਿਚਕਾਰ ਰਹਿਣ ਦੀ ਸੰਭਾਵਨਾ ਹੈ। ਇਸ ਲਈ, ਹਰੇਕ ਨੂੰ ਇਹ ਸਮਝਣਾ ਪਏਗਾ ਕਿ ਆਰਥਿਕਤਾ ਵਿਚ ਆਰਥਿਕ ਵਿਕਾਸ ਦੀ ਦਰਸਰਕਾਰ ਦੀ ਪਹਿਲ ਬਣਾਈ ਰੱਖਣ ਦੀ ਸਮਰੱਥਾ ਨੂੰ ਤੇਜ਼ ਕਰਨਾ ਹੈ। ਇਸ ਦੇ ਨਾਲ, ਤਸਵੀਰ ਦਾ ਦੂਸਰਾ ਪਾਸਾ ਇਕ ਵੱਖਰੀ ਹਕੀਕਤ ਰੱਖਦਾ ਹੈ ਅਤੇ ਉਹ ਕਹਿੰਦਾ ਹੈ ਕਿ ਭਾਰਤ ਤੋਂ ਇਨਕਮ ਟੈਕਸ ਅਦਾ ਕਰਨ ਵਾਲਿਆਂ ਦੀ ਗਿਣਤੀ ਸਿਰਫ ਅੱਠ ਕਰੋੜ ਹੈ, ਜੋ ਕਿ ਆਬਾਦੀ ਸਿਰਫ ਪੰਜ ਪ੍ਰਤੀਸ਼ਤ ਹੈ। ਇਸ ਤੋਂ ਪਹਿਲਾਂ ਇਨਕਮ ਟੈਕਸ ਸੀਮਾ ਸੱਤ ਲੱਖ ਰੁਪਏ ਸੀ, ਜੋ ਇਸ ਵਾਰ ਬਜਟ ਦੇ ਅਧੀਨ ਬਾਰ੍ਹਾਂ ਲੱਖ ਰੁਪਏ ਹੈ, ਪਰ ਇਸ ਇਨਕਮ ਟੈਕਸ ਸੀਮਾ ਦੇ ਅਧੀਨ ਟੈਕਸਦਾਤਾਵਾਂ ਸਿਰਫ ਤਿੰਨ ਕਰੋੜ ਰੁਪਏ ਜਾਂ ਘੱਟ ਹਨ। ਇਸ ਲਈ ਕੀ ਇਹ ਦੇਸ਼ ਦੇ ਇਸ ਛੋਟੇ ਜਿਹੇ ਭਾਗ ਵੱਲ ਧਿਆਨ ਦੇਣਾ ਤਰਕਸ਼ੀਲ ਹੈ, ਚਾਹੇ ਦੇਸ਼ ਵਿਚ ਆਰਥਿਕ ਵਿਕਾਸ ਦੀ ਜ਼ਿੰਮੇਵਾਰੀ, ਜੋ ਵੱਧ ਰਹੀ ਖਰੀਦ ਸਮਰੱਥਾ ਜਾਂ ਆਰਥਿਕ ਬਚਤ ਦੇ ਅਨੁਸਾਰ ਹੈ? ਜਦੋਂਕਿ ਭਾਰਤ ਨੇ ਜੀ.ਡੀ.ਪੀ. ਦੇ ਅਨੁਸਾਰ ਵਿਸ਼ਵ ਵਿਚ ਪੰਜਵੀਂ ਆਰਥਿਕਤਾ ਨੂੰ ਦੁਨੀਆਂ ਵਿਚ ਬਹੁਤ ਪਿੱਛੇ ਰੱਖਿਆ। ਇਨਕਮ ਟੈਕਸ ਸੀਮਾ ਵਿਚ ਵਾਧੇ ਦਾ ਪ੍ਰਬੰਧ 26 ਅਪ੍ਰੈਲ, 2025- ਤੋਂ ਲਾਗੂ ਹੋਵੇਗਾ। ਹੁਣ ਇਸ ਪ੍ਰਸੰਗ ਵਿਚ ਵੀ ਇਹ ਗੱਲ ਨੂੰ ਸਮਝਣਾ ਪਏਗਾ ਕਿ ਇਹ ਪ੍ਰਬੰਧ ਅਗਲੇ ਵਿੱਤੀ ਵਰ੍ਹੇ ਦੇ ਪਹਿਲੇ ਦੋ ਤਿਮਾਹੀ ਲਈ ਸਕਾਰਾਤਮਕ ਪ੍ਰਭਾਵ ਨਹੀਂ ਵੇਖੇਗੀ। ਕਿਉਂਕਿ ਦੀਵਾਲੀ ਤੀਜੀ ਤਿਮਾਹੀ ਵਿਚ ਆਉਂਦੀ ਹੈ ਅਤੇ ਭਾਰਤ ਵਿਚ ਖਰੀਦਾਰੀ ਸਮਰੱਥਾ ਦੀ ਅਸਲ ਸ਼ਕਤੀ ਉਸ ਸਮੇਂ ਦੌਰਾਨ ਕੀਤੀ ਜਾਂਦੀ ਹੈ। ਇਸ ਬਜਟ ਤੋਂ ਬਾਅਦ, ਇਕ ਹੋਰ ਵਿਚਾਰ-ਵਟਾਂਦਰੇ ਬਹੁਤ ਆਮ ਰਿਹਾ ਹੈ ਕਿ ਇਨਕਮ ਟੈਕਸ ਦੀ ਇਸ ਸੀਮਾ ਵਿਚ ਵੱਡਾ ਵਾਧਾ ਮੱਧਵਰਤੀ ਵਿਅਕਤੀ ਅਤੇ ਉਸਦੇ ਪਰਿਵਾਰ ਨਾਲ ਸਿੱਧਾ ਜੁੜਿਆ ਹੋਇਆ ਹੈ, ਜੋ ਕਿ ਉਚਿਤ ਨਹੀਂ ਹੈ। ਭਾਰਤ ਵਿਚ ਮੱਧ ਵਰਗ 60 ਪ੍ਰਤੀਸ਼ਤ ਤੋਂ ਵੱਧ ਆਬਾਦੀ ਨੂੰ ਦਰਸਾਉਂਦਾ ਹੈ, ਜਦੋਂਕਿ ਇਨਕਮ ਟੈਕਸ ਦੀ ਸੀਮਾ ਵਿਚ ਵਾਧਾ ਸਿਰਫ ਤਿੰਨ ਕਰੋੜ ਪਰਿਵਾਰਾਂ ਦਾ ਲਾਭ ਪ੍ਰਾਪਤ ਕਰਨ ਜਾ ਰਿਹਾ ਹੈ, ਜੋ ਕੁੱਲ ਆਵਾਸ ਨੂੰ ਦਸ ਪ੍ਰਤੀਸ਼ਤ ਦਰਸਾਉਂਦਾ ਹੈ। ਇਸ ਲਈ ਇਸ ਟੈਕਸ-ਸੰਬੰਧੀ ਬਾਰਡਰ ਦਾ ਪ੍ਰਬੰਧ ਪੂਰੀ ਤਰ੍ਹਾਂ ਮੱਧਕਾਲੀ ਵਰਗ ਦੇ ਨਾਲ ਜੁੜਨਾ ਬੇਇਨਸਾਫੀ ਹੈ, ਕਿਉਂਕਿ ਇਹ ਵਿਵਸਥਾਵਾਂ ਉੱਚ ਮੱਧ ਵਰਗ ਦੇ ਵਿਅਕਤੀ ਨੂੰ ਪ੍ਰਭਾਵਤ ਕਰਦੀਆਂ ਹਨ। ਸਰਕਾਰ ਟੈਕਸ ਦੀ ਸੀਮਾ ਵਿਚ ਬਜਟ ਪੇਸ਼ ਕਰਦੇ ਹੋਏ ਇਕ ਤਰ੍ਹਾਂ ਨਾਲ, ਇੰਨੀ ਵੱਡੀ ਰਾਹਤ ਦੇ ਕੇ ਲਗਭਗ ਇਕ ਲੱਖ ਕਰੋੜ ਰੁਪਏ ਦਾ ਆਰਥਿਕ ਨੁਕਸਾਨ ਵੀ ਪ੍ਰਸਤਾਵਿਤ ਕੀਤਾ ਗਿਆ ਹੈ। ਇਹ ਨੋਟ ਕੀਤਾ ਜਾ ਸਕਦਾ ਹੈ ਕਿ ਤਿੰਨ-ਚਾਰ ਸਾਲ ਪਹਿਲਾਂ, ਜਦੋਂ ਸਰਕਾਰ ਨੇ ਕੰਪਨੀਆਂ ਦੀ ਦਰ ਨੂੰ ਘਟਾ ਦਿੱਤਾ ਸੀ, ਤਾਂ ਇਸ ਨੇ ਇਕ ਤੋਂ ਡੇਢ ਲੱਖ ਕਰੋੜ ਰੁਪਏ ਦੇ ਇਕ ਤਰ੍ਹਾਂ ਦਾ ਘਾਟਾ ਦਿੱਤਾ ਸੀ। ਜਦੋਂਕਿ ਵਿੱਤੀ ਨੁਕਸਾਨ ਦੁੱਗਣਾ ਹੋ ਗਿਆ ਸੀ। ਇਹ ਸਮਝਣਾ ਵੀ ਬਹੁਤ ਮਹੱਤਵਪੂਰਨ ਹੈ ਕਿ ਇਸ ਇਨਕਮ ਟੈਕਸ ਸੀਮਾ ਵਿਚ ਵਾਧੇ ਕਾਰਨ ਪ੍ਰਤੀ ਵਿਅਕਤੀ ਆਮਦਨੀ ਦੇ ਵਿਚ ਅੰਤਰ ਅਤੇ ਘੱਟੋਘੱਟ ਆਮਦਨੀ ਟੈਕਸ ਸੀਮਾ ਛੇ ਵਾਰ ਵੱਧ ਗਈ ਹੈ। ਕੀ ਇਸ ਪਾਸੇ ਭਾਰਤ ਵਿਚ ਗਰੀਬਾਂ ਦੇ ਪੈਮਾਨੇ 'ਤੇ ਅਸਰ ਨਹੀਂ ਪਾਏਗਾ? ਨੱਬੇ ਦੇ ਆਰਥਿਕ ਸੁਧਾਰ ਦੇ ਸਮੇਂ ਪ੍ਰਤੀ ਵਿਅਕਤੀ ਆਮਦਨੀ ਅਤੇ ਭਾਰਤ ਵਿਚ ਘੱਟੋ-ਘੱਟ ਆਰਥਿਕ ਸੀਮਾ ਤਿੰਨ ਵਾਰ ਹੁੰਦੀ ਸੀ। ਅੱਜ ਅਮਰੀਕਾ ਵਿਚ ਇਹ ਅੰਤਰ ਦੁੱਗਣਾ ਤੋਂ ਘੱਟ ਹੈ। ਇਸ ਤੋਂ ਇਲਾਵਾ ਲੋਕਾਂ ਦੀ ਆਰਥਿਕ ਬਚਤ ਦਾ ਲਾਭ ਵੀ ਆਉਣ ਵਾਲੇ ਦਿਨਾਂ ਵਿਚ ਭਾਰਤੀ ਰਾਜਧਾਨੀ ਮਾਰਕੀਟ, ਬੈਂਕਿੰਗ ਸੈਕਟਰ, ਜਾਇਦਾਦ ਦੇ ਖੇਤਰ ਵਿਚ ਆਦਿ ਦੇ ਦਿਨਾਂ ਵਿਚ ਦੇਖਿਆ ਜਾਵੇਗਾ।

# ਜੈਤੋ ਦਾ ਮੋਰਚਾ

ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060
gumtalacs@gmail.com
ਪੰਜਾਬ ਮੇਲ USA





ਜੈਤੋ ਦਾ ਮੋਰਚਾ।



ਗੁਰਦੁਆਰਾ ਗੰਗਸਰ ਸਾਹਿਬ ਜੈਤੋ।



ਮਹਾਰਾਜਾ ਰਿਪੁਦਮਨ ਸਿੰਘ ਦੀ ਸੰਤ ਅਤਰ ਸਿੰਘ ਜੀ ਵੱਲੋਂ ਤਾਜਪੋਸ਼ੀ।

ਸਿੱਖ ਇਤਿਹਾਸ ਵਿਚ ਜੈਤੋ ਦੇ ਮੋਰਚੇ ਦਾ ਵਿਸ਼ੇਸ਼ ਸਥਾਨ ਹੈ। ਸਿੱਖ ਧਰਮ ਵਿਸ਼ਵ ਕੋਸ਼ ਅਨੁਸਾਰ ਜੈਤੋ ਦਾ ਮੋਰਚਾ ਉਸ ਅਕਾਲੀ ਲਹਿਰ ਨੂੰ ਨਾਂ ਦਿੱਤਾ ਗਿਆ, ਜਿਸ ਰਾਹੀਂ ਪੰਜਾਬ ਵਿਚ ਸਿੱਖ ਰਿਆਸਤ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਉਪਰ ਮੁੜ ਬਹਾਲ ਕਰਨ ਲਈ ਇਹ ਲਹਿਰ ਚਲਾਈ ਗਈ ਸੀ। ਮਹਾਰਾਜਾ ਦੀ ਅਕਾਲੀਆਂ ਪ੍ਰਤੀ ਹਮਦਰਦੀ ਸੀ ਅਤੇ ਉਸ ਨੇ ਖੁੱਲ੍ਹੇ ਤੌਰ 'ਤੇ ਗੁਰੂ ਕਾ ਬਾਗ਼ ਮੋਰਚੇ ਦੀ ਹਿਮਾਇਤ ਕੀਤੀ ਅਤੇ ਨਨਕਾਣਾ ਸਾਹਿਬ ਵਿਖੇ ਸੁਧਾਰਵਾਦੀਆਂ ਦੇ ਕਤਲ ਦੇ ਵਿਰੋਧ ਵਜੋਂ ਕਾਲੀ ਪੱਗ ਬੰਨ੍ਹ ਲਈ ਸੀ। ਉਸ ਦੇ ਭਾਰਤੀ ਕੌਮੀ ਨੇਤਾਵਾਂ ਨਾਲ ਸਬੰਧਾਂ ਕਰਕੇ ਅਤੇ ਆਮ ਮੁਆਮਲਿਆਂ ਵਿਚ ਗ੍ਰਸਤ ਹੋਣ ਕਰਕੇ ਬ੍ਰਿਟਿਸ਼ ਸਰਕਾਰ ਉਸ ਤੋਂ ਤੰਗ ਆ ਗਈ ਸੀ। 9 ਜੁਲਾਈ 1923 ਨੂੰ ਉਸ ਨੂੰ ਆਪਣੇ ਨਾਬਾਲਗ਼ ਪੁੱਤਰ ਪ੍ਰਤਾਪ ਸਿੰਘ ਲਈ ਗੱਦੀ ਛੱਡਣ ਲਈ ਮਜਬੂਰ ਕੀਤਾ ਗਿਆ। ਭਾਵੇਂ ਬ੍ਰਿਟਿਸ਼ ਅਫ਼ਸਰਾਂ ਨੇ ਉਸਦੇ ਗੱਦੀ ਛੱਡਣ ਨੂੰ ਆਪਣੀ ਮਰਜ਼ੀ ਨਾਲ ਛੱਡਣ ਲਈ ਉਚਾਰਿਆ ਪਰ ਅਕਾਲੀਆਂ ਅਤੇ ਹੋਰ ਕੌਮੀ ਜਥੇਬੰਦੀਆਂ ਨੇ ਇਸਦੀ ਸਰਕਾਰ ਵੱਲੋਂ ਧਾਂਦਲੀ ਦੇ ਕੰਮ ਵਜੋਂ ਨਿੰਦਾ ਕੀਤੀ। ਮਾਸਟਰ ਤਾਰਾ ਸਿੰਘ ਨੇ ਵੀ ਇਸਨੂੰ ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਦੀ ਗੱਦੀਓਂ ਲਾਹੁਣ ਨਾਲ ਮੇਲ ਕੇ ਇਸ ਦੀ ਨਿੰਦਾ ਕੀਤੀ।

ਸਿੱਖ ਧਰਮ ਮਹਾਰਾਜਾ ਨਾਭਾ ਨੂੰ ਮੁੜ ਗੱਦੀ ਉੱਤੇ ਬਿਠਾਉਣ ਲਈ ਬਣੀ ਕਮੇਟੀ ਨੇ ਇਹ ਕਿਹਾ ਕਿ ਪੰਜਾਬ ਦੇ ਸਾਰੇ ਪ੍ਰਮੁੱਖ ਨਗਰਾਂ ਵਿਚ ਉਸਦੇ ਲਈ ਕੀਤੀ ਅਰਦਾਸ ਵਜੋਂ 29 ਜੁਲਾਈ 1923 ਦਾ ਦਿਨ ਮਨਾਇਆ ਜਾਵੇ। 2 ਅਗਸਤ 1923 ਨੂੰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਰਤ ਦੇ ਵਾਇਸਰਾਇ ਲਾਰਡ ਰੀਡਿੰਗ ਨੂੰ ਤਾਰ ਭੇਜੀ, ਜਿਸ ਵਿਚ ਸਰਕਾਰੀ ਬਿਆਨ 'ਤੇ ਇਤਰਾਜ਼ ਕੀਤਾ ਕਿ ਮਹਾਰਾਜਾ ਨੇ ਆਪਣੀ ਗੱਦੀ ਆਪਣੀ ਮਰਜ਼ੀ ਨਾਲ ਤਿਆਗੀ ਹੈ ਅਤੇ ਇਹ ਮੰਗ ਕੀਤੀ ਕਿ ਇਸਦੀ ਨਿਰਪੱਖ ਜਾਂਚ ਕਰਵਾਈ ਜਾਵੇ। ਤਿੰਨ ਦਿਨਾਂ ਬਾਅਦ ਇਹ ਮਤਾ ਪਾਸ ਕਰ ਦਿੱਤਾ ਗਿਆ, ਜਿਸ ਵਿਚ ਇਸਦੀ ਕਾਰਜਕਾਰਨੀ ਕਮੇਟੀ ਨੂੰ ਮਹਾਰਾਜਾ ਰਿਪੁਦਮਨ ਨੂੰ ਨਾਭਾ ਦੀ ਗੱਦੀ 'ਤੇ ਮੁੜ ਬਿਠਾਉਣ ਲਈ ਸ਼ਾਂਤਮਈ ਅੰਦੋਲਨ ਕਰਨ ਲਈ ਕਿਹਾ ਗਿਆ। ਨਾਭਾ ਸਰਦਾਰ ਦਾ ਇਹ ਆਰਡੀਨੈਂਸ ਜਿਸ ਵਿਚ ਜਨਤਕ ਸਭਾਵਾਂ ਦੀ ਮਨਾਹੀ ਸੀ, ਸਿੱਖਾਂ ਦੁਆਰਾ ਵਿਰੋਧ ਕੀਤਾ ਗਿਆ। ਸਿੱਖਾਂ ਨੇ ਮਹਾਰਾਜਾ ਨੂੰ ਗੱਦੀ ਤੋਂ ਲਾਹੁਣ ਦੇ ਕੰਮ ਨੂੰ ਨਿੰਦਣ ਲਈ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ ਸਨ।

25 ਅਗਸਤ ਨੂੰ, ਨਾਭਾ ਦੇ ਖੇਤਰ ਵਿਚ ਜੈਤੋ ਵਿਖੇ ਇੱਕ ਦੀਵਾਨ ਲਗਾਇਆ, ਜਿਸ ਵਿਚ ਲੋਕਾਂ ਨੇ ਜਲੂਸ ਕੱਢਿਆ ਅਤੇ ਮਤੇ ਮਨਜ਼ੂਰ ਕੀਤੇ, ਜਿਸ ਵਿਚ ਮਹਾਰਾਜਾ ਨਾਲ ਹਮਦਰਦੀ ਕੀਤੀ ਗਈ ਅਤੇ ਸਰਕਾਰ ਦੇ ਕੰਮ ਦੀ ਨਿੰਦਾ ਕੀਤੀ ਗਈ। 27 ਅਗਸਤ ਨੂੰ, ਨਾਭਾ ਰਿਆਸਤ ਦੀ ਸਰਕਾਰ ਨੇ ਦੀਵਾਨ ਦੇ ਪ੍ਰਬੰਧਕਾਂ ਨੂੰ ਇਹ ਦੋਸ਼ ਲਾ ਕੇ ਗ੍ਰਿਫ਼ਤਾਰ ਕਰ ਲਿਆ ਕਿ ਉਨ੍ਹਾਂ ਨੇ "ਰਾਜਨੀਤਿਕ ਭਾਸ਼ਣ ਦਿੱਤੇ ਹਨ"। ਅਸਲ ਵਿਚ ਦੀਵਾਨ 27 ਅਗਸਤ ਨੂੰ ਖ਼ਤਮ ਹੋਣਾ ਸੀ ਪਰੰਤੂ ਪੁਲਿਸ ਦੁਆਰਾ ਕੀਤੀਆਂ ਗ੍ਰਿਫ਼ਤਾਰੀਆਂ ਨੇ ਅਕਾਲੀਆਂ ਨੂੰ ਇਸਨੂੰ ਅਨਿਸ਼ਚਿਤ ਸਮੇਂ ਤੱਕ ਚਲਾਉਣ ਲਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੀ ਲੜੀ ਸ਼ੁਰੂ ਕਰਨ ਲਈ ਭੜਕਾ ਦਿੱਤਾ। ਪੁਲਿਸ ਨੇ ਹੋਰ ਗ੍ਰਿਫ਼ਤਾਰੀਆਂ ਕੀਤੀਆਂ ਅਤੇ 14 ਸਤੰਬਰ 1923 ਨੂੰ ਚੱਲ ਰਹੇ ਅਖੰਡ ਪਾਠ 'ਤੇ ਆਪਣੇ ਪਾਠੀ, ਆਤਮਾ ਸਿੰਘ ਨੂੰ ਪਵਿੱਤਰ ਗ੍ਰੰਥ ਦਾ ਪਾਠ ਕਰ ਰਹੇ ਗ੍ਰੰਥੀ ਦੀ ਥਾਂ 'ਤੇ ਬਿਠਾ ਦਿੱਤਾ। ਇਸ ਤਰ੍ਹਾਂ ਬੇਅਦਬੀ ਹੋਣ ਨਾਲ ਸਿੱਖਾਂ ਵਿਚ ਹਲਚਲ ਮਚ ਗਈ। 29 ਸਤੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਕਾਰੀ ਕਾਰਵਾਈ ਦੀ ਨਿੰਦਾ ਕੀਤੀ। ਨਾਲ ਦੀ ਨਾਲ ਉਸ ਸਮੇਂ ਸਿੱਖਾਂ ਨੂੰ ਪੂਰਨ ਅਜ਼ਾਦੀ ਦੇ ਤੌਰ 'ਤੇ ਪੂਜਾ-ਪਾਠ ਕਰਨ ਦੇ ਹੱਕ ਦੀ ਘੋਸ਼ਣਾ ਕਰ ਦਿੱਤੀ। ਸਰਕਾਰ ਨੇ ਇਸ ਗੱਲ ਦਾ ਖੰਡਨ ਕੀਤਾ ਕਿ ਅਖੰਡ ਪਾਠ ਦੀ ਲੜੀ ਤੋੜੀ ਗਈ ਸੀ। ਫਿਰ ਵੀ ਜਥੇ ਆਉਂਦੇ ਰਹੇ। ਸੈਕਟਰੀ ਆਫ਼ ਸਟੇਟ ਨੇ ਵਾਇਸਰਾਇ ਨੂੰ ਆਦੇਸ਼ ਦਿੱਤਾ ਕਿ "ਅਕਾਲੀ ਅੰਦੋਲਨ ਨੂੰ ਗ੍ਰਿਫ਼ਤਾਰੀਆਂ ਰਾਹੀਂ ਅਤੇ ਸਾਰੇ ਪ੍ਰਬੰਧਕਾਂ ਤੇ ਅਪਰਾਧੀ-ਸਾਥੀਆਂ ਵਜੋਂ ਮੁਕੱਦਮਾ ਚਲਾ ਕੇ ਕਾਰਗਰ/ਪ੍ਰਭਾਵਸ਼ਾਲੀ ਰੋਕ ਲਾਈ ਜਾਵੇ"। ਪੰਜਾਬ ਸਰਕਾਰ ਨੇ ਇਸ ਹਿਦਾਇਤ 'ਤੇ ਕੰਮ ਕਰਦੇ ਹੋਏ ਸ਼੍ਰੋਮਣੀ ਕਮੇਟੀ ਦੇ ਸਾਰੇ 60 ਮੈਂਬਰਾਂ ਨੂੰ ਬਾਦਸ਼ਾਹ ਦੇ ਵਿਰੁੱਧ ਵਿਦਰੋਹ ਦੇ ਦੋਸ਼ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਅਕਾਲੀਆਂ ਦੇ ਜਥਿਆਂ ਨੂੰ ਨਾਭਾ ਦੇ ਖੇਤਰ ਵਿਚ ਵੜਨ ਦੀ ਪਾਬੰਦੀ ਲਗਾ ਦਿੱਤੀ ਗਈ, ਜਥਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਪੁਲਿਸ ਦੁਆਰਾ ਕੁੱਟਿਆ ਗਿਆ। ਫਿਰ ਇਨ੍ਹਾਂ ਨੂੰ ਦੂਰ ਰੇਗਿਸਤਾਨ ਵਿਚ ਬਿਨਾਂ ਖਾਣੇ ਅਤੇ ਪਾਣੀ ਦੇ ਛੱਡ ਦਿੱਤਾ ਜਾਂਦਾ ਸੀ। ਅੰਦੋਲਨ ਨੂੰ ਹੋਰ ਤੇਜ਼ ਕਰਨ ਲਈ, ਅਕਾਲੀਆਂ ਨੇ ਜਥਿਆਂ ਦੀ ਗਿਣਤੀ ਵਧਾ ਦਿੱਤੀ। 9 ਫਰਵਰੀ 1924 ਨੂੰ 500 ਅਕਾਲੀਆਂ ਦਾ ਜੱਥਾ, ਅਕਾਲ ਤਖ਼ਤ ਤੋਂ ਰਵਾਨਾ ਹੋਇਆ ਅਤੇ ਜਿਸ ਸ਼ਹਿਰ ਅਤੇ ਪਿੰਡ ਵਿਚੋਂ ਦੀ ਵੀ ਇਹ ਜੱਥਾ ਲੰਘਦਾ, ਉੱਥੇ ਹੀ ਉਨ੍ਹਾਂ ਨੂੰ ਬੇਮਿਸਾਲ ਸਤਿਕਾਰ ਪ੍ਰਾਪਤ ਹੁੰਦਾ। ਐੱਸ.ਜ਼ਿਮੰਦ, ਜੋ 'ਨਿਊਯਾਰਕ ਟਾਈਮਜ਼' ਦਾ ਸੰਵਾਦਦਾਤਾ ਸੀ, ਜਿਸ ਨੇ ਕੂਚ ਕਰਨ ਵੇਲੇ ਜਥੇ ਨੂੰ ਅੱਖੀਂ ਦੇਖਿਆ ਸੀ ਲਿਖਦਾ ਹੈ : "ਜਥਾ ਪੂਰੀ ਤਰ੍ਹਾਂ ਠੀਕ ਅਨੁਸ਼ਾਸਨ ਅਤੇ ਅਹਿੰਸਾ ਪੂਰਵਕ ਚੱਲ ਰਿਹਾ ਸੀ, ਜਿਸ ਦੇ ਸੱਜੇ-ਖੱਬੇ ਦੋਵੇਂ ਪਾਸੀਂ ਲੋਕਾਂ ਦੀ ਭੀੜ ਸੀ, ਪੰਜ ਨਿਸ਼ਾਨ ਸਾਹਿਬ ਅੱਗੇ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਾਲੇ ਸੀ"।

20 ਫਰਵਰੀ 1924 ਨੂੰ ਜਥਾ ਬਰਗਾੜੀ ਪਹੁੰਚ ਗਿਆ, ਜੋ ਜੈਤੋ ਤੋਂ ਤਕਰੀਬਨ 10 ਕਿਲੋਮੀਟਰ ਦੂਰ ਨਾਭਾ-ਫ਼ਰੀਦਕੋਟ ਸਰਹੱਦ 'ਤੇ ਇੱਕ ਪਿੰਡ ਹੈ। ਜੈਤੋ ਵਿਖੇ, 'ਟਿੱਬੀ ਸਾਹਿਬ ਗੁਰਦੁਆਰੇ' ਤੋਂ ਤਕਰੀਬਨ 150 ਮੀਟਰ ਦੀ ਦੂਰੀ 'ਤੇ, ਨਾਭਾ ਦਾ ਪ੍ਰਬੰਧਕ ਵਿਲਸਨ ਜਾਨਸਟਨ, ਰਿਆਸਤ ਦੀ ਕਾਫ਼ੀ ਪੁਲਿਸ ਨਾਲ ਖੜ੍ਹਾ ਸੀ। 21 ਫਰਵਰੀ ਨੂੰ, ਜਥੇ ਨੇ ਗੁਰਦੁਆਰੇ ਵੱਲ ਨੂੰ ਕੂਚ ਕੀਤਾ ਅਤੇ ਵਿਲਸਨ ਜਾਨਸਟਨ ਦੀ ਤਲਬ 'ਤੇ ਜਥੇ ਨੇ ਰੁੱਕਣ ਜਾਂ ਖਿੰਡ ਜਾਣ ਤੋਂ ਮਨਾ ਕਰ ਦਿੱਤਾ। ਪ੍ਰਬੰਧਕ ਨੇ ਫ਼ੌਜ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਦੋ ਵਾਰੀ ਗੋਲੀਆਂ ਦੀ ਬੁਛਾੜ ਜਿਹੜੀ 5 ਮਿੰਟ ਤੱਕ ਚੱਲਦੀ ਰਹੀ, ਉਸ 'ਚ ਕਈ ਮਾਰੇ ਗਏ। ਇਕ ਔਰਤ ਦਾ ਬੱਚਾ ਗੋਲੀ ਲੱਗਣ ਨਾਲ ਮਰ ਗਿਆ। ਉਸ ਨੇ ਬੱਚੇ ਨੂੰ ਜ਼ਮੀਨ 'ਤੇ ਲਿਟਾ ਦਿੱਤਾ ਤੇ ਆਪ ਜਥੇ ਨਾਲ ਚਲਦੀ ਰਹੀ। ਕੁਝ ਸਮੇਂ ਬਾਦ ਉਸ ਦੀ ਵੀ ਗੋਲੀ ਲੱਗਣ ਨਾਲ ਮੌਤ ਹੋ ਗਈ। ਫੱਟੜਾਂ-ਮਰਿਆਂ ਦੀ ਸੂਚੀ ਵਿਚ ਸਰਕਾਰੀ ਅਨੁਮਾਨ ਅਨੁਸਾਰ 22 ਮਰੇ, 29 ਜ਼ਖ਼ਮੀ ਹੋਏ ਤੇ 450 ਗ੍ਰਿਫ਼ਤਾਰ ਕੀਤੇ ਗਏ। ਅਕਾਲੀਆਂ ਦੇ ਮੁਤਾਬਿਕ ਗਿਣਤੀ ਕਿਤੇ ਜ਼ਿਆਦਾ ਸੀ। ਉਨ੍ਹਾਂ ਅਨੁਸਾਰ 100 ਨੇ ਸ਼ਹੀਦੀ ਪ੍ਰਾਪਤ ਕੀਤੀ ਤੇ 200 ਜਖ਼ਮੀ ਹੋਏ।

ਅਕਾਲੀਆਂ ਦੇ ਸ਼ਾਂਤਮਈ ਜਥੇ ਉੱਤੇ ਗੋਲੀਬਾਰੀ ਦੇਸ਼ ਭਰ ਵਿਚ ਨਾਰਾਜ਼ਗੀ ਦਾ ਕਾਰਨ ਬਣ ਗਈ। 28 ਫਰਵਰੀ 1924 ਨੂੰ, ਇੱਕ ਹੋਰ 500 ਦਾ ਬਹਾਦਰ ਜਥਾ ਅੰਮ੍ਰਿਤਸਰ ਤੋਂ ਜੈਤੋ ਲਈ ਚੱਲਿਆ, ਜਿਹੜਾ 14 ਮਾਰਚ ਨੂੰ ਪੁਲਿਸ ਦੁਆਰਾ ਹਿਰਾਸਤ ਵਿਚ ਲੈ ਲਿਆ ਗਿਆ। 13 ਹੋਰ 500-500 ਦੇ ਬਹਾਦਰ ਜਥੇ ਜੈਤੋ ਪਹੁੰਚੇ ਅਤੇ ਆਪਣੀਆਂ ਗ੍ਰਿਫ਼ਤਾਰੀਆਂ ਦਿੱਤੀਆਂ। ਇਸ ਮੋਰਚੇ ਵਿਚ ਸ਼ਾਮਲ ਹੋਣ ਲਈ ਕੈਨੇਡਾ, ਹਾਂਗਕਾਂਗ ਅਤੇ ਸ਼ੰਘਾਈ ਤੋਂ ਵੀ ਸਿੱਖ ਜਥੇ ਆਏ।

ਪੰਜਾਬ ਦੇ ਗਵਰਨਰ ਸਰ ਮੈਲਕਾਮ ਹੈਲੇ ਨੇ ਕੌਮ ਨੂੰ ਸਮਾਨਾਂਤਰ ਸਿੱਖ ਸੁਧਾਰ ਕਮੇਟੀਆਂ ਬਣਾ ਕੇ ਦੁਫਾੜ ਦੀ ਨੀਤੀ ਦੀ ਯੋਜਨਾ ਬਣਾਈ, ਜੋ ਨਰਮਪੰਥੀ ਅਤੇ ਸਰਕਾਰ ਪੱਖੀ ਗੁਟਾਂ ਨਾਲ ਸੰਬੰਧਿਤ ਸਨ। 101 ਬਹਾਦਰ ਜਥਿਆਂ ਨੂੰ ਜੈਤੋ ਵਿਖੇ ਅਖੰਡ-ਪਾਠ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਪ੍ਰੰਤੂ ਇਸ ਨਾਲ ਨਾ ਤਾਂ ਆਮ ਸਿੱਖ ਵਿਚਾਰ ਨੂੰ ਰਾਹਤ ਮਿਲੀ, ਨਾ ਹੀ ਇਸਨੇ ਅੰਦੋਲਨ ਦੇ ਜੋਸ਼ 'ਤੇ ਕੋਈ ਖ਼ਾਸ ਪ੍ਰਭਾਵ ਪਾਇਆ। ਜੈਤੋ ਵਿਖੇ ਅਕਾਲੀਆਂ ਨੂੰ ਅਖੰਡ ਪਾਠ ਕਰਨ ਦੀ ਪ੍ਰਵਾਨਗੀ ਦੇ ਮੁੱਦੇ 'ਤੇ ਸਰਕਾਰ ਪੰਡਤ ਮਦਨ ਮੋਹਨ ਮਾਲਵੀਆ ਅਤੇ ਭਾਈ ਜੋਧ ਸਿੰਘ ਰਾਹੀਂ ਗੱਲਬਾਤ ਕਰਨ ਲਈ ਤਿਆਰ ਸੀ। ਪਰੰਤੂ ਸਰਕਾਰ ਰਿਆਸਤ ਦੇ ਗੱਦੀਉਂ ਉਤਾਰੇ ਮਹਾਰਾਜੇ ਨੂੰ ਮੁੜ ਬਹਾਲ ਕਰਨ ਦੇ ਮਾਮਲੇ 'ਤੇ ਜ਼ਿੱਦੀ ਸੀ। ਇਸੇ ਸਮੇਂ ਦੌਰਾਨ, ਪੰਜਾਬ ਸਰਕਾਰ ਨੇ ਪੰਜਾਬ ਵਿਧਾਨ ਪਰਿਸ਼ਦ ਵਿਚ ਸਿੱਖ ਗੁਰਦੁਆਰਿਆਂ ਦਾ ਬਿੱਲ ਪੇਸ਼ ਕਰ ਦਿੱਤਾ, ਜਿਹੜਾ 7 ਜੁਲਾਈ 1925 ਨੂੰ ਸਰਬ-ਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਬਿੱਲ ਪਾਸ ਕਰਨ ਮਗਰੋਂ, ਪੰਜਾਬ ਦੇ ਗਵਰਨਰ, ਸਰ ਮੈਲਕਾਮ ਹੈਲੇ ਨੇ ਪੰਜਾਬ ਵਿਧਾਨ ਪਰਿਸ਼ਦ ਵਿਚ ਆਪਣੇ ਭਾਸ਼ਣ ਦੇ ਦੌਰਾਨ ਇਹ ਐਲਾਨ ਕਰ ਦਿੱਤਾ ਸੀ ਕਿ ਨਾਭੇ ਦਾ ਪ੍ਰਬੰਧਕ ਜੈਤੋ ਵਿਖੇ 'ਗੁਰਦੁਆਰਾ ਗੰਗਸਰ' ਦੀ ਧਾਰਮਿਕ ਸੇਵਾ ਲਈ ਤੀਰਥ-ਯਾਤਰੀਆਂ ਦੇ ਜਥਿਆਂ ਨੂੰ ਪ੍ਰਵਾਨਗੀ ਦੇਵੇਗਾ। ਇਸ ਐਲਾਨ ਤੋਂ ਮਗਰੋਂ ਅਖੰਡ ਪਾਠ ਕਰਨ ਉੱਤੇ ਲੱਗੀ ਪਾਬੰਦੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਅਕਾਲੀਆਂ ਵਿਚੋਂ ਜ਼ਿਆਦਾਤਰ ਅਕਾਲੀਆਂ ਨੂੰ ਰਿਹਾਅ ਕਰ ਦਿੱਤਾ ਗਿਆ ਅਤੇ ਅਕਾਲੀਆਂ ਦੁਆਰਾ ਅਜਿਹੇ 101 ਅਖੰਡ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ, ਜਿਹੜੀ 6 ਅਗਸਤ 1925 ਨੂੰ ਸਮਾਪਤ ਹੋਈ।

ਮੋਰਚੇ ਵਿਚ ਮਾਰੇ ਗਏ ਮੈਂਬਰਾਂ ਦੀਆਂ 22 ਮ੍ਰਿਤਕ ਦੇਹਾਂ ਹੀ ਦਿੱਤੀਆਂ ਗਈਆਂ, ਜਿਨ੍ਹਾਂ ਦਾ ਸਸਕਾਰ ਜੈਤੋ ਦੀ ਮਾਰਕੀਟ ਜੋ ਕਿ ਦਸਵੀਂ ਪਾਤਸ਼ਾਹੀ ਦੇ ਗੁਰਦੁਆਰਾ ਗੰਗਸਰ ਤੋਂ ਅੱਧਾ ਕਿਲੋਮੀਟਰ ਹੈ, ਵਿਖੇ ਸਸਕਾਰ ਕੀਤਾ ਗਿਆ। ਇਸ ਸਥਾਨ 'ਤੇ ਗੁਰਦੁਆਰਾ ਅੰਗੀਠਾ ਸਾਹਿਬ ਸੁਸ਼ੋਭਿਤ ਹੈ।

ਸਰਕਾਰ ਵਲੋਂ ਕੁਝ ਸ਼ਹੀਦਾਂ ਦੀਆਂ ਮ੍ਰਿਤਕ ਦੇਹਾਂ 21 ਫਰਵਰੀ 1924 ਦੀ ਰਾਤ ਨੂੰ ਇਕ ਵਿਸ਼ੇਸ਼ ਗੱਡੀ ਰਾਹੀਂ ਸਤਲੁਜ ਦਰਿਆ ਵਿਚ ਰੋੜੀਆਂ ਗਈਆਂ। 50 ਸਿੱਖ ਪੁਲਿਸ ਦੇ ਤਸ਼ਦਦ ਨਾਲ ਜੇਲ੍ਹਾਂ ਵਿਚ ਸ਼ਹੀਦ ਹੋਏ।


ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 22 ਸ਼ਹੀਦਾਂ ਵਿਚੋਂ ਕੇਵਲ 17 ਦੀ ਪਛਾਣ ਹੋ ਸਕੀ। ਇਨ੍ਹਾਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਚੀਚਾ ਭਕਨਾ ਦਾ ਜੱਸ ਸਿੰਘ, ਜ਼ਿਲ੍ਹਾ ਪਟਿਆਲਾ ਦੇ ਪਿੰਡ ਕਰਮਗੜ੍ਹ ਦਾ ਸੁੰਦਰ ਸਿੰਘ, ਫਰੀਦਕੋਟ ਜ਼ਿਲ੍ਹੇ ਦੇ ਪਿੰਡ ਲੁਭਵਾਲੀ ਦਾ ਸੁਰੈਣ ਸਿੰਘ, ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਵੰਦਰ ਦਾ ਭੁੰਮਣ ਸਿੰਘ, ਇਸੇ ਜ਼ਿਲ੍ਹੇ ਦੇ ਪਿੰਡ ਚੀਦਾ ਦਾ ਸੁੰਦਰ ਸਿੰਘ, ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਸੰਗਰਵਾਲ ਦਾ ਦੀਵਾਨ ਸਿੰਘ, ਇਸੇ ਜ਼ਿਲ੍ਹੇ ਦੇ ਪਿੰਡ ਨਮੋਲੀ ਦਾ ਹਰੀ ਸਿੰਘ, ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਕਾਲਕੇ ਦਾ ਹਰਦਿਤ ਸਿੰਘ, ਇਸੇ ਜ਼ਿਲ੍ਹੇ ਦੇ ਪਿੰਡ ਬਾਘਾ ਪੁਰਾਣਾ ਦਾ ਵਰਿਆਮ ਸਿੰਘ, ਇਸੇ ਜ਼ਿਲ੍ਹੇ ਦੇ ਪਿੰਡ ਸਮਾਲਸਰ ਦਾ ਭੁੰਮਣ ਸਿੰਘ, ਇਸੇ ਜ਼ਿਲ੍ਹੇ ਦੇ ਪਿੰਡ ਰੋਡੇ ਦਾ ਮਾਘ ਸਿੰਘ ਤੇ ਇਸੇ ਪਿੰਡ ਦਾ ਕਪੂਰ ਸਿੰਘ, ਇਸੇ ਜ਼ਿਲ੍ਹੇ ਦੇ ਪਿੰਡ ਭਲੂਰ ਦਾ ਘੁਲਾ ਸਿੰਘ, ਇਸੇ ਜ਼ਿਲ੍ਹੇ ਦੇ ਪਿੰਡ ਮੋਗਾ ਦਾ ਨੱਥਾ ਸਿੰਘ, ਜਲੰਧਰ ਜ਼ਿਲ੍ਹੇ ਦੇ ਪਿੰਡ ਮਟਕਰ ਕਲਾਂ ਦਾ ਅੱਛਰ ਸਿੰਘ, ਇਸੇ ਜ਼ਿਲ੍ਹੇ ਦੇ ਪਿੰਡ ਮਾਗਟ ਦਾ ਬਿਸ਼ਨ ਸਿੰਘ, ਜੀ ਕਲਸੀਆ ਜ਼ਿਲ੍ਹੇ ਦੇ ਪਿੰਡ ਚੜਿਕ ਦਾ ਵਧਾਵਾ ਸਿੰਘ ਸਨ।


# ਜਸਵਿੰਦਰ ਪੰਜਾਬੀ ਦਾ ਨਾਵਲ 'ਮੁਰਗਾਬੀਆਂ' ਸਮਾਜਿਕ ਤੇ ਸਾਹਿਤਕ ਗੰਧਲਾਪਣ ਦਾ ਪ੍ਰਗਟਾਵਾ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਜਸਵਿੰਦਰ ਪੰਜਾਬੀ ਨਿਵੇਕਲੀ ਕਿਸਮ ਦੇ ਵਿਸ਼ਿਆਂ 'ਤੇ ਲਿਖਣ ਵਾਲਾ ਸਾਹਿਤਕਾਰ ਹੈ। ਉਸ ਦੀਆਂ 8 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ ਤਿੰਨ ਵਾਰਤਕ, ਦੋ ਕਾਵਿ ਸੰਗ੍ਰਹਿ, ਇੱਕ ਕਹਾਣੀ ਸੰਗ੍ਰਹਿ ਸਾਰੀਆਂ ਸੰਪਾਦਿਤ ਕੀਤੀਆਂ ਪੁਸਤਕਾਂ ਅਤੇ ਇੱਕ ਮੌਲਿਕ 'ਕਾਵਿ ਸਾਂਝਾਂ' ਕਾਵਿ ਸੰਗ੍ਰਹਿ ਪ੍ਰਕਾਸ਼ਤ ਸ਼ਾਮਲ ਹਨ। ਇੱਕ ਸੱਚੀਆਂ ਘਟਨਾਵਾਂ 'ਤੇ ਆਧਾਰਿਤ ਵਾਰਤਕ ਦੀ ਪੁਸਤਕ ਪ੍ਰਕਾਸ਼ਤ ਹੋਈ ਹੈ। ਭਾਵੇਂ ਜਸਵਿੰਦਰ ਪੰਜਾਬੀ ਦਾ 'ਮੁਰਗਾਬੀਆਂ' ਪਲੇਠਾ ਨਾਵਲ ਹੈ, ਪ੍ਰੰਤੂ ਇਹ ਪੰਜਾਬੀ ਦੇ ਸਾਹਿਤਕ ਭਾਈਚਾਰੇ ਵਿਚ ਤਹਿਲਕਾ ਮਚਾਉਣ ਦੇ ਸਮਰੱਥ ਹੈ। ਇਹ ਨਾਵਲ ਪੜ੍ਹਕੇ ਲੜਕੀਆਂ/ਇਸਤਰੀਆਂ ਦਾ ਸ਼ੋਸ਼ਣ ਕਰਨ ਵਾਲੇ ਭਵਿਖ ਵਿਚ ਅਜਿਹੀਆਂ ਕਰਤੂਤਾਂ ਕਰਨ ਤੋਂ ਪਹਿਲਾਂ ਸੌ ਵਾਰ ਜ਼ਰੂਰ ਸੋਚਣਗੇ। ਲੜਕੀਆਂ/ਇਸਤਰੀਆਂ ਵੀ ਅਜਿਹੀ ਦਲਦਲ ਵਿਚ ਜਾਣ ਤੋਂ ਝਿਜਕਣਗੀਆਂ। ਇਸ ਦਾ ਭਾਵ ਤਾਂ ਇਹ ਹੋਇਆ ਕਿ ਇਹ ਨਾਵਲ ਸਮਾਜ ਦੀ ਸੋਚ ਵਿਚ ਮਹੱਤਵਪੂਰਨ ਤਬਦੀਲੀ ਲਿਆ ਸਕਦਾ ਹੈ। ਜਸਵਿੰਦਰ ਪੰਜਾਬੀ ਨੇ ਇਹ ਨਾਵਲ ਬਹੁਤ ਹੀ ਗੰਭੀਰ, ਸੰਜੀਦਾ ਅਤੇ ਨਿਵੇਕਲੇ ਵਿਸ਼ਿਆਂ ਨੂੰ ਮੁੱਖ ਰੱਖਕੇ ਲਿਖਿਆ ਹੈ। ਇਨ੍ਹਾਂ ਵਿਸ਼ਿਆਂ 'ਤੇ ਉਸਨੇ ਇਤਨੀ ਬੇਬਾਕੀ ਨਾਲ ਲਿਖਿਆ ਹੈ ਕਿ ਹੋ ਸਕਦਾ ਬਹੁਤ ਸਾਰੇ ਲੇਖਕਾਂ/ਲੋਕਾਂ ਨੂੰ ਇਸ ਵਿਚਲੀਆਂ ਗੱਲਾਂ ਚੁਭਵੀਆਂ ਵੀ ਲੱਗਣ ਕਿਉਂਕਿ ਸੱਚ ਨੂੰ ਬਰਦਾਸ਼ਤ ਕਰਨਾ ਔਖਾ ਲੱਗਦਾ ਹੁੰਦਾ ਹੈ, ਪ੍ਰੰਤੂ ਮੇਰੇ ਖਿਆਲ ਮੁਤਾਬਕ ਇੱਕ ਕਿਸਮ ਨਾਲ ਸਮਾਜਿਕ ਤੇ ਸਾਹਿਤਕ ਗੰਧਲੇਪਣ ਨੂੰ ਦੂਰ ਕਰਨ ਲਈ ਇਹ ਨਾਵਲ ਇੱਕ ਚੇਤਾਵਨੀ ਦੇ ਤੌਰ 'ਤੇ ਲਿਆ ਜਾਣਾ ਚਾਹੀਦਾ ਹੈ। ਹੋ ਸਕਦਾ ਸੰਬੰਧਤ ਲੋਕ ਆਪਣੇ ਆਪ ਨੂੰ ਸੁਧਾਰਨ ਦੀ ਕੋਸ਼ਿਸ਼ ਕਰ ਲੈਣ। ਆਮ ਤੌਰ 'ਤੇ ਜੇਕਰ ਕਿਸੇ ਗੱਲ ਵਿਚ ਥੋੜ੍ਹੀ ਬਹੁਤੀ ਸੱਚਾਈ ਹੋਵੇ ਜਾਂ ਸੱਚਾਈ ਦੇ ਨੇੜੇ-ਤੇੜੇ ਹੋਵੇ, ਤਾਂ ਉਸਦਾ ਸੇਕ ਕੁਝ ਪ੍ਰਭਾਵਤ ਲੋਕਾਂ ਨੂੰ ਜ਼ਰੂਰ ਲੱਗਦਾ ਹੈ, ਪ੍ਰੰਤੂ ਇਸ ਸੇਕ ਨੂੰ ਉਸਾਰੂ ਤੌਰ 'ਤੇ ਲੈਣਾ ਚਾਹੀਦਾ ਹੈ। ਵਰਤਮਾਨ ਸਮੇਂ ਅਜਿਹੇ ਨਾਵਲ ਦੀ ਲੋੜ ਸੀ ਕਿਉਂਕਿ ਸਮਾਜ ਦੀ ਮਾਨਸਿਕ ਅਵਸਥਾ ਬਹੁਤ ਹੀ ਨੀਵੇਂ ਪੱਧਰ 'ਤੇ ਪਹੁੰਚ ਚੁੱਕੀ ਹੈ। ਨਾਵਲ ਦਾ ਨਾਮ 'ਮੁਰਗਾਬੀਆਂ' ਇਸਤਰੀਆਂ ਲਈ ਵਰਤਿਆ ਗਿਆ, ਜਿਨ੍ਹਾਂ ਦਾ ਸ਼ੋਸ਼ਣ ਹੋ ਰਿਹਾ ਹੈ। ਸਾਰਾ ਨਾਵਲ ਸ਼ੋਸ਼ਣ ਖਾਸ ਤੌਰ 'ਤੇ ਸਾਹਿਤਕ, ਸਮਾਜਿਕ ਅਤੇ ਲੜਕੀਆਂ/ਇਸਤਰੀਆਂ ਦੇ ਸ਼ੋਸ਼ਣ ਦੇ ਆਲੇ-ਦੁਆਲੇ ਘੁੰਮਦਾ ਹੈ। ਇਹ ਸ਼ੋਸ਼ਣ ਦਿਹਾਤੀ ਅਤੇ ਸ਼ਹਿਰੀ ਦੋਹਾਂ ਖੇਤਰਾਂ ਵਿਚ ਹੋ ਰਿਹਾ ਹੈ, ਭਾਵੇਂ ਉਨ੍ਹਾਂ ਦੇ ਢੰਗ ਵੱਖਰੇ ਹਨ। ਜਸਵਿੰਦਰ ਪੰਜਾਬੀ ਖ਼ੁਦ ਇੱਕ ਸਾਹਿਤਕਾਰ ਤੇ ਪ੍ਰਕਾਸ਼ਕ ਹੈ, ਹੋ ਸਕਦਾ ਉਸਨੂੰ ਸਾਹਿਤਕਾਰਾਂ ਅਤੇ ਪ੍ਰਕਾਸ਼ਕਾਂ ਵੱਲੋਂ ਪੁਸਤਕਾਂ ਪ੍ਰਕਾਸ਼ਤ ਕਰਵਾਉਣ ਲਈ ਵਰਤੇ ਜਾਂਦੇ ਹੱਥਕੰਡਿਆਂ ਬਾਰੇ ਵਧੇਰੇ ਸਾਰਥਿਕ ਜਾਣਕਾਰੀ ਹੋਵੇ, ਇਸ ਕਰਕੇ ਹੀ ਉਸ ਨੇ ਬੜੀ ਬਾਰੀਕੀ ਨਾਲ ਸਾਹਿਤਕ ਖੇਤਰ ਵਿਚ ਉਭਰਦੀਆਂ ਨੌਜਵਾਨ ਲੜਕੀਆਂ ਨੂੰ ਅਖ਼ਬਾਰਾਂ/ਰਸਾਲਿਆਂ/ਪੁਸਤਕਾਂ ਵਿਚ ਛਪਣ/ਪ੍ਰਕਾਸ਼ਤ ਕਰਵਾਉਣ ਅਤੇ ਇਨਾਮ ਦਿਵਾਉਣ ਦੇ ਲਈ ਪੁਸਤਕਾਂ 'ਤੇ ਚਰਚਾਵਾਂ ਕਰਵਾਕੇ, ਖ਼ਬਰਾਂ ਲਗਵਾ ਕੇ ਲੋਕ ਆਪਣੇ ਜਾਲ ਵਿਚ ਫਸਾ ਲੈਂਦੇ ਹੋਣ। ਲੜਕੀਆਂ/ਇਸਤਰੀਆਂ ਦੀਆਂ ਮਜਬੂਰੀਆਂ ਅਤੇ ਜਲਦੀ ਸਥਾਪਤ ਹੋਣ ਦੀ ਲਾਲਸਾ ਉਨ੍ਹਾਂ ਦੇ ਭੰਬਲਭੂਸੇ ਵਿਚ ਪੈਣ ਦਾ




ਕਾਰਨ ਬਣਦੀਆਂ ਹਨ। ਅਜਿਹੇ ਮੌਕੇ 'ਤੇ ਉਹ ਇੱਕ ਦੂਜੀ ਨੂੰ ਅਖੌਤੀ ਸਾਹਿਤਕਾਰਾਂ ਵੱਲੋਂ ਆਪਣੀ ਦੋਸਤ ਬਣਾਉਣ 'ਤੇ ਉਨ੍ਹਾਂ ਨਾਲ ਖ਼ਾਰ ਵੀ ਖਾਂਦੀਆਂ ਹਨ। ਸਮਾਜ ਦੇ ਹਰ ਵਰਗ ਵਿਚ ਚੰਗੇ ਤੇ ਮਾੜੇ ਦੋਵੇਂ ਤਰ੍ਹਾਂ ਦੇ ਬੰਦੇ ਹੁੰਦੇ ਹਨ। ਜਿਵੇਂ ਗੁਰਿੰਦਰ ਪਾਲ ਜ਼ਖ਼ਮੀ, ਦਵਿੰਦਰ ਪ੍ਰਵਾਨਾ, ਪ੍ਰੀਤਮ ਦਰਦੀ, ਪ੍ਰੋ. ਤਰਵਿੰਦਰ ਅਲੌਕਿਕ, ਪਰਿੰਦਾ, ਰੂਪ, ਪ੍ਰੋਫ਼ੈਸਰ ਗੁਰਮੇਲ, ਬਹਾਦਰ ਸਿੰਘ ਸਿੱਧੂ, ਰਾਮਿੰਦਰ ਰਮਨ, ਕਿਰਨ ਜੋਤੀ, ਪ੍ਰੀਤਜੀਤ ਵਰਗੇ ਬੁਰੇ ਕਿਰਦਾਰ ਵਾਲੇ ਤੇ ਰਿਖੀਦੇਵ ਤੇ ਪ੍ਰੀਤਜੀਤ ਭਰਾ ਭੈਣ ਦੇ ਰਿਸ਼ਤੇ ਅਧੀਨ ਅਜਿਹੇ ਪਵਿੱਤਰ ਰਿਸ਼ਤੇ ਨੂੰ ਦਾਗ਼ਦਾਰ ਕਰਨ ਵਾਲੇ। ਇਸ ਦੇ ਮੁਕਾਬਲੇ ਜੀਵਨ ਵਾਰਸੀ, ਮਨਦੀਪ, ਗੁਰਕੀਰਤ ਤੇ ਗੁਰਨੈਬ ਵਰਗੇ ਚੰਗੇ ਕਿਰਦਾਰ ਵਾਲੇ ਲੋਕ ਵੀ ਹੁੰਦੇ ਹਨ। ਇਹ ਪਹਿਲਾਂ ਸੁਣੀਂਦਾ ਸੀ ਕਿ ਸਾਹਿਤਕਾਰ ਦੋਹਰੇ ਕਿਰਦਾਰ ਵਾਲੇ ਠਰਕੀ ਹੁੰਦੇ ਹਨ। ਉਹ ਵਿਖਾਵਾ ਕੁਝ ਹੋਰ ਕਰਦੇ ਹਨ ਪ੍ਰੰਤੂ ਅਮਲੀ ਤੌਰ 'ਤੇ ਬਿਲਕੁਲ ਉਲਟ ਹੁੰਦੇ ਹਨ। ਇਹ ਨਾਵਲ ਪੜ੍ਹਕੇ ਕਾਫੀ ਨਵੀਂ ਜਾਣਕਾਰੀ ਮਿਲੀ ਹੈ। ਗ਼ਲਤ ਸੋਚ ਵਾਲੇ ਮਾੜੇ ਬੰਦੇ ਕੰਮ ਵੀ ਮਾੜੇ ਕਰਦੇ ਹਨ ਪ੍ਰੰਤੂ ਸਿਆਸੀ ਪਹੁੰਚ ਕਰਕੇ ਉਹ ਫਸਦੇ ਵੀ ਨਹੀਂ, ਸਗੋਂ ਆਪਣਾ ਬਚਾਅ ਵੀ ਕਰ ਲੈਂਦੇ ਹਨ। ਨਾਵਲ ਪੜ੍ਹਕੇ ਸੱਚ ਲੱਗਣ ਲੱਗਿਆ ਕਿ ਇਹ ਸਮਾਜ ਲਈ ਕਲੰਕ ਹੁੰਦੇ ਹਨ। ਜਸਵਿੰਦਰ ਪੰਜਾਬੀ ਨੇ ਦੋਹਾਂ ਦਾ ਪਰਦਾਫਾਸ਼ ਕੀਤਾ ਹੈ। ਕੁਝ ਕੁ ਸਾਹਿਤਕਾਰਾਂ ਦੀ ਧੜੇਬੰਦੀ, ਸ਼ਰਾਬ ਦੀ ਆਦਤ ਅਤੇ ਲੜਕੀਆਂ/ਇਸਤਰੀਆਂ ਦੇ ਸ਼ੋਸ਼ਣ ਕਰਨ ਨੂੰ ਵੀ ਉਛਾਲਿਆ ਗਿਆ ਹੈ, ਜੋ ਸਮੁੱਚੇ ਵਰਗ ਦੀ ਬਦਨਾਮੀ ਦਾ ਕਾਰਨ ਬਣਦੇ ਹਨ। ਸਾਰੇ ਭਾਵੇਂ ਮਾੜੇ ਨਹੀਂ ਹੁੰਦੇ ਪ੍ਰੰਤੂ ਜਿਵੇਂ ਇੱਕ ਮੱਛੀ ਸਾਰੇ ਤਲਾਅ ਨੂੰ ਗੰਦਾ ਕਰਨ ਦੀ ਸਮਰੱਥਾ ਰੱਖਦੀ ਹੁੰਦੀ ਹੈ, ਏਸੇ ਤਰ੍ਹਾਂ ਇਹ ਲੋਕ ਸਮੁੱਚੇ ਭਾਈਚਾਰੇ ਨੂੰ ਬਦਨਾਮ ਕਰਦੇ ਹਨ। ਨਾਵਲ ਵਿਚ ਦਰਸਾਇਆ ਗਿਆ ਹੈ ਕਿ ਪ੍ਰਵਾਸੀ ਸਾਹਿਤਕ ਲੋਕਾਂ ਦਾ ਇਹ ਲੋਕ ਨਾਜਾਇਜ਼ ਲਾਭ ਵੀ ਉਠਾਕੇ ਆਪਣੀ ਹਵਸ ਦੀ ਪੂਰਤੀ ਕਰਦੇ ਹਨ। ਸਾਹਿਤਕ ਲੜਕੀਆਂ/ਇਸਤਰੀਆਂ ਦੀਆਂ ਰੁਚੀਆਂ ਦੀ ਸਮਾਨਤਾ ਵੀ ਦਰਸਾਈ ਗਈ ਹੈ। ਜਸਵਿੰਦਰ ਪੰਜਾਬੀ ਨੇ ਸਾਹਿਤਕ ਤੇ ਸਮਾਜਿਕ ਗੰਧਲੇਪਣ ਦਾ ਕੱਚਾ ਚਿੱਠਾ ਸਾਹਮਣੇ ਲਿਆ ਦਿੱਤਾ ਹੈ। ਫੇਸ ਬੁੱਕੀ ਸਾਹਿਤਕਾਰਾਂ ਦੀ ਅਨੋਖੀ ਦੁਨੀਆਂ ਹੁੰਦੀ ਹੈ, ਜਿਹੜੀ ਅਸਲੀਅਤ ਤੋਂ ਬਹੁਤ ਦੂਰ ਹੁੰਦੀ ਹੈ, ਉਸਦਾ ਪ੍ਰਗਟਾਵਾ ਵੀ ਕੀਤਾ ਗਿਆ ਹੈ। ਡੇਰਿਆਂ ਵਾਲੇ ਪਰਿਵਾਰ ਵੀ ਆਪਸੀ ਸਾਂਝ, ਇੱਕੋ ਡੇਰੇ ਦੇ ਸਮਰਥਕ ਹੋਣ ਕਰਕੇ ਵਧਾ ਲੈਂਦੇ ਹਨ ਤੇ ਫਿਰ ਲੜਕੀਆਂ/ਇਸਤਰੀਆਂ ਦਾ ਸ਼ੋਸ਼ਣ ਕਰਦੇ ਹਨ। ਨਾਵਲਕਾਰ ਨੇ ਉਨ੍ਹਾਂ ਦੇ ਪਰਦੇ ਫਾਸ਼ ਕਰਨ ਦੀ ਵੀ ਹਿੰਮਤ ਕੀਤੀ ਹੈ। ਨਾਵਲਕਾਰ ਨੇ ਲੜਕੀਆਂ/ਇਸਤਰੀਆਂ ਦੇ ਦੋਵੇਂ ਰੂਪ ਦਰਸਾਏ ਹਨ, ਗ਼ਲਤ ਰਸਤੇ ਪਈਆਂ ਇਸਤਰੀਆਂ ਦੀ ਬਗ਼ਾਵਤ ਵੀ ਖ਼ੂੰਖ਼ਾਰ ਵਿਖਾਈ ਹੈ। ਫਿਰ ਉਹ ਹਰ ਹੱਦ ਬੰਨ੍ਹਾ ਪਾਰ ਕਰਨ ਲਈ ਝਿਜਕਦੀਆਂ ਨਹੀਂ, ਜਿਵੇਂ ਰਮਿੰਦਰ ਰਮਨ ਅਤੇ ਕਿਰਨ ਜੋਤੀ ਕਰਦੀਆਂ ਹਨ। ਪੜ੍ਹੇ-ਲਿਖੇ ਲੋਕਾਂ ਦਾ ਜਾਤ-ਪਾਤ ਦੇ ਜੰਜ਼ਾਲ ਵਿਚ ਫਸੇ ਹੋਣ ਬਾਰੇ ਵੀ ਲਿਖਿਆ ਹੈ। ਸਮਾਜ ਸੁਧਾਰਨ ਦਾ ਹੋਕਾ ਦੇਣ ਵਾਲੇ ਮਖੌਟੇ ਪਾਈ ਫਿਰਦੇ ਹਨ। ਸਾਹਿਤ ਸਭਾਵਾਂ ਦੀਆਂ ਮੀਟਿੰਗਾਂ ਵਿਚ ਕਵਿਤਰੀਆਂ ਦੀਆਂ ਪੁਸਤਕਾਂ ਦੀ ਘੁੰਡ ਚੁਕਾਈ ਅਤੇ ਉਥੇ ਕਵਿਤਰੀਆਂ ਅਤੇ ਸਾਹਿਤਕਾਰਾਂ ਦੀ ਇੱਕ ਦੂਜੇ ਬਾਰੇ ਚੁੰਝ ਚਰਚਾ ਤੇ ਚੋਚਲੇ ਵੀ ਅਸਲੀਅਤ ਦੇ ਕਾਫੀ ਨੇੜੇ-ਤੇੜੇ ਹਨ। ਕਿਸ ਤਰ੍ਹਾਂ ਕਵਿਤਰੀਆਂ ਨੂੰ ਸਥਾਪਤ ਕਰਨ ਲਈ ਪੇਪਰ ਪੜ੍ਹੇ ਜਾਂਦੇ ਹਨ ਅਤੇ ਕਿਵੇਂ ਉਨ੍ਹਾਂ ਨੂੰ ਫੁਸਲਾਉਣ ਦੇ ਢੰਗ ਵਰਤੇ ਜਾਂਦੇ ਹਨ। ਨਾਵਲ ਵਿਚ ਸ਼ਬਦਾਵਲੀ ਠੇਠ ਦਿਹਾਤੀ ਹੈ, ਜਿਹੜੇ ਸ਼ਬਦ ਆਮ ਤੌਰ 'ਤੇ ਵਰਤੇ ਨਹੀਂ ਜਾਂਦੇ ਤੇ ਵਰਜਿਤ ਵੀ ਹੁੰਦੇ ਹਨ ਪ੍ਰੰਤੂ ਵਰਤੇ ਜਾਂਦੇ ਹਨ। ਉਹ ਸ਼ਬਦਾਵਲੀ ਥੋੜ੍ਹੀ ਅਸੱਭਿਆ ਵੀ ਲੱਗਦੀ ਹੈ। ਇਹ ਨਾਵਲ ਦਿਹਾਤੀ ਤੇ ਸ਼ਹਿਰੀ ਸੱਭਿਆਚਾਰ ਦਾ ਸੁਮੇਲ ਹੈ। ਕਾਲਜਾਂ ਵਿਚ ਮੁੰਡੇ ਕੁੜੀਆਂ ਦੀਆਂ ਟੋਲੀਆਂ ਕਿਵੇਂ ਹਾਸੇ ਠੱਠੇ ਕਰਦਿਆਂ ਬੇਬਾਕੀ ਨਾਲ ਕੁਮੈਂਟ ਕਰਦੀਆਂ ਤੇ ਫਿਰ ਫਸ ਫਸਾ ਜਾਂਦੀਆਂ ਹਨ। ਪਿਆਰ ਮੁਹੱਬਤ ਵਿਚ ਰੰਗ ਰੂਪ ਤੇ ਅਮੀਰ ਗ਼ਰੀਬ ਨਹੀਂ ਵੇਖਿਆ ਜਾਂਦਾ, ਜਿਵੇਂ ਗੁਰਕੀਰਤ ਸੋਹਣੀ ਸੁਨੱਖੀ ਅਮੀਰਜ਼ਾਦੀ ਨੇ ਜੀਵਨ ਵਾਰਸੀ ਨਾਲ ਉਸਦਾ ਕਾਲਾ ਰੰਗ ਤੇ ਗ਼ਰੀਬੀ ਦੇ ਬਾਵਜੂਦ ਪਿਆਰ ਦੀ ਪੀਂਘ ਪਾ ਲਈ। ਇਥੇ ਇਹ ਵੀ ਦਰਸਾਇਆ ਗਿਆ ਹੈ ਕਿ ਪਿੰਡਾਂ ਦੇ ਲੋਕ ਸ਼ਰੀਕੇ ਦੇ ਮੁਕਾਬਲੇ ਆਰਥਿਕ ਸਮਰੱਥ ਨਾ ਹੋਣ ਦੇ ਬਾਵਜੂਦ ਬਰਾਬਰੀ ਕਰਦੇ ਹਨ, ਜਿਵੇਂ ਜੀਵਨ ਵਾਰਸੀ ਦੇ ਦਾਦੇ ਨੇ ਜ਼ਮੀਨ ਵੇਚਕੇ ਵਿਆਹ ਵਿਚ ਦਾਜ ਦਿੱਤਾ। ਨਾਵਲਕਾਰ ਨੇ ਪੰਜਾਬੀ ਇੰਟਰਨੈਸ਼ਨਲ ਕਾਨਫ਼ਰੰਸਾਂ ਵਿਚ ਸਿਫ਼ਾਰਸ਼ੀ ਗ਼ੈਰ ਸਾਹਿਤਕਾਰਾਂ ਦੇ ਜਾਣ ਅਤੇ ਵਿਦੇਸ਼ਾਂ ਵਿਚ ਅਨੈਤਿਕ ਕੰਮ ਕਰਨ ਬਾਰੇ ਵੀ ਲਿਖਿਆ ਹੈ। ਪੰਜਾਬੀ ਕਾਨਫ਼ਰੰਸਾਂ ਦੀ ਆੜ ਵਿਚ ਸਿਰਫ ਸੈਰ ਸਪਾਟਾ ਹੀ ਹੁੰਦਾ ਹੈ। ਇਸ ਨਾਵਲ ਨੂੰ ਸਮਾਜਿਕ ਸਰੋਕਾਰਾਂ ਨਾਲ ਵੀ ਜੋੜਿਆ ਜਾ ਸਕਦਾ ਹੈ ਕਿਉਂਕਿ ਨਾਵਲਕਾਰ ਨੇ ਨਾਵਲ ਵਿਚ ਨਸ਼ਿਆਂ ਦੇ ਪ੍ਰਕੋਪ, ਪ੍ਰਵਾਸ ਵਿਚ ਜਾਣ ਦੀ ਦੌੜ, ਏਡਜ਼, ਬੇਰੋਜ਼ਗਾਰੀ, ਪੜ੍ਹੇ-ਲਿਖੇ ਲੋਕਾਂ ਦੀ ਪਿਛਾਂਹ ਖਿੱਚੂ ਸੋਚ, ਭ੍ਰਿਸ਼ਟਾਚਾਰ ਅਤੇ ਲੜਕੀਆਂ ਨੂੰ ਪਿਆਰ ਵਿਆਹ ਕਰਾਉਣ ਤੋਂ ਰੋਕਣ ਦੀ ਪ੍ਰਵਿਰਤੀ ਆਦਿ ਵਿਸ਼ਿਆਂ ਨੂੰ ਬਾਖ਼ੂਬੀ ਨਾਲ ਛੋਹਿਆ ਗਿਆ ਹੈ। ਨਾਵਲਕਾਰ ਨੇ ਪੀ.ਐੱਚ.ਡੀ. ਕਰਨ ਵਾਲੀਆਂ ਲੜਕੀਆਂ ਨਾਲ ਗਾਈਡਾਂ ਵੱਲੋਂ ਕੀਤੇ ਜਾਂਦੇ ਵਿਵਹਾਰ ਬਾਰੇ ਵੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਸਾਹਿਤਕਾਰ ਆਪਣੀ ਹਵਸ ਪੂਰੀ ਕਰਨ ਲਈ ਐੱਚ.ਆਈ.ਵੀ. ਵਰਗੀ ਭਿਆਨਕ ਬਿਮਾਰੀ ਬਾਰੇ ਸੋਚਦੇ ਨਹੀਂ ਪ੍ਰੰਤੂ ਜਦੋਂ ਰਾਮਿੰਦਰ ਰਮਨ ਦੇ ਪਤੀ ਵਿਕਰਮ ਦੀ ਐੱਚ.ਆਈ.ਵੀ. ਦੀ ਬਿਮਾਰੀ ਨਾਲ ਮੌਤ ਹੋ ਜਾਂਦੀ ਹੈ ਤੇ ਰਾਮਿੰਦਰ ਰਮਨ ਦੇ ਵੀ ਐੱਚ.ਆਈ.ਵੀ. ਦੀ ਬਿਮਾਰੀ ਬਾਰੇ ਪਤਾ ਚਲਦਾ ਹੈ ਤਾਂ ਫਿਰ ਮੌਤ ਸਾਹਮਣੇ ਵਿਖਾਈ ਦਿੰਦੀ ਹੈ ਤੇ ਉਦੋਂ ਸਮਾਜਿਕ ਬਦਨਾਮੀ ਯਾਦ ਆਉਂਦੀ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਭਵਿਖ ਵਿਚ ਜਸਵਿੰਦਰ ਪੰਜਾਬੀ ਹੋਰ ਵਧੀਆ ਪੁਸਤਕ ਵੀ ਦੇਵੇਗਾ।

216 ਪੰਨਿਆਂ, 200 ਰੁਪਏ ਕੀਮਤ ਵਾਲੀ ਇਹ ਪੁਸਤਕ ਜੇ.ਪੀ. ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤੀ ਹੈ।

**ਸੰਪਰਕ ਜਸਵਿੰਦਰ ਪੰਜਾਬੀ :**
**9781414118**

# ਸੋਹਣੇ ਤੇ ਸੁਚੱਜੇ ਬੋਲਾਂ ਵਾਲਿਆਂ ਦਾ ਕਰੋ ਸੰਗ

ਸੰਜੀਵ ਸਿੰਘ ਸੈਣੀ
ਮੋਹਾਲੀ
78889-66168
ਪੰਜਾਬ ਮੇਲ USA



ਸੋਹਣੇ ਤੇ ਨਰੋਏ ਵਿਚਾਰਾਂ ਨਾਲ ਹਮੇਸ਼ਾ ਮਨੁੱਖੀ ਮਨ ਤਰੋ-ਤਾਜ਼ਾ ਮਹਿਸੂਸ ਕਰਦਾ ਹੈ। ਜੇ ਦਿਲ ਵਿਚ ਧਾਰ ਲਿਆ ਕਿ ਮੈਂ ਇਹ ਕੰਮ ਕਰਨਾ ਹੈ, ਤਾਂ ਅਸੀਂ ਮਨ ਚਾਹਿਆ ਟੀਚਾ ਹਾਸਲ ਕਰ ਸਕਦੇ ਹਾਂ। ਆਹੀਂ ਦਿਲ ਸਾਨੂੰ ਗਲਤ ਰਾਹਾਂ 'ਤੇ ਵੀ ਕਈ ਵਾਰ ਤੋਰ ਦਿੰਦਾ ਹੈ। ਇਹ ਹੁਣ ਸਾਡੇ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਹੜੇ ਰਾਹ ਵੱਲ ਵੱਧਣਾ ਹੈ। ਕੁੱਝ ਨਵਾਂ ਕਰਨ ਤੋਂ ਪਹਿਲਾਂ ਜਾਂ ਬੋਲਣ ਤੋਂ ਪਹਿਲਾਂ ਸੋਚ ਵਿਚਾਰ ਹਰ ਲੈਣਾ ਚਾਹੀਦਾ ਹੈ। ਅਕਸਰ ਸਿਆਣੇ ਕਹਿੰਦੇ ਵੀ ਹਨ ਕਿ ਪਹਿਲਾ ਤੋਲੋ, ਫਿਰ ਬੋਲੋ। ਕਮਾਨੋ ਨਿਕਲਿਆ ਤੀਰ ਅਤੇ ਮੂੰਹੋਂ ਨਿਕਲੇ ਸ਼ਬਦ ਕਦੇ ਵੀ ਵਾਪਸ ਨਹੀਂ ਆਉਂਦੇ। ਅਕਸਰ ਕਹਿ ਵੀ ਦਿੱਤਾ ਜਾਂਦਾ ਹੈ ਕਿ ਇਹ ਜ਼ੁਬਾਨ ਤੁਹਾਨੂੰ ਅਰਸ਼ ਤੋਂ ਫਰਸ਼ ਜਾਂ ਫਰਸ਼ ਤੋਂ ਅਰਸ਼ ਤੱਕ ਲੈ ਜਾਂਦੀ ਹੈ। ਇਨ੍ਹਾਂ ਸਾਰੀਆਂ ਗੱਲਾਂ ਦਾ ਭਾਵ ਇਹੀ ਹੈ ਕਿ ਤੁਹਾਡੀ ਬੋਲ ਬਾਣੀ ਵਿਚ ਮਿਠਾਸ ਹੋਣੀ ਬਹੁਤ ਜ਼ਰੂਰੀ ਹੈ। ਇਹ ਬੋਲਬਾਣੀ ਤੁਹਾਡੇ ਮਿੱਤਰ ਜਾਂ ਦੁਸ਼ਮਣ ਬਣਾਉਣ ਲਈ ਕਾਫ਼ੀ ਹੁੰਦੀ ਹੈ। ਅਕਸਰ ਕਈ ਵਾਰ ਅਸੀਂ ਇਨਾ ਬੇਤੁਕਾ ਬੋਲ ਦਿੰਦੇ ਹਾਂ ਕਿ ਸਾਡੇ ਨੇੜੇ ਕੋਈ ਖੜਦਾ ਵੀ ਨਹੀਂ ਹੈ। ਸਿਆਣੇ ਕਹਿੰਦੇ ਵੀ ਹਨ ਕਿ ਤਲਵਾਰ ਦਾ ਜ਼ਖ਼ਮ ਤਾਂ ਭਰ ਜਾਂਦਾ ਹੈ, ਪਰ ਜੋ ਬੋਲ ਬੋਲੇ ਹੁੰਦੇ ਹਨ, ਉਹ ਹਮੇਸ਼ਾ ਯਾਦ ਰਹਿੰਦੇ ਹਨ। ਮੂੰਹੋਂ ਕੱਢਣ ਤੋਂ ਪਹਿਲਾਂ ਹਰ ਗੱਲ 'ਤੇ ਵਿਚਾਰ ਜ਼ਰੂਰ ਕਰ ਲੈਣਾ ਚਾਹੀਦਾ ਹੈ। ਜਿੱਥੇ ਬੈਠੇ ਹੋਵੋ, ਉੱਥੇ ਪਹਿਲਾਂ ਸਾਰਿਆਂ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣੋ, ਜਦੋਂ ਤੱਕ ਤੁਹਾਨੂੰ ਕਿਹਾ ਨਾ ਜਾਏ, ਉਦੋਂ ਤੱਕ ਆਪਣਾ ਮੂੰਹ ਬੰਦ ਹੀ ਰੱਖੋ।

ਕਹਿੰਦੇ ਵੀ ਹਨ ਕਿ ਜ਼ੁਬਾਨ ਵਿਚ ਕੋਈ ਹੱਡੀ ਨਹੀਂ ਹੁੰਦੀ, ਪਰ ਇਹੀ ਜ਼ੁਬਾਨ ਕਈਆਂ ਦੀ ਹੱਡੀਆਂ ਤੱਕ ਤੁੜਵਾ ਦਿੰਦੀ ਹੈ। ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ, ਉਨ੍ਹਾਂ ਦੀ ਅੱਖਾਂ ਬਹੁਤ ਕੁਝ ਸਮਝਾ ਜਾਂਦੀਆਂ ਹਨ। ਉਹ ਨਾ ਮਾਤਰ ਬੋਲਦੇ ਹਨ। ਜਦੋਂ ਅਸੀਂ ਕਿਤੇ ਬੈਠੇ ਹੁੰਦੇ ਹਾਂ, ਚਾਰ ਬੰਦਿਆਂ ਵਿਚ ਬੈਠਦੇ ਹਾਂ, ਤਾਂ ਸਾਡੀ ਸ਼ਖ਼ਸੀਅਤ ਦਾ ਝੱਟ ਪਤਾ ਚੱਲ ਜਾਂਦਾ ਹੈ ਕਿ ਇਨਸਾਨ ਨੂੰ ਬੋਲ ਬਾਣੀ ਦੀ ਕਿੰਨੀ ਕੁ ਲਿਆਕਤ ਹੈ। ਬੋਲੋ ਜ਼ਰੂਰ! ਪਰ ਇੰਨਾ ਵੀ ਬੇਤੁਕਾ ਨਾ ਬੋਲੋ ਕਿ ਸਾਰੇ ਉੱਥੇ ਬੈਠੇ ਲੋਕ ਤੁਹਾਡੇ ਚੁੱਪ ਰਹਿਣ ਦਾ ਇੰਤਜ਼ਾਰ ਕਰਨ। ਗੁਰੂ ਸਾਹਿਬ ਜੀ ਨੇ ਵੀ ਫਰਮਾਇਆ ਹੈ ਕਿ ਸੰਵਾਦ ਨਾਲ ਹੀ ਜੀਵਨ ਜਾਂਚ ਆਉਂਦੀ ਹੈ। ਸਾਡੀ ਬੋਲ ਬਾਣੀ ਵਿਚ ਮਿਠਾਸ ਹੋਣੀ ਚਾਹੀਦੀ ਹੈ। ਕੌੜਾ ਜਾਂ ਮਾੜੇ ਬੋਲ ਬੋਲਣ ਨਾਲ ਸਾਡੇ ਨੇੜੇ ਕੋਈ ਖੜਦਾ ਵੀ ਨਹੀਂ ਹੈ। ਸਾਡੇ ਬੋਲ ਅਜਿਹੇ ਹੋਣੇ ਚਾਹੀਦੇ ਹਨ, ਜੋ ਦੁਖੀ ਮਨਾਂ ਵਿਚ ਠੰਡ ਵਰਤਾਉਣ, ਭਾਵ ਰਿਸਦੇ ਜ਼ਖ਼ਮਾਂ 'ਤੇ ਜਿਸ ਤਰ੍ਹਾਂ ਹਲਦੀ ਦਾ ਲੇਪ ਲਗਾਉਂਦੇ ਹਨ, ਉਸ ਤਰ੍ਹਾਂ ਦੇ ਸਾਡੇ ਬੋਲ ਹੋਣੇ ਚਾਹੀਦੇ ਹਨ। ਪਹਿਲਾਂ ਸਾਹਮਣੇ ਵਾਲੀ ਦੀ ਗੱਲ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ। ਗੱਲ ਨੂੰ ਕਦੇ ਵੀ ਵਿਚ ਨਹੀਂ ਕੱਟਣਾ ਚਾਹੀਦਾ। ਹਰ ਇਨਸਾਨ ਨੂੰ ਇਸ ਧਰਤੀ 'ਤੇ ਰਹਿਣ ਦਾ ਹੱਕ ਹੈ। ਇਕੱਲੇ ਮਨੁੱਖੀ ਜਾਮੇ ਨੇ ਹੀ ਇੱਥੇ ਰਜਿਸਟਰੀ ਨਹੀਂ ਕਰਵਾ ਲਈ ਹੈ। ਕਿਸੇ ਨੂੰ ਤੰਗ ਪਰੇਸ਼ਾਨ ਕਰਕੇ ਅਸੀਂ ਕਦੇ ਵੀ ਸੁੱਖ ਪ੍ਰਾਪਤ ਨਹੀਂ ਕਰ ਸਕਦੇ। ਸਮਾਜ ਵਿਚ ਸਾਡਾ ਕੀ ਕਰਤੱਵ ਹੈ, ਇਹ ਸਾਨੂੰ ਪਤਾ ਹੋਣਾ ਚਾਹੀਦਾ ਹੈ। ਸਾਡੀ ਬੋਲ ਬਾਣੀ ਆਦਰ ਮਾਣ-ਸਤਿਕਾਰ ਵਾਲੀ ਹੋਣੀ ਚਾਹੀਦੀ ਹੈ। ਦੇਖੋ! ਇਸ ਦੇ ਸਾਨੂੰ ਕੋਈ ਖਰਚਾ ਵੀ ਨਹੀਂ ਕਰਨਾ ਪੈਂਦਾ। ਸਾਡੀ ਸੰਗਤ ਕਿਹੋ ਜਿਹੀ ਹੈ, ਇਹ ਬਹੁਤ ਜ਼ਿਆਦਾ ਨਿਰਭਰ ਕਰਦਾ ਹੈ। ਮਾੜੀ ਸੰਗਤ ਵਿਚ ਰਹਿ ਕੇ ਅਸੀਂ ਮਾੜੀ ਗੱਲਾਂ ਹੀ ਸਿੱਖਦੇ ਹਾਂ। ਜੈਸੀ ਸੰਗਤ ਕਰਾਂਗੇ, ਸਾਡੇ 'ਤੇ ਵੈਸਾ ਹੀ ਰੰਗ ਚੜ੍ਹੇਗਾ। ਇਸ ਕਰਕੇ ਸੋਹਣੇ ਤੇ ਚੰਗੇ ਬੋਲਾਂ ਵਾਲੇ ਦੋਸਤਾਂ ਵਿਚ ਬੈਠਣਾ ਚਾਹੀਦਾ ਹੈ। ਚੰਗੇ ਲੋਕਾਂ ਦੇ ਸੰਗ ਨਾਲ ਤੁਹਾਡੀ ਬੋਲ ਬਾਣੀ ਵਿਚ ਬਹੁਤ ਜ਼ਿਆਦਾ ਰਸ ਭਰ ਜਾਵੇਗਾ।

## ਇਕ ਸੱਚੀ ਘਟਨਾ-ਕਹਾਣੀ

# ਇਕ ਯਾਦ ਸਤਾਵੇ ਕਦੀ-ਕਦੀ

ਬਲਵਿੰਦਰ ਬਾਲਮ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ: 98156-25409
ਪੰਜਾਬ ਮੇਲ USA



ਐੱਨ.ਆਈ.ਐੱਸ. ਪਟਿਆਲਾ। ਇਸ ਸਥਾਨ ਵਿਖੇ ਐਥਲੈਟਿਕਸ ਅਤੇ ਖੇਡਾਂ ਦੇ ਸਾਰੇ ਕੋਰਸ ਕਰਵਾਏ ਜਾਂਦੇ ਹਨ, ਜਿਸ ਨੂੰ ਐੱਨ.ਆਈ.ਐੱਸ. ਕਹਿੰਦੇ ਹਨ। ਇੱਥੋਂ ਖੇਡਾਂ ਦੇ ਕੋਚ ਬਣ ਕੇ ਨਿਕਲਦੇ ਹਨ। ਇਸ ਸਥਾਨ ਵਿਖੇ ਹੀ ਖੇਡਾਂ ਅਤੇ ਐਥਲੈਟਿਕਸ ਦੇ ਨੈਸ਼ਨਲ ਅਤੇ ਇੰਟਰਨੈਸ਼ਨਲ ਕੋਚਿੰਗ ਕੈਂਪ ਵੀ ਲੱਗਦੇ ਹਨ। ਇੱਥੇ ਦੇਸ਼ ਦੇ ਬਿਹਤਰੀਨ ਖਿਡਾਰੀ ਤਿਆਰ ਕੀਤੇ ਜਾਂਦੇ ਹਨ। ਭਾਰਤ ਦੀ ਸਭ ਤੋਂ ਮਸ਼ਹੂਰ ਖੇਡ ਟ੍ਰੇਨਿੰਗ ਸੰਸਥਾ ਹੈ ਇਹ।

ਗਿਆਨੀ ਬਾਸਕਟਬਾਲ ਦਾ ਨੈਸ਼ਨਲ ਖਿਡਾਰੀ ਸੀ। ਜ਼ਿਲ੍ਹੇ ਦੀ ਟੀਮ ਦਾ ਹਰ ਵਾਰੀ ਕਪਤਾਨ ਬਣਦਾ। ਉਹ ਕਈ ਜੂਨੀਅਰ ਨੈਸ਼ਨਲ ਖੇਡ ਚੁੱਕਾ ਸੀ ਅਤੇ ਹੁਣ ਉਹ ਸੀਨੀਅਰ ਨਾਰਥ ਜ਼ੋਨ ਟੂਰਨਾਮੈਂਟ ਦੀ ਟੀਮ ਲਈ ਕੋਚਿੰਗ ਲੈਣ ਲਈ ਪਟਿਆਲਾ ਆਇਆ ਸੀ। ਇੱਥੋਂ ਇਸ ਕੋਚਿੰਗ ਕੈਂਪ ਵਿਚ ਲਗਭਗ ਸੋਲ੍ਹਾਂ ਖਿਡਾਰੀ ਸੀ, ਜਿਨ੍ਹਾਂ 'ਚੋਂ ਬਾਰ੍ਹਾਂ ਖਿਡਾਰੀਆਂ ਦੀ ਚੋਣ ਹੋਈ ਸੀ। ਬਹੁਤ ਸਖ਼ਤ ਮੁਕਾਬਲਾ ਸੀ। ਗਿਆਨੀ ਇਸ ਕੈਂਪ ਵਿਚ ਸਭ ਤੋਂ ਛੋਟੀ ਉਮਰ ਦਾ ਖਿਡਾਰੀ ਸੀ ਪਰ ਸਭ ਤੋਂ ਤੇਜ਼ ਤਰਾਰ। ਅਜੇ ਉਹ ਗਿਆਰ੍ਹਵੀਂ ਕਲਾਸ ਵਿਚ ਹੀ ਪੜ੍ਹਦਾ ਸੀ। ਗਿਆਨੀ ਆਪਣੇ ਸ਼ਹਿਰ ਤੋਂ ਇਸ ਕੈਂਪ ਵਿਚ ਇਕੱਲਾ ਹੀ ਸੀ। ਬਾਕੀ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚੋਂ ਕਈ ਖਿਡਾਰੀ ਸਨ। ਇਸ ਕੈਂਪ ਵਿਚ ਬੀ.ਐੱਸ.ਐੱਫ. ਅਤੇ ਪੁਲਿਸ ਦੇ ਜਵਾਨ ਵੀ ਸਨ। ਇਸ ਕੈਂਪ ਦੇ ਇੰਚਾਰਜ ਸੀਨੀਅਰ ਕੋਚ ਸਤੀਸ਼ ਕੁਮਾਰ ਕਪੂਰਥਲਾ ਅਤੇ ਸੀਨੀਅਰ ਕੋਚ ਜੋਗਿੰਦਰ ਸਿੰਘ ਜੋਗੀ ਸਨ। ਇਹ ਦੋਵੇਂ ਕੋਚ ਖਿਡਾਰੀਆਂ ਨਾਲ ਮਿੱਤਰਤਾ ਵਾਲਾ ਵਿਹਾਰ-ਪਿਆਰ ਕਰਦੇ ਸਨ ਅਤੇ ਉਨ੍ਹਾਂ ਦੇ ਦੁੱਖ-ਸੁੱਖ ਵਿਚ ਪਹੁੰਚ ਕੇ ਸ਼ਰੀਕ ਹੁੰਦੇ ਸਨ।

ਐੱਨ.ਆਈ.ਐੱਸ. ਪਟਿਆਲਾ ਵਿਖੇ ਹੀ ਲੜਕੀਆਂ ਦੀ ਬਾਸਕਟਬਾਲ ਟੀਮ ਵਿਚ ਇਕ ਲੜਕੀ ਗਿਆਨੀ ਦੇ ਸ਼ਹਿਰ 'ਚੋਂ ਹੀ ਸੀ। ਜਿਸਦਾ ਨਾਂਅ ਸੀ ਮੀਤ। ਉਹ ਵੀ ਗਿਆਰਵੀਂ ਦੀ ਵਿਦਿਆਰਥਣ ਸੀ। ਅਤੇ ਇਸ ਕੈਂਪ ਵਿਚ ਸਭ ਤੋਂ ਛੋਟੀ ਉਮਰ ਦੀ ਲੜਕੀ ਸੀ। ਉਹ ਲੜਕੀਆਂ ਦੇ ਸਰਕਾਰੀ ਸਕੂਲਾਂ ਵਿਚ ਪੜ੍ਹਦੀ ਸੀ। ਉਹ ਹੋਸਟਲ ਵਿਚ ਰਹਿ ਕੇ ਪੜ੍ਹਦੀ ਸੀ। ਉਸਦਾ ਸ਼ਹਿਰ ਕੋਈ 60 ਕਿਲੋਮੀਟਰ ਦੂਰ ਸੀ।

ਮੀਤ ਨਾਲ ਗਿਆਨੀ ਦੀ ਬਹੁਤ ਬਣਦੀ ਸੀ। ਇਕ ਦੂਸਰੇ ਨੂੰ ਗਹੁ ਅਤੇ ਰੀਝ ਨਾਲ ਵੇਖਦੇ। ਪਿਆਰ ਦੀ ਪਹਿਲੀ ਬਰਸਾਤ ਜ਼ਿੰਦਗੀ 'ਚੋਂ ਕਦੀ ਵੀ ਮਨਫੀ ਨਹੀਂ ਹੁੰਦੀ। ਇਕ ਤੜਪ, ਇਕ ਚਾਹਤ ਤੜਪਦੀ ਰਹਿੰਦੀ ਹੈ। ਮਿਲਣ ਵੀ ਇਕ ਸਵਰਗ ਤੋਂ ਘੱਟ ਨਹੀਂ ਹੁੰਦਾ। ਇਸ ਸਰੀਰ ਵਿਚ ਪਹਿਲੀ ਤਾਂਘ ਅਤੇ ਮੁਹੱਬਤ ਦੀਆਂ ਕਰੂੰਬਲਾਂ ਜਦ ਫੁੱਟਦੀਆਂ ਹਨ, ਤਾਂ ਸਾਰਾ ਜਹਾਨ ਖ਼ੁਸ਼ਬੂ ਭਰਿਆ ਸਾਰਾ ਜਹਾਨ ਖ਼ੂਬਸੂਰਤ ਨਜ਼ਰ ਆਉਂਦਾ ਹੈ। ਜਿਵੇਂ ਕੂਲੀਆਂ ਗੰਦਲਾਂ ਉਪਰ ਖ਼ੂਬਸੂਰਤ ਪੀਲੇ-ਪੀਲੇ ਫੁੱਲਾਂ ਦੀ ਭਰਮਾਰ। ਸਾਰੇ ਜਿਸਮ ਵਿਚ ਇਕ ਇਲਾਹੀ ਜੋਤ ਜਗਦੀ ਰਹਿੰਦੀ ਹੈ। ਇਕਾਗਰਤਾ ਅਤੇ ਸਕੂਨ ਨਾਲ ਮਾਲਾਮਾਲ। ਜ਼ਿਹਨ ਦੀ ਕੋਰੀ ਕਿਤਾਬ ਉਪਰ ਸਿਰਫ਼ ਤੇ ਸਿਰਫ਼ ਇਕ ਹੀ ਨਾਮ।

ਮੀਤ ਵੀ ਬਾਸਕਟਬਾਲ ਦੀ ਇਕ ਵਧੀਆ ਖਿਡਾਰਨ ਸੀ। ਕੁਦਰਤੀ ਗੱਲ ਹੈ ਬਰਾਬਰ ਦੇ ਖਿਡਾਰੀ ਹੋਣ, ਤਾਂ ਆਪਣ ਵਿਚ ਜ਼ਿਆਦਾ ਬਣਦੀ ਹੈ।

ਮੀਤ ਅਤੇ ਗਿਆਨੀ ਦੀਆਂ ਮੁਲਾਕਾਤਾਂ ਚੋਰੀ ਛਿਪੀ ਜਾਂ ਬਹਾਨੇਦਾਰ ਸਥਾਨਾਂ ਉਪਰ ਹੋ ਜਾਂਦੀਆਂ ਸਨ। ਦੁਪਹਿਰ ਬਾਅਦ ਜਦ ਖੇਡ ਮੈਦਾਨ ਵਿਚ ਜਾਣ ਦਾ ਸਮਾਂ ਹੁੰਦਾ, ਤਾਂ ਮੀਤ ਹੋਸਟਲ ਦੀ ਚਾਰ ਦੀਵਾਰੀ ਤੋਂ ਮੁੱਖ ਉਪਰ ਚੁੱਕ ਕੇ ਗਿਆਨੀ ਦਾ ਰਸਤਾ ਵੇਖਦੀ ਰਹਿੰਦੀ ਇਕ ਦੀਦਾਰ ਦੀ ਝਲਕ ਲਈ। ਗਿਆਨੀ ਠੀਕ ਸਮੇਂ 'ਤੇ ਉਸਦੇ ਦੀਦਾਰ ਲਈ ਦੀਵਾਰ ਦੇ ਬਾਹਰ ਸੜਕ 'ਤੇ ਪਾਰ ਬਾਸਕਟਬਾਲ ਲੈ ਕੇ ਖੜ੍ਹਾ ਹੋ ਜਾਂਦਾ। ਹੋਸਟਲ ਦੇ ਨਾਲ ਸੜਕ ਲੱਗਦੀ ਸੀ ਅਤੇ ਸੜਕ ਦੇ ਪਾਰ ਲੜਕਿਆਂ ਦੀ ਬਾਸਕਟਬਾਲ ਦੀ ਗਰਾਊਂਡ ਸੀ। ਹੋਸਟਲ ਵਿਚ ਹੀ ਬਾਸਕਟਬਾਲ ਦੀ ਗਰਾਊਂਡ ਵੀ ਸੀ ਲੜਕੀਆਂ ਲਈ। ਜਿੱਥੇ ਲੜਕੇ-ਲੜਕੀਆਂ ਕਦੀ-ਕਦੀ ਸਾਂਝੀ ਪ੍ਰੈਕਟਿਸ ਵੀ ਕਰਦੇ ਸਨ। ਲੜਕੇ (ਖਿਡਾਰੀ) ਲੜਕੀਆਂ ਦੇ ਹੋਸਟਲ ਵਿਚ ਖੇਡਣ ਜਾਣ ਦੇ ਬਹਾਨੇ ਲੱਭਦੇ ਰਹਿੰਦੇ ਸਨ। ਜਦੋਂ ਵੀ ਦੁਪਹਿਰ ਬਾਅਦ ਖੇਡ-ਅਭਿਆਸ ਦਾ ਸਮਾਂ ਹੁੰਦਾ, ਤਾਂ ਉਹ ਦੋਵੇਂ ਇਕ ਦੂਸਰੇ ਦੇ ਦੀਦਾਰ ਲਈ ਤਰਸਦੇ ਹੋਏ ਮਿਲਣ ਦੇ ਬਹਾਨੇ ਲੱਭਦੇ। ਲੜਕੀਆਂ ਦੇ ਹੋਸਟਲ ਵਿਚ ਖੇਡਣ ਜਾਣ ਲਈ ਇਜ਼ਾਜਤ ਲੈਣੀ ਪੈਂਦੀ ਸੀ, ਤਾਂ ਉਹ ਇਜ਼ਾਜਤ ਸਿਰਫ਼ ਕੋਚ ਹੀ ਲੈ ਸਕਦੇ ਹਨ।

ਮੀਤ ਸ਼ਾਮ ਦੇ ਚਾਰ ਵਜੇ ਦੇ ਕਰੀਬ ਆਪਣੇ ਹੋਸਟਲ ਦੀ ਦੀਵਾਰ ਤੋਂ ਮੂੰਹ ਚੁੱਕ ਕੇ ਉਪਰ ਕਰਕੇ ਵੇਖਦੀ ਰਹਿੰਦੀ। ਸਿਰਫ਼ ਉਸਦੀ ਧੌਣ ਤੱਕ ਦਾ ਚਿਹਰਾ ਹੀ ਨਜ਼ਰ ਆਉਂਦਾ। ਕਿਉਂਕਿ ਹੋਸਟਲ ਨਾਲ ਲੱਗਦੀ ਸੜਕ ਉਪਰ ਆਵਾਜਾਈ ਬਹੁਤ ਰਹਿੰਦੀ ਸੀ। ਗਿਆਨੀ ਕੱਛ 'ਚ ਬਾਸਕਟਬਾਲ ਲੈ ਕੇ ਆਪਣੀ ਖੇਡ ਗਰਾਊਂਡ ਦੇ ਬਾਹਰ ਸੜਕ ਉਪਰ ਖਲੋ ਕੇ ਉਸਨੂੰ ਰੀਝ ਨਾਲ ਵੇਖਦਾ ਰਹਿੰਦਾ। ਮੀਤ ਆਉਂਦੇ-ਜਾਂਦੇ ਲੋਕਾਂ ਨੂੰ ਤਿਰਛੀ ਨਜ਼ਰ ਨਾਲ ਵੀ ਵੇਖਦੀ ਰਹਿੰਦੀ ਕਿ ਕੋਈ ਸੱਜਿਓ-ਖੱਬਿਓ ਵੇਖ ਤਾਂ ਨਹੀਂ ਰਿਹਾ। ਇਹ ਸਿਲਸਿਲਾ ਕੁਝ ਕੁ ਸਾਲ ਚੱਲਦਾ ਰਿਹਾ। ਉਸਦੇ ਹੋਸਟਲ ਵਿਖੇ ਸੁੱਕੇ ਤਲਾਬ ਦੀ ਗਲੀ ਦੇ ਨਾਲ ਬਾਸਕਟਬਾਲ ਦੀ ਗਰਾਊਂਡ ਸੀ।

ਸ਼ਹਿਰ ਵਿਖੇ ਲੜਕੇ-ਲੜਕੀਆਂ ਨੂੰ ਜੀ.ਐੱਸ. ਬੇਦੀ ਸਾਹਿਬ ਬਾਸਕਟਬਾਲ ਦੀ ਟ੍ਰੇਨਿੰਗ ਦਿੰਦਾ ਸੀ। ਬੇਦੀ ਸਾਹਿਬ ਹਰ ਇਕ ਖਿਡਾਰੀ ਨੂੰ ਖਾਸ ਕਰਕੇ ਚੰਗੇ ਖਿਡਾਰੀਆਂ ਨੂੰ ਬਹੁਤ ਪਿਆਰ ਕਰਦੇ ਸਨ ਤੇ ਉਨ੍ਹਾਂ ਦੀ ਹਰ ਤਰ੍ਹਾਂ ਦੀ ਮਦਦ ਕਰਦੇ ਰਹਿੰਦੇ ਸਨ। ਉਹ ਬੜੇ ਦਲੇਰ ਜ਼ੁਰੱਅਤ ਵਾਲੇ, ਮਿਲਾਪੜੇ ਅਤੇ ਮੂੰਹ ਫੱਟ ਸ਼ਖ਼ਸੀਅਤ ਦੇ ਮਾਲਿਕ ਸਨ। ਸ਼ਹਿਰ ਦੀ ਪੁਰਾਣੀ ਸਬਜ਼ੀ ਮੰਡੀ ਵਿਖੇ ਉਨ੍ਹਾਂ ਦੀ ਸਪੋਰਟਸ ਦੀ ਆਪਣੀ ਦੁਕਾਨ ਵੀ ਸੀ। ਬੇਦੀ ਸਾਹਿਬ ਬਾਸਕਟਬਾਲ, ਵਾਲੀਬਾਲ ਅਤੇ ਕੁਸ਼ਤੀ ਦੇ ਪ੍ਰਪੱਕ ਖਿਡਾਰੀ ਅਤੇ ਕੋਚ ਸਨ। ਉਹ ਪ੍ਰਾਈਵੇਟ ਕੋਚਿੰਗ ਦੇ ਨਾਲ-ਨਾਲ ਸਕੂਲਾਂ ਕਾਲਜਾਂ 'ਚ ਸਪੋਰਟਸ ਦਾ ਸਾਮਾਨ ਵੀ ਸਪਲਾਈ ਕਰਦੇ ਸਨ। ਖਿਡਾਰੀਆਂ ਦੀ ਹਰ ਤਰ੍ਹਾਂ ਦੀ ਮਦਦ ਕਰਦੇ, ਇਮਤਿਹਾਨਾਂ ਦੇ ਦਿਨਾਂ ਵਿਚ ਥੋੜ੍ਹੀ ਬਹੁਤ ਨਕਲ ਕਰਵਾਉਣ ਦਾ ਵੀ ਪ੍ਰਬੰਧ ਕਰ ਦਿੰਦੇ। ਗ਼ਰੀਬ ਖਿਡਾਰੀਆਂ ਦੀ ਮਦਦ ਵੀ ਕਰਦੇ ਰਹਿੰਦੇ।

ਗਿਆਨੀ ਆਪਣੀ ਟੀਮ ਦਾ ਕਪਤਾਨ ਅਤੇ ਸੀਨੀਅਰ ਖਿਡਾਰੀ ਸੀ। ਗਿਆਨੀ ਨਾਲ ਬੇਦੀ ਸਾਹਿਬ ਹਰ ਤਰ੍ਹਾਂ ਦਾ ਘਰੇਲੂ ਅਤੇ ਬਾਹਰੀ ਦੁੱਖ-ਸੁੱਖ ਫੋਲ ਲੈਂਦੇ ਸੀ। ਉਹ ਕਿਹਾ ਕਰਦੇ ਸਨ ਕਿ ਜਦੋਂ ਮੇਰੇ ਕੋਲ ਚੰਗੇ ਪੈਸੇ ਹੋਣਗੇ, ਤਾਂ ਇਕ ਜੀਪ ਲਵਾਂਗੇ। ਖਿਡਾਰੀਆਂ ਦੇ ਲਈ ਇਕ ਡੇਅਰੀ ਫਾਰਮ ਖੋਲ੍ਹਾਂਗੇ। ਖਿਡਾਰੀਆਂ ਨੂੰ ਸਸਤੇ ਰੇਟ ਉਪਰ ਦੁੱਧ ਦੇਵਾਂਗੇ ਅਤੇ ਟੂਰਨਾਮੈਂਟ 'ਤੇ ਜਾਣ ਲਈ ਖਿਡਾਰੀਆਂ ਨੂੰ ਓਪਨ ਜੀਪ ਵਿਚ ਲੈ ਕੇ ਜਾਇਆ ਕਰਾਂਗੇ।

ਬੇਦੀ ਸਾਹਿਬ ਨੂੰ ਹਰ ਖਿਡਾਰੀ ਦੀ ਆਦਤ ਬਾਰੇ ਜਾਣਕਾਰੀ ਸੀ। ਹਰ ਖਿਡਾਰੀ ਦੀ ਘਰੇਲੂ-ਆਰਥਿਕ ਸਥਿਤੀ ਬਾਰੇ ਅਤੇ ਉਸ ਦੀਆਂ ਚੰਗੀਆਂ ਮਾੜੀਆਂ ਆਦਤਾਂ ਤੋਂ ਉਹ ਭਲੀਭਾਂਤ ਵਾਕਿਫ਼ ਹੁੰਦੇ ਸਨ।

ਗਿਆਨੀ ਅਤੇ ਮੀਤ ਦੀ ਨੇੜਤਾ ਦਾ ਉਨ੍ਹਾਂ ਨੂੰ ਪਤਾ ਸੀ। ਉਹ ਕਦੀ-ਕਦੀ ਜਾਣਬੁੱਝ ਕੇ, ਸਭ ਨੂੰ ਖੁਸ਼ ਕਰਨ ਲਈ ਲੜਕੀਆਂ ਦੇ ਹੋਸਟਲ ਵਾਲੀ ਗਰਾਊਂਡ ਵਿਚ ਲੈ ਜਾਂਦੇ। ਪਰ ਉਹ ਅਨੁਸ਼ਾਸਨ ਅਤੇ ਮਾਨ-ਮਰਿਆਦਾ ਦੇ ਬਹੁਤ ਪੱਕੇ ਸਨ।

ਉਥੇ ਲੜਕੀਆਂ ਦੇ ਹੋਸਟਲ ਦੀ ਗਰਾਊਂਡ ਵਿਚ ਖੁੱਲ੍ਹ ਕੇ ਖੇਡਦੇ ਅਤੇ ਨਜ਼ਦੀਕੀਆਂ ਮਾਨਣ ਦਾ ਵੀ ਮੌਕਾ ਮਿਲ ਜਾਂਦਾ। ਪਰ ਕਿਸੇ ਵੀ ਖਿਡਾਰੀ ਦੇ ਦਿਲ ਵਿਚ ਕੋਈ ਮਾੜੀ ਭਾਵਨਾ ਉਤਪੰਨ ਨਹੀਂ ਸੀ ਹੁੰਦੀ। ਉਦੋਂ ਪਿਆਰ ਬਾਰੇ ਕੋਈ ਡੂੰਘੀਆਂ ਰਮਜ਼ਾਂ ਬਾਰੇ ਸਮਝ ਨਹੀਂ ਸੀ। ਨਾ ਹੀ ਪਿਆਰ ਦੀਆਂ ਗਹਿਰਾਈਆਂ ਬਾਰੇ ਕੋਈ ਸਮਝ ਸੀ।

ਜਦੋਂ ਪ੍ਰੈਕਟਿਸ ਕਰਕੇ ਵਿਹਲੇ ਹੋ ਜਾਂਦੇ, ਤਾਂ ਮੀਤ ਤੇ ਗਿਆਨੀ ਇਕੱਠੇ ਬੈਠ ਕੇ ਖ਼ੂਬ ਗੱਪਾਂ ਮਾਰਦੇ। ਐਵੇਂ ਛੋਟੀਆਂ-ਛੋਟੀਆਂ ਗੱਲਾਂ ਕਰਦੇ ਰਹਿੰਦੇ।

ਪਿਆਰ ਦਾ ਇਜ਼ਹਾਰ ਕਿਵੇਂ ਕਰੀਦਾ ਹੈ, ਇਸ ਬਾਰੇ ਬਿਲਕੁਲ ਪਤਾ ਨਹੀਂ ਸੀ ਪਰ ਏਦਾਂ ਮਹਿਸੂਸ ਜ਼ਰੂਰ ਹੁੰਦਾ ਸੀ ਕਿ ਦਿਲ ਵਿਚ ਕੁਝ ਹੁੰਦਾ ਹੈ। ਉਹ ਤਾਂਘ, ਪਿਆਰ ਸੀ ਪਰ ਸਮਝ ਕੋਈ ਨਹੀਂ ਸੀ

ਮੀਤ ਹੋਸਟਲ 'ਚੋਂ ਕਈ ਖਾਣ ਵਾਲੀਆਂ ਚੀਜ਼ਾਂ ਲਿਆ ਕੇ ਗਿਆਨੀ ਨੂੰ ਖੁਆਂਦੀ ਰਹਿੰਦੀ। ਦੋਵਾਂ ਦਾ ਉਥੋਂ ਵਿਛੜਣ ਨੂੰ ਦਿਲ ਨਾ ਕਰਦਾ ਪਰ ਜਦ ਸਮਾਂ ਹੋ ਜਾਂਦਾ, ਤਾਂ ਬੜੀ ਮੁਸ਼ਕਿਲ, ਬੜੀ ਮਜਬੂਰੀ ਵਿਚ ਉਠ ਕੇ ਅਲਵਿਦਾ ਕਹਿੰਦੇ।

ਮੀਤ ਗੋਰੇ ਰੰਗ ਦੀ ਭਰਵੇਂ ਸਰੀਰ ਦੀ ਖ਼ੂਬਸੂਰਤ ਲੜਕੀ ਸੀ। ਉਹ ਸ਼ਹਿਰ 'ਚੋਂ ਸਭ ਤੋਂ ਖ਼ੂਬਸੂਰਤ ਅਤੇ ਇਕ ਅਮੀਰ ਘਰਾਣੇ ਦੀ ਲੜਕੀ ਸੀ। ਇਕ ਕੱਟੜ ਪਰਿਵਾਰ 'ਚੋਂ ਸੀ।

ਐੱਨ.ਆਈ.ਐੱਸ. ਵਿਖੇ ਲੜਕਿਆਂ ਅਤੇ ਲੜਕੀਆਂ ਦਾ ਲਗਭਗ ਇਕ ਮਹੀਨੇ ਦਾ ਕੈਂਪ ਸੀ। ਇਕ ਦਿਨ ਹਿੰਮਤ ਕਰਕੇ ਗਿਆਨੀ ਨੇ ਲੜਕੀਆਂ ਦੀ ਰਖਵਾਲੀ ਕੋਚ ਨੂੰ ਬੇਨਤੀ ਕੀਤੀ, "ਮੈਡਮ ਜੀ ਮੀਤ ਸਾਡੇ ਸ਼ਹਿਰ ਦੀ ਹੀ ਲੜਕੀ ਹੈ। ਅਸੀਂ ਇਕ ਦੂਸਰੇ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ। ਤੁਸੀਂ ਮੀਤ ਨੂੰ ਛੁੱਟੀ ਵਾਲੇ ਦਿਨ ਕੁਝ ਸਮੇਂ ਲਈ ਬਾਜ਼ਾਰ ਜਾਣ ਲਈ ਮੇਰੇ ਨਾਲ ਭੇਜ ਦਿਓ।"

ਉਸ ਕੋਚ ਮੈਡਮ ਨੇ ਕੁਝ ਚਿਰ ਸੋਚਿਆ ਤੇ ਫਿਰ ਹੱਸ ਕੇ ਕਹਿਣ ਲੱਗੀ, "ਤੁਸੀਂ ਦੁਪਹਿਰ ਦੇ ਖਾਣੇ ਤੋਂ ਪਹਿਲਾਂ-ਪਹਿਲਾਂ ਵਾਪਸ ਆ ਜਾਣਾ।"

ਉਸ ਸਮੇਂ ਗਿਆਨੀ ਕੋਲ ਏਨੇ ਰੁਪਏ ਵੀ ਨਹੀਂ ਸਨ। ਵਿਦਿਆਰਥੀਆਂ ਕੋਲ ਏਨੇ ਪੈਸੇ ਕਿੱਥੇ ਹੁੰਦੇ ਹਨ। ਗੁਜ਼ਾਰੇ ਮਾਤਰ ਹੀ ਪੈਸੇ ਹੁੰਦੇ ਹਨ।

ਗਿਆਨੀ ਵੀ ਘਰੋਂ ਆਰਥਿਕ ਪੱਖੋਂ ਸੌਖਾ ਸੀ ਪਰ ਕੋਈ ਜ਼ਿਆਦਾ ਕੀਮਤੀ ਚੀਜ਼ ਖ਼ਰੀਦਣ ਜੋਗੇ ਪੈਸੇ ਨਹੀਂ ਸਨ ਹੁੰਦੇ।

ਕਿਉਂਕਿ ਕੈਂਪ ਵਿਚ ਖ਼ਾਣਾ-ਪੀਣ ਮੁਫ਼ਤ ਸੀ। ਵਧੀਆ ਖ਼ੁਰਾਕ, ਵਧੀਆ ਰਿਹਾਇਸ਼। ਪੈਸੇ ਦੀ ਏਨੀ ਜ਼ਰੂਰਤ ਵੀ ਨਹੀਂ ਸੀ ਹੁੰਦੀ।

ਇਕ ਦਿਨ ਛੁੱਟੀ ਵਾਲੇ ਦਿਨ ਗਿਆਨੀ ਅਤੇ ਮੀਤ ਰਿਕਸ਼ਾ ਲੈ ਕੇ ਆਨਾਰਦਾਨਾ ਚੌਂਕ ਅਤੇ ਹੋਰ ਬਾਜ਼ਾਰ ਵੇਖਣ ਲਈ ਚਲੇ ਗਏ। ਮੀਤ ਅੱਜ ਬਹੁਤ ਹੀ ਖ਼ੂਬਸੂਰਤ ਲੱਗ ਰਹੀ ਸੀ ਤੇ ਉਹ ਹੈ ਵੀ ਬਹੁਤ ਖ਼ੂਬਸੂਰਤ ਸੀ। ਉਸ ਦੀਆਂ ਅੱਖਾਂ ਵਿਚ ਇਕ ਮਿਕਨਾਤੀਸੀ ਖਿੱਚ ਸੀ। ਉਸਦੇ ਜਿਸਮ ਦੀ ਬਨਾਵਟ ਜਿਵੇਂ ਪਰਮਾਤਮਾ ਨੇ ਦੁਨੀਆਂ ਦੀ ਸਾਰੀ ਖ਼ੂਬਸੂਰਤੀ ਉਸ ਵਿਚ ਸਮੇਟ ਦਿੱਤੀ ਹੋਵੇ।

ਰਿਕਸ਼ੇ ਵਿਚ ਉਹ ਇਕ ਦੂਜੇ ਨਾਲ ਤਰ੍ਹਾਂ-ਤਰ੍ਹਾਂ ਦੀਆਂ ਬੇਅਰਥੀ ਅਣਭੋਲ ਗੱਲਾਂ ਕਰਦੇ ਰਹੇ। ਪਰ ਪਿਆਰ ਬਾਰੇ ਕੋਈ ਗੱਲ ਕਰਨ ਦੀ ਹਿੰਮਤ ਨਹੀਂ। ਪਰ ਪਿਆਰ ਦੀ ਝਲਕ, ਦਿਲ ਵਿਚ ਠਾਠਾਂ ਮਾਰਦੀ।

ਉਹ ਦੋਵੇਂ ਰਿਕਸ਼ੇ ਤੋਂ ਉਤਰ ਕੇ ਕਈ ਬਾਜ਼ਾਰ ਘੁੰਮੇ। ਕਈ ਵੱਡੇ-ਵੱਡੇ ਸ਼ੋਅ ਰੂਮਾਂ ਵਿਚ ਘੁੰਮਦੇ ਰਹੇ, ਨਾ ਕੁਝ ਖਾਦਾ ਅਤੇ ਨਾ ਕੁਝ ਪੀਤਾ ਅਤੇ ਨਾ ਹੀ ਕੋਈ ਸਾਮਾਨ ਖ਼ਰੀਦਿਆ। ਨਿਰਛਲ ਪਿਆਰ ਵਿਚ ਏਨੇ ਗੁੰਮ ਹੋ ਗਏ ਕਿ ਦੁਨੀਆਂ ਹੀ ਭੁੱਲ ਗਏ।

ਦੁਪਹਿਰ ਤੋਂ ਬਾਅਦ ਰਿਕਸ਼ੇ 'ਤੇ ਬੈਠ ਕੇ ਐੱਨ.ਆਈ.ਐੱਸ. ਵਿਖੇ ਆ ਗਏ। ਰਸਤੇ ਵਿਚ ਕਈ ਤਰ੍ਹਾਂ ਦੀਆਂ ਭੋਲੀਆਂ-ਬੇਅਰਥੀਆਂ ਗੱਲਾਂ ਕਰਦੇ ਰਹੇ। ਰਿਕਸ਼ੇ ਵਿਚ ਬੈਠੇ-ਬੈਠੇ ਉਸਨੇ ਖਾਮੋਸ਼ੀ ਵਿਚ ਉਤਰਦਿਆਂ ਗਿਆਨੀ ਦੇ ਹੱਥਾਂ ਦੀਆਂ ਲਕੀਰਾਂ ਵਿਚ ਆਪਣੇ ਹੱਥਾਂ ਦੀਆਂ ਜਗਿਆਸਾਮਾਈ ਭਵਿੱਖ ਵਾਲੀਆਂ ਲਕੀਰਾਂ ਨੂੰ ਘੁੱਟ ਕੇ ਅੰਤਰੰਗਤਾ ਨਾਲ ਇਕਮਿਕ ਹੋਣ ਦਾ ਸਫ਼ਲ ਅਹਿਸਾਸ ਕੀਤਾ ਤੇ ਫਿਰ ਸੂਈ-ਮੂਈ ਵਾਂਗ ਸਿਮਟ ਕੇ ਜੰਨਤ ਵਰਗੇ ਇਕ ਨਿਵੇਕਲੇ ਅਨੁਭਵ ਵਿਚ ਉਬਲਕੇ ਠੰਡੀ ਸੀਤ ਜਿਹੀ ਹੋ ਗਈ।

ਗਿਆਨੀ ਦਾ ਦਿਲ ਕਰੇ ਕਿ ਉਹ ਮੀਤ ਦੇ ਅੰਤਰੰਗ ਪੁੰਗਰਦੇ ਖਾਮੋਸ਼ ਅਹਿਸਾਸਾਂ ਨੂੰ ਆਪਣੇ ਨਿੱਘ ਦੀ ਬੁੱਕਲ ਦੀ ਅੰਤਰੰਗਤਾ ਵਿਚ ਲਪੇਟ ਲਵੇ। ਉਸਦੇ ਸੁਰਖ਼ ਰੁਖ਼ਸਾਰਾਂ ਉਪਰ ਤੈਰਦੀ ਅਲ੍ਹੜ ਕੋਸੀ-ਕੋਸੀ ਮਖ਼ਮਲੀ ਸਿੰਦੂਰੀ ਲਾਲੀ ਨੂੰ ਉਮਰ ਭਰ ਲਈ ਆਪਣੀ ਤੜਪਦੀ ਰੀਝ ਵਿਚ ਪਿਰੋ ਲਵੇ। ਉਸਦੇ ਜਿਸਮ ਦੀ ਗੋਰੀ ਸ਼ਾਂਤ ਝੀਲ ਵਿਚ ਤੜਕ ਸਵੇਰੇ ਦੇ ਚੜ੍ਹਦੇ ਸੂਰਜ ਦੀ ਨਿੱਘੀ ਲਾਲਿਮਾ ਬਣ ਕੇ ਤੈਰ ਜਾਵੇ।

ਮੀਤ ਦੇ ਨਾਲ ਗੁਜ਼ਰਦੇ ਕੁਝ ਪਲਾਂ ਦੇ ਸ਼ਿਸਟ ਸ਼ਗੂਫਤਾ ਮਾਹੌਲ ਨੂੰ ਸੰਪੂਰਨ ਮਨੋਰਥ ਦੇ ਜ਼ਰੀਏ ਅਨੁਭਵ ਕਰਦੇ ਹੋਏ ਆਪਣੇ ਮਸਤਕ ਵਿਚ, ਆਪਣੀ ਰੂਹ ਵਿਚ, ਆਪਣੀ ਜਾਨ ਵਿਚ ਸਦਾ-ਸਦਾ ਲਈ ਅੰਕਿਤ ਕਰ ਲਵੇ। ਪਰ ਉਸਦੀ ਜ਼ੁਰੱਅਤ ਦੇ ਟੁਕੜੇ-ਟੁਕੜੇ ਹੋ ਜਾਂਦੇ।

ਉਸਨੇ ਸੋਚਿਆ ਕਿ ਐੱਨ.ਆਈ.ਐੱਸ. ਦੇ ਸੰਘਣੇ ਰੁੱਖਾਂ ਦੇ ਲਪਕਦੇ ਲਲਕਦੇ ਪਰਛਾਵਿਆਂ ਹੇਠ ਉਹ ਉਸਦੇ ਭੱਖਦੇ ਰੁਖਸਾਰਾਂ ਉਪਰ ਇਕ ਜੰਨਤਨੁਮਾਂ ਅਮਿਟ, ਸੰਪੂਰਨ, ਅਜ਼ਲੀ ਕਹਾਣੀ ਲਿਖ ਦੇਵੇ ਪਰ ਗੱਲਾਂ ਗੱਲਾਂ ਵਿਚ ਇਕ ਝਾਕੇ ਦੀ, ਇਕ ਸ਼ਰਮਾਕਲਤਾ ਦੀ ਲਿਸ਼ਕਦੀ ਤਲਵਾਰ ਉਸਦੇ ਦਰਮਿਆਨ ਆ ਲਟਕਦੀ। ਇਕ ਅਧੂਰੀ ਚੁਣਚੁਣੀ ਉਸਦੇ ਜਿਸਮ ਵਿਚ ਉਭਰਤਦੀ ਅਤੇ ਮੋਤੀਆਂ ਦੀ ਤਰ੍ਹਾਂ ਖੁੱਲ੍ਹ ਕੇ ਬਿਖਰ ਜਾਂਦੀ। ਉਹ ਸਾਰਾ ਹੌਂਸਲਾ ਇਕੱਠਾ ਕਰਕੇ ਹਿੰਮਤ ਸਮੇਟਦਾ ਪਰ ਅਸਫ਼ਲ ਰਹਿੰਦਾ।

ਮੀਤ ਦੇ ਹੋਸਟਲ ਦਾ ਗੇਟ ਆਉਣ ਵਾਲਾ ਸੀ। ਉਸਨੇ ਫਿਰ ਹਿੰਮਤ ਕੱਠੀ ਕੀਤੀ ਪਰ ਫਿਰ ਅਸਫਲ ਰਿਹਾ। ਮੀਤ ਦੀਆਂ ਅੱਖਾਂ ਦੀ ਸਵਾਲੀਆ ਚਿੰਨ੍ਹ ਵਾਲੀ ਲਾਲੀ ਉਸਨੂੰ ਕਈ ਸਵਾਲ ਕਰਦੀ ਰਹੀ। ਦੋਵਾਂ ਨੇ ਵਾਅਦੇ ਕੀਤੇ ਕਿ ਜੇ ਦੋਵਾਂ ਦੀ ਸਿਲੈਕਸ਼ਨ ਹੋ ਜਾਵੇਗੀ, ਤਾਂ ਫਿਰ ਖ਼ੂਬ ਮਜ਼ੇ ਲਵਾਂਗੇ, ਘੁੰਮਾਂ ਫਿਰਾਂਗੇ। ਕਈ ਉਮੀਦਾਂ ਦਿਲ ਵਿਚ ਲੈ ਕੇ। ਕਈ ਵਾਅਦੇ ਕਰਦੇ ਹੋਏ ਆਪਣੇ-ਆਪਣੇ ਹੋਸਟਲ ਕੈਂਪ ਵੱਲ ਜੁਦਾ ਹੋ ਗਏ।

ਐੱਨ.ਆਈ.ਐੱਸ. ਦੇ ਕੈਂਪ 'ਚੋਂ ਸਿਲੈਕਸ਼ਨ ਤੋਂ ਬਾਅਦ ਸੀਨੀਅਰ ਨਾਰਥ ਜ਼ੋਨ ਟੂਰਨਾਮੈਂਟ ਸੋਨੀਪਤ (ਹਰਿਆਣਾ) ਵਿਖੇ ਹੋਣਾ ਸੀ।

ਇਸ ਤਰ੍ਹਾਂ ਗਿਆਨੀ ਅਤੇ ਮੀਤ ਖੇਡ ਮੈਦਾਨ ਦੇ ਦੌਰਾਨ ਇਕ ਦੂਸਰੇ ਨੂੰ ਮਿਲਦੇ ਰਹਿੰਦੇ। ਇਕ ਪ੍ਰੈਕਟਿਸ ਤੋਂ ਬਾਅਦ ਹੋਸਟਲ ਨੂੰ ਜਾਂਦੇ-ਜਾਂਦੇ ਮੀਤ ਨੇ ਨਿਰਾਸ਼ਾ ਭਾਵਨਾ ਨਾਲ ਗਿਆਨੀ ਨੂੰ ਸਪੱਸ਼ਟ ਕਰਦਿਆਂ ਦੱਸਿਆ, "ਉਸਦੇ ਪਰਿਵਾਰ ਵਾਲੇ (ਮਾਤਾ-ਪਿਤਾ) ਬਹੁਤ ਹੀ ਕੱਟੜ ਸੁਭਾਅ ਦੇ ਹਨ। ਉਸਦੇ ਪਿਤਾ ਇਕ ਕੱਟੜ ਧਰਮ ਦੇ ਅਨੁਯਾਈ ਹਨ। ਲੜਕੀਆਂ ਉਪਰ ਬਹੁਤ ਪਾਬੰਦੀਆਂ ਹਨ। ਇਸ ਕੈਂਪ ਵਿਚ ਮੈਨੂੰ ਕਾਰ ਵਿਚ ਛੱਡਣ ਆਏ ਸੀ ਅਤੇ ਘਰੇਲੂ ਕਾਰ ਵਿਚ ਹੀ ਵਾਪਸ ਜਾਵਾਂਗੀ। ਸਾਡੇ ਪਰਿਵਾਰ ਵਿਚ ਲੜਕੀਆਂ ਉਪਰ ਬਹੁਤ ਪਾਬੰਦੀਆਂ ਹਨ। ਮੈਂ ਤੁਹਾਡੇ ਨਾਲ ਬਾਜ਼ਾਰ ਘੁੰਮਣ ਫਿਰਨ ਚਲੀ ਤਾਂ ਗਈ ਸਾਂ। ਪਰ ਵਿਚੋਂ ਵਿਚ ਬਹੁਤ ਡਰਦੀ ਰਹੀ ਸਾਂ। ਤੁਸੀਂ ਮੈਨੂੰ ਦੁਬਾਰਾ ਨਾ ਬਾਜ਼ਾਰ ਜਾਣ ਲਈ ਕਹਿਣਾ। ਅਸੀਂ ਪਰਿਵਾਰ ਦੀ ਇਜਾਜ਼ਤ ਤੋਂ ਬਿਨਾਂ ਕੁਝ ਨਹੀਂ ਕਰ ਸਕਦੇ। ਅੰਤਰਜਾਤੀ ਵਿਆਹ ਪ੍ਰਤੀ ਮੇਰੇ ਘਰ ਦੇ ਸਖ਼ਤ ਖ਼ਿਲਾਫ਼ ਹਨ। ਮੇਰੇ ਪਰਿਵਾਰ ਨੂੰ ਪਤਾ ਚੱਲ ਜਾਵੇ ਕਿ ਮੈਂ ਤੁਹਾਡੇ ਨਾਲ ਬਾਜ਼ਾਰ ਘੁੰਮਣ ਫਿਰਨ ਗਈ ਸਾਂ, ਉਹ ਮੈਨੂੰ ਗੋਲੀ ਮਾਰ ਸਕਦੇ ਹਨ। ਮੇਰੇ ਪਿਤਾ ਨੇ ਮੇਰੀ ਵੱਡੀ ਭੈਣ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ ਕਿਉਂਕਿ ਉਸ ਨੇ ਅੰਤਰਜਾਤੀ ਵਿਆਹ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ। ਤੁਸੀਂ ਮੈਨੂੰ ਮਿਲਣ ਕਦੀ ਨਾ ਆਉਣਾ। ਭੁੱਲ ਭੁਲੇਖੇ ਸਾਡੇ ਪਿੰਡ ਵੀ ਨਾ ਆਉਣਾ। ਪਰ ਤੁਹਾਡੀਆਂ ਯਾਦਾਂ ਸਾਰੀ ਉਮਰ ਮੇਰੇ ਨਾਲ ਰਹਿਣਗੀਆਂ। ਜੇ ਪ੍ਰਮਾਤਮਾ ਨੇ ਚਾਹਿਆ ਤਾਂ ਸ਼ਾਇਦ ਮਿਲਾਂਗੇ ਜ਼ਰੂਰ। ਲੜਕੀਆਂ ਦੀਆਂ ਇੱਛਾਵਾਂ, ਖੁਸ਼ੀਆਂ, ਆਤਮਜੀਣ ਸ਼ਕਤੀ ਇਹ ਭੈੜਾ ਰੂੜੀਵਾਦੀ ਪੱਛੜਿਆ ਸਮਾਜ ਖੋਲ ਲੈਂਦਾ ਹੈ।"

ਗਿਆਨੀ ਉਸ ਦੀਆਂ ਗੱਲਾਂ ਸੁਣ ਕੇ ਬਹੁਤ ਉਦਾਸ ਹੋਇਆ। ਤੇ ਫਿਰ ਆਪਣੇ-ਆਪਣੇ ਹੋਸਟਲ ਵੱਲ ਚਲੇ ਗਏ।

ਅਗਲੇ ਦਿਨ ਗਿਆਨੀ ਨੇ ਦੇਖਿਆ ਕਿ ਮੀਤ ਖੇਡ ਗਰਾਊਂਡ ਵਿਚ ਪ੍ਰੈਕਟਿਸ ਕਰਨ ਲਈ ਨਹੀਂ ਸੀ ਆਈ। ਲੜਕੇ ਅਤੇ ਲੜਕੀਆਂ ਦੀ ਗਰਾਊਂਡ ਨਾਲ-ਨਾਲ ਹੀ ਸੀ। ਉਹ ਬੜਾ ਪਰੇਸ਼ਾਨ ਅਤੇ ਬੇਤਾਬ ਹੋ ਗਿਆ ਕਿ ਅੱਜ ਉਹ ਗਰਾਊਂਡ ਵਿਚ ਨਹੀਂ ਆਈ। ਉਹ ਅੱਜ ਕਿਉਂ ਨਹੀਂ ਆਈ ਉਸਦੇ ਮਨ ਵਿਚ ਕਈ ਸੁਆਲ ਆਉਣ ਲੱਗੇ।

ਗਿਆਨੀ ਦਾ ਦਿਲ ਖੇਡਣ ਨੂੰ ਬਿਲਕੁਲ ਨਹੀਂ ਸੀ ਕਰ ਰਿਹਾ, ਜਿਵੇਂ ਉਹ ਬੇਜਾਨ ਪੁਤਲਾ ਹੋਵੇ।

ਗਿਆਨੀ ਨੇ ਹਿੰਮਤ ਜੁਟਾ ਕੇ ਉਸਦੀ ਕੋਚ ਨੂੰ ਪੁੱਛਿਆ, "ਅੱਜ ਮੀਤ ਕਿਉਂ ਨਹੀਂ ਆਈ" ਤਾਂ ਉਸ ਕੋਚ ਮੈਡਮ ਨੇ ਕਿਹਾ," ਉਹ ਤਾਂ ਚਲੀ ਗਈ ਏ। ਉਹ ਵਾਪਿਸ ਆਪਣੇ ਪਿੰਡ ਚਲੀ ਗਈ ਏ। ਉਹ ਹੁਣ ਵਾਪਿਸ ਨਹੀਂ ਆਵੇਗੀ।"

ਗਿਆਨੀ ਨੇ ਮਨ ਵਿਚ ਕਈ ਤਰ੍ਹਾਂ ਦੇ ਡਰਾਵਣੇ ਖਿਆਲ ਉਮੜਣ ਲੱਗੇ। ਉਹ ਧੁਰ ਅੰਦਰੋਂ ਡਰ ਜਿਹਾ ਗਿਆ।

ਪਰ ਗਿਆਨੀ ਨੇ ਫਿਰ ਹਿੰਮਤ ਕਰਕੇ ਉਸ ਕੋਚ ਮੈਡਮ ਨੂੰ ਪੁੱਛਿਆ, "ਮੈਡਮ ਕੀ ਉਹ ਚਲੀ ਗਈ ? ਕੀ ਗੱਲ ਹੋਈ ਏ ?"

ਮੈਡਮ ਨੇ ਗਿਆਨੀ ਨੂੰ ਬੈਂਚ 'ਤੇ ਬਿਠਾਂਦੇ ਹੋਏ ਕਿਹਾ, "ਉਨ੍ਹਾਂ ਦੇ ਘਰ ਇਕ ਵੱਡਾ ਹਾਦਸਾ ਹੋ ਗਿਆ ਏ।" ਉਹ ਮੈਡਮ ਨੇ ਉਦਾਸ ਮਨ ਨਾਲ ਦੱਸਿਆ," ਪਿੰਡ ਵਿਚ ਦੁਸ਼ਮਣੀ ਕਰਕੇ ਮੀਤ ਦੇ ਪਿਤਾ ਨੂੰ ਕਿਸੇ ਨੇ ਗੋਲੀ ਮਾਰ ਕੇ ਮਾਰ ਦਿੱਤਾ ਹੈ। ਉਹ ਸਵੇਰੇ ਤੜਕੇ ਹੀ ਚਲੀ ਗਈ ਸੀ।"

ਇਹ ਸਾਰੀ ਵਾਰਦਾਤ ਸੁਣ ਕੇ ਗਿਆਨੀ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਹ ਹੁਣ ਉਦਾਸ ਰਹਿਣ ਲੱਗਾ। ਉਦੋਂ ਮੋਬਾਇਲ ਫੋਨ ਨਹੀਂ ਸਨ ਹੁੰਦੇ। ਫੋਨ ਵੀ ਟਾਂਵੇ-ਟਾਂਵੇ ਹੁੰਦੇ ਸਨ, ਜੋ ਵਿਦਿਆਰਥੀਆਂ ਦੀ ਪਹੁੰਚ ਤੋਂ ਬਾਹਰ ਹੁੰਦੇ ਸਨ। ਗਿਆਨੀ ਦੀ ਟੀਮ ਵਿਚ ਸਿਲੈਕਸ਼ਨ ਹੋ ਗਈ ਸੀ। ਉਨ੍ਹਾਂ ਨੇ ਸੀਨੀਅਰ ਨੋਰਥ ਜ਼ੋਨ ਟੂਰਨਾਮੈਂਟ ਸੋਨੀਪਤ (ਹਰਿਆਣਾ) 'ਚੋਂ ਗੋਲਡ ਮੈਡਮ ਹਾਸਿਲ ਕੀਤਾ। ਪਰ ਗਿਆਨੀ ਨੂੰ ਗੋਲਡ ਮੈਡਲ ਦੀ ਕੋਈ ਖ਼ੁਸ਼ੀ ਨਹੀਂ ਸੀ। ਇਸ ਘਟਨਾ ਨੂੰ ਕਈ ਦਹਾਕੇ ਹੋ ਗਏ ਸਨ ਪਰ ਇਹ ਯਾਦ ਅੱਜ ਵੀ ਸਤਾਉਂਦੀ ਹੈ ਕਦੀ ਕਦੀ।

# 61ਵੀਂ ਮਿਊਨਿਖ (ਜਰਮਨੀ) ਸੁਰੱਖਿਆ ਕਾਨਫਰੰਸ

## ਭਾਰਤ ਇੱਕ ਸਫਲ ਲੋਕਤੰਤਰੀ ਦੇਸ਼ ਹੈ, ਜੋ ਲੋਕਾਂ ਦੇ ਜੀਵਨ ਵਿਚ ਸੁਧਾਰ ਕਰ ਰਿਹਾ ਹੈ

### ਆਜ਼ਾਦੀ ਤੋਂ ਬਾਅਦ, ਭਾਰਤ ਨੇ ਲੋਕਤੰਤਰ ਨੂੰ ਅਪਣਾਇਆ ਕਿਉਂਕਿ ਸਾਡੀ ਸੰਸਕ੍ਰਿਤੀ ਸ਼ੁਰੂ ਤੋਂ ਹੀ ਸਲਾਹ-ਮਸ਼ਵਰੇ ਅਤੇ ਬਹੁਲਵਾਦ 'ਤੇ ਆਧਾਰਿਤ ਹੈ, ਸ਼ਲਾਘਾਯੋਗ ਵਿਚਾਰ : ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ

ਵਿਸ਼ਵ ਪੱਧਰ 'ਤੇ ਦੁਨੀਆਂ ਦਾ ਲਗਭਗ ਹਰ ਦੇਸ਼ ਕਿਸੇ ਨਾ ਕਿਸੇ ਗਲੋਬਲ ਪਲੇਟਫਾਰਮ 'ਚ ਹਿੱਸੇਦਾਰ ਬਣ ਕੇ ਜੁੜਿਆ ਹੋਇਆ ਹੈ, ਜਿਸ ਨਾਲ ਉਨ੍ਹਾਂ ਦੇ ਹਿੱਤ ਮਜ਼ਬੂਤ ਹੁੰਦੇ ਹਨ ਅਤੇ ਕਈ ਦੇਸ਼ ਦੁਨੀਆਂ ਨੂੰ ਆਪਣੇ ਦੇਸ਼ ਬਾਰੇ ਡੂੰਘਾਈ ਨਾਲ ਜਾਣਨ ਦੇ ਚਾਹਵਾਨ ਹੁੰਦੇ ਹਨ, ਜਿਸ ਨਾਲ ਉਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਪਛਾਣ ਮਿਲਦੀ ਹੈ ਅਤੇ ਉਨ੍ਹਾਂ ਦੇ ਗੁਣ ਗਲੋਬਲ ਮੰਚ 'ਤੇ ਆਉਂਦੇ ਹਨ। ਇੱਥੇ ਬਹੁਤ ਸਾਰੇ ਅਧਿਕਾਰਤ ਅੰਤਰਰਾਸ਼ਟਰੀ ਫੋਰਮ ਹਨ, ਜਿਸ ਵਿਚ ਦਿੱਤੇ ਮਤੇ ਨੂੰ ਸਾਰੇ ਮੈਂਬਰ ਦੇਸ਼ਾਂ ਵਿਚ ਸਵੀਕਾਰ ਕਰਨਾ ਪਏਗਾ, ਜਦੋਂ ਕਿ 16 ਫਰਵਰੀ 2025 ਨੂੰ ਮਿਊਨਿਖ (ਜਰਮਨੀ) ਸੁਰੱਖਿਆ ਕਾਨਫਰੰਸ ਵਿਚ ਸਿਰਫ ਤਿੰਨ ਦਿਨ ਸ਼ਾਮਲ ਹੋਏ। ਤਿੰਨ ਦਿਨਾਂ ਤੱਕ ਕਈ ਵਿਸ਼ਿਆਂ 'ਤੇ ਚਰਚਾ ਕੀਤੀ ਗਈ, ਜਿਨ੍ਹਾਂ 'ਚ ਯੂਕਰੇਨ-ਰੂਸ ਜੰਗ ਦੀ ਸਮੱਸਿਆ ਦਾ ਹੱਲ, ਲੋਕਤੰਤਰ ਨੂੰ ਮਜ਼ਬੂਤ ਕਰਨਾ ਆਦਿ ਕਈ ਵਿਸ਼ਿਆਂ 'ਤੇ ਤਿੰਨੇ ਦਿਨ ਕ੍ਰਮਵਾਰ ਚਰਚਾ ਕੀਤੀ ਗਈ। ਇਸ ਕਾਨਫਰੰਸ ਵਿਚ ਪੀਸ ਥਰੂ ਡਾਇਲਾਗ ਥੀਮ ਦੇ ਤਹਿਤ, ਨਾਟੋ ਅਤੇ ਯੂਰਪੀ ਅਨ ਯੂਨੀਅਨ ਦੇ ਮੈਂਬਰ ਦੇਸ਼ਾਂ ਦੇ ਸੀਨੀਅਰ ਰਾਜਨੇਤਾਵਾਂ, ਡਿਪਲੋਮੈਟਾਂ, ਫੌਜੀ ਅਤੇ ਸੁਰੱਖਿਆ ਮਾਹਰਾਂ ਦੇ ਨਾਲ-ਨਾਲ ਚੀਨ, ਭਾਰਤ, ਇਰਾਨ, ਜਾਪਾਨ, ਦੱਖਣੀ ਕੋਰੀਆ ਅਤੇ ਰੂਸ ਵਰਗੇ ਹੋਰ ਦੇਸ਼ਾਂ ਦੇ ਸੀਨੀਅਰ ਨੇਤਾਵਾਂ, ਫੌਜੀ ਅਤੇ ਸੁਰੱਖਿਆ ਮਾਹਰਾਂ ਨੂੰ ਸੁਰੱਖਿਆ ਅਤੇ ਰੱਖਿਆ ਨੀਤੀਆਂ ਵਿਚ ਮੌਜੂਦਾ ਮੁੱਦਿਆਂ 'ਤੇ ਚਰਚਾ ਕਰਨ ਲਈ ਬੁਲਾਇਆ ਗਿਆ ਅਤੇ ਕਾਨਫਰੰਸ ਦੇ ਮੁੱਖ ਉਦੇਸ਼ ਮੌਜੂਦਾ ਨੈੱਟਵਰਕ ਵਿਚ ਸੁਰੱਖਿਆ ਅਤੇ ਸੁਰੱਖਿਆ ਦੀਆਂ ਪ੍ਰਮੁੱਖ ਚੁਣੌਤੀਆਂ ਬਾਰੇ ਵਿਚਾਰ-ਵਟਾਂਦਰਾ ਕਰਨਾ ਹੈ। ਕਾਨਫਰੰਸ ਦਾ ਮੁੱਖ ਨੁਕਤਾ 21ਵੀਂ ਸਦੀ ਵਿਚ ਟਰਾਂਸਲੇਟ ਲੈਂਟਿਕ ਸਬੰਧਾਂ ਦੇ ਵਿਕਾਸ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨਾ ਹੈ, ਨਾਲ ਹੀ ਇਹ ਕਾਨਫਰੰਸ ਨਿੱਜੀ ਤੌਰ 'ਤੇ ਆਯੋਜਿਤ ਕੀਤੀ ਜਾਂਦੀ ਹੈ ਅਤੇ ਇਸ ਲਈ ਇਹ ਇੱਕ ਅਧਿਕਾਰਤ ਸਰਕਾਰੀ ਸਮਾਗਮ ਨਹੀਂ ਹੈ। ਇਹ ਸਿਰਫ ਚਰਚਾ ਲਈ ਵਰਤਿਆ ਜਾਂਦਾ ਹੈ ਕਿਉਂਕਿ ਭਾਰਤ ਨੇ ਮਿਊਨਿਖ ਸੁਰੱਖਿਆ ਕਾਨਫਰੰਸ ਵਿਚ ਹਿੱਸਾ ਲਿਆ ਅਤੇ ਆਪਣੇ ਵਿਚਾਰ ਪੇਸ਼ ਕੀਤੇ, ਅੱਜ ਅਸੀਂ ਮੀਡੀਆ ਵਿਚ ਉਪਲਬਧ ਜਾਣਕਾਰੀ ਦੀ ਮਦਦ ਨਾਲ 14 ਤੋਂ 16 ਫਰਵਰੀ 2025 ਤੱਕ 61ਵੀਂ ਮਿਊਨਿਖ (ਜਰਮਨੀ) ਸੁਰੱਖਿਆ ਕਾਨਫਰੰਸ ਦੀ ਸ਼ੁਰੂਆਤ ਬਾਰੇ ਚਰਚਾ ਕਰਾਂਗੇ।







ਦੋਸਤੋ, ਜੇਕਰ ਅਸੀਂ ਮਿਊਨਿਖ ਸੁਰੱਖਿਆ ਸੰਮੇਲਨ ਨੂੰ ਸਮਝਣ ਦੀ ਗੱਲ ਕਰੀਏ, ਤਾਂ ਪਿਛਲੇ ਚਾਰ ਦਹਾਕਿਆਂ ਵਿਚ ਮਿਊਨਿਖ ਸੁਰੱਖਿਆ ਸੰਮੇਲਨ ਅੰਤਰਰਾਸ਼ਟਰੀ ਸੁਰੱਖਿਆ ਨੀਤੀ ਨਿਰਣਾਇਕਾਂ ਦੁਆਰਾ ਵਿਚਾਰਾਂ ਦੇ ਆਦਾਨ-ਪ੍ਰਦਾਨ ਲਈ ਸਭ ਤੋਂ ਮਹੱਤਵਪੂਰਨ ਸੁਤੰਤਰ ਮੰਚ ਬਣ ਗਿਆ ਹੈ। ਹਰ ਸਾਲ ਇਹ ਮੌਜੂਦਾ ਅਤੇ ਭਵਿੱਖ ਦੀਆਂ ਸੁਰੱਖਿਆ ਚੁਣੌਤੀਆਂ 'ਤੇ ਡੂੰਘੀ ਬਹਿਸ ਕਰਨ ਲਈ ਦੁਨੀਆਂ ਭਰ ਦੇ 70 ਤੋਂ ਵੱਧ ਦੇਸ਼ਾਂ ਦੇ ਲਗਭਗ 350 ਸੀਨੀਅਰ ਲੋਕਾਂ ਨੂੰ ਇਕੱਠਾ ਕਰਦਾ ਹੈ। ਹਾਜ਼ਰ ਲੋਕਾਂ ਦੀ ਸੂਚੀ ਵਿਚ ਰਾਜ ਦੇ ਮੁਖੀ, ਸਰਕਾਰ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਦੇ ਮੁਖੀ, ਮੰਤਰੀ, ਸੰਸਦ ਦੇ ਮੈਂਬਰ, ਹਥਿਆਰ ਬੰਦ ਸੈਨਾਵਾਂ, ਵਿਗਿਆਨ, ਸਿਵਲ ਸੁਸਾਇਟੀ ਦੇ ਉੱਚ-ਦਰਜੇ ਦੇ ਨੁਮਾਇੰਦੇ ਸ਼ਾਮਲ ਹਨ। ਨਾਲ ਹੀ ਇਹ ਕਾਨਫਰੰਸ ਹਰ ਸਾਲ ਫਰਵਰੀ ਵਿਚ ਹੁੰਦੀ ਹੈ। ਇਹ ਮਿਊਨਿਖ, ਬਾਵੇਰੀਆ, ਜਰਮਨੀ ਵਿਚ ਵਾਪਰਦਾ ਹੈ। ਇਸ ਕਾਨਫਰੰਸ ਵਿਚ ਪੀਸ ਥਰੂ ਡਾਇਲਾਗ ਥੀਮ ਦੇ ਤਹਿਤ, ਨਾਟੋ ਅਤੇ ਈਯੂ ਦੇ ਮੈਂਬਰ ਦੇਸ਼ਾਂ ਦੇ ਸੀਨੀਅਰ ਨੇਤਾਵਾਂ, ਡਿਪਲੋਮੈਟਾਂ, ਫੌਜੀ ਅਤੇ ਸੁਰੱਖਿਆ ਮਾਹਰਾਂ ਦੇ ਨਾਲ-ਨਾਲ ਚੀਨ, ਭਾਰਤ, ਇਰਾਨ, ਜਾਪਾਨ, ਦੱਖਣੀ ਕੋਰੀਆ ਅਤੇ ਰੂਸ ਵਰਗੇ ਹੋਰ ਦੇਸ਼ਾਂ ਦੇ ਸੀਨੀਅਰ ਸਿਆਸਤਦਾਨਾਂ, ਡਿਪਲੋਮੈਟਾਂ, ਫੌਜੀ ਅਤੇ ਸੁਰੱਖਿਆ ਮਾਹਰਾਂ ਨੂੰ ਸੁਰੱਖਿਆ ਅਤੇ ਰੱਖਿਆ ਨੀਤੀਆਂ ਦੇ ਮੌਜੂਦਾ ਮੁੱਦਿਆਂ 'ਤੇ ਚਰਚਾ ਕਰਨ ਲਈ ਸੱਦਾ ਦਿੱਤਾ ਗਿਆ ਸੀ। ਕਾਨਫਰੰਸ ਦਾ ਉਦੇਸ਼ ਮੌਜੂਦਾ ਮੁੱਖ ਸੁਰੱਖਿਆ ਮੁੱਦਿਆਂ 'ਤੇ ਚਰਚਾ ਕਰਨਾ ਅਤੇ ਨੈੱਟਵਰਕ ਸੁਰੱਖਿਆ ਦੀ ਧਾਰਨਾ ਦੇ ਨਾਲ ਮੌਜੂਦਾ ਅਤੇ ਭਵਿੱਖ ਵਿਚ ਮੁੱਖ ਸੁਰੱਖਿਆ ਚੁਣੌਤੀਆਂ ਦਾ ਬਹਿਸ ਕਰਨਾ ਅਤੇ ਵਿਸ਼ਲੇਸ਼ਣ ਕਰਨਾ ਹੈ। ਕਾਨਫਰੰਸ ਦਾ ਮੁੱਖ ਬਿੰਦੂ 21ਵੀਂ ਸਦੀ ਵਿਚ ਟਰਾਂਸਲੇਟਲੈਂਟਿਕ ਸਬੰਧਾਂ ਦੇ ਨਾਲ-ਨਾਲ ਯੂਰਪੀਅਨ ਅਤੇ ਗਲੋਬਲ ਸੁਰੱਖਿਆ ਦੇ ਵਿਕਾਸ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨਾ ਹੈ ਅਤੇ ਇਸ ਲਈ ਇਹ ਇੱਕ ਅਧਿਕਾਰਤ ਸਰਕਾਰੀ ਸਮਾਗਮ ਨਹੀਂ ਹੈ। ਅੰਤਰ-ਸਰਕਾਰੀ ਫੈਸਲਿਆਂ ਨੂੰ ਬੰਨ੍ਹਣ ਲਈ ਅਥਾਰਟੀ ਮੌਜੂਦ ਨਹੀਂ ਹੈ। ਇਸ ਤੋਂ ਇਲਾਵਾ, ਆਮ ਸੰਮੇਲਨਾਂ ਦੇ ਉਲਟ - ਕੋਈ ਆਮ ਅੰਤਿਮ ਰੀਲੀਜ਼ ਨਹੀਂ ਹੈ। ਉੱਚ-ਪੱਧਰੀ ਮੀਟਿੰਗ ਦੀ ਵਰਤੋਂ ਭਾਗੀਦਾਰਾਂ ਵਿਚਕਾਰ ਵਿਅਕਤੀਗਤ ਪਿਛੋਕੜ ਦੀ ਚਰਚਾ ਲਈ ਵੀ ਕੀਤੀ ਜਾਂਦੀ ਹੈ। ਅਪਵਾਦ ਗਲੋਬਲ ਰਾਜਨੀਤਿਕ ਫੈਸਲਿਆਂ ਦੀ ਪੇਸ਼ਕਾਰੀ ਹੈ, ਜਿਵੇਂ ਕਿ ਸੰਯੁਕਤ ਰਾਜ ਅਤੇ ਰੂਸ ਵਿਚਕਾਰ ਨਵੇਂ ਸ਼ੁਰੂਆਤ ਨਿਸ਼ਸਤਰੀਕਰਨ ਸਮਝੌਤੇ ਲਈ ਪ੍ਰਵਾਨਗੀ ਦੇ ਯੰਤਰਾਂ ਦਾ ਆਦਾਨ-ਪ੍ਰਦਾਨ, ਜੋ 2011 ਵਿਚ ਸੁਰੱਖਿਆ ਸੰਮੇਲਨ ਦੇ ਅੰਤ ਵਿਚ ਆਯੋਜਿਤ ਕੀਤਾ ਗਿਆ ਸੀ।

ਦੋਸਤੋ, ਜੇਕਰ ਅਸੀਂ ਮਿਊਨਿਖ ਸੁਰੱਖਿਆ ਸੰਮੇਲਨ ਵਿਚ ਭਾਰਤ ਦੀ ਨੁਮਾਇੰਦਗੀ ਕਰਨ ਵਾਲੇ ਕੇਂਦਰੀ ਗ੍ਰਹਿ ਮੰਤਰੀ ਦੀ ਗੱਲ ਕਰੀਏ, ਤਾਂ ਉਨ੍ਹਾਂ ਨੇ ਅੱਤਵਾਦ ਦੇ ਖਿਲਾਫ ਮੁੱਦੇ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਅੱਤਵਾਦ ਦੇ ਖਿਲਾਫ ਲੜਾਈ ਵਿਚ ਪ੍ਰਧਾਨ ਮੰਤਰੀ ਦੀ ਅਗਵਾਈ ਵਿਚ ਭਾਰਤ ਵਿਸ਼ਵ ਭਾਈਚਾਰੇ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ। ਅੱਤਵਾਦ ਨੂੰ ਫੰਡਿੰਗ ਲਈ ਸਰਹੱਦ ਪਾਰ ਲਿੰਕ ਤੇਜ਼ੀ ਨਾਲ ਵਧ ਰਹੇ ਹਨ। ਇਸ ਦੇ ਨਾਲ ਹੀ, ਨਵੀਂ ਤਕਨਾਲੋਜੀ ਦੇ ਵਿਕਾਸ ਕਾਰਨ, ਅੱਤਵਾਦੀਆਂ ਨੂੰ ਫੰਡਾਂ ਦੇ ਪ੍ਰਵਾਹ ਲਈ ਵਰਤੇ ਜਾਣ ਵਾਲੇ ਸਰੋਤ, ਤਰੀਕੇ ਅਤੇ ਚੈਨਲ ਦਿਨੋਂ-ਦਿਨ ਗੁੰਝਲਦਾਰ ਹੁੰਦੇ ਜਾ ਰਹੇ ਹਨ। ਇਹ ਵਿਸ਼ਵ ਸੁਰੱਖਿਆ ਲਈ ਵੱਡੀ ਚੁਣੌਤੀ ਬਣ ਰਹੇ ਹਨ। ਉਨ੍ਹਾਂ ਨੇ ਅੱਤਵਾਦੀ ਫੰਡਿੰਗ ਦਾ ਮੁਕਾਬਲਾ ਕਰਨ ਲਈ ਬਹੁਪੱਖੀ ਸਹਿਯੋਗ ਦੇ ਮੁੱਦੇ 'ਤੇ ਕਾਨਫਰੰਸ ਦੀ ਮੇਜ਼ਬਾਨੀ ਕਰਨ, ਖਤਰਿਆਂ ਪ੍ਰਤੀ ਸੁਚੇਤ ਰਹਿਣ ਅਤੇ ਨਵੀਂ ਦਿੱਲੀ ਵਿਚ ਆਯੋਜਿਤ ਐੱਨ.ਐੱਮ.ਐੱਫ.ਟੀ. ਕਾਨਫਰੰਸ 2022 ਦੀ ਚਰਚਾ ਨੂੰ ਅੱਗੇ ਵਧਾਉਣ ਲਈ ਜਰਮਨ ਸਰਕਾਰ ਦਾ ਧੰਨਵਾਦ ਕੀਤਾ।

ਦੋਸਤੋ, ਜੇਕਰ ਅਸੀਂ ਭਾਰਤੀ ਵਿਦੇਸ਼ ਮੰਤਰੀ ਦੇ ਵਿਚਾਰਾਂ ਦੀ ਗੱਲ ਕਰੀਏ, ਤਾਂ ਭਾਰਤ ਚੁਣੌਤੀਆਂ ਦੇ ਬਾਵਜੂਦ ਲੋਕਤੰਤਰ ਪ੍ਰਤੀ ਵਫ਼ਾਦਾਰ ਹੈ। ਭਾਰਤ ਸਾਰੀਆਂ ਚੁਣੌਤੀਆਂ, ਇੱਥੋਂ ਤੱਕ ਕਿ ਘੱਟ ਆਮਦਨੀ ਦੇ ਬਾਵਜੂਦ ਲੋਕਤੰਤਰੀ ਮਾਡਲ ਪ੍ਰਤੀ ਵਫ਼ਾਦਾਰ ਰਿਹਾ ਹੈ, ਜੋ ਕਿ ਦੁਨੀਆਂ ਦੇ ਸਾਡੇ ਹਿੱਸੇ ਵਿਚ ਵੀ ਦੇਖਿਆ ਜਾਂਦਾ ਹੈ। ਅਸੀਂ ਲਗਭਗ ਇਕੱਲੇ ਦੇਸ਼ ਹਾਂ, ਜਿਸ ਨੇ ਅਜਿਹਾ ਕੀਤਾ ਹੈ। ਉਸਨੇ ਟਵਿੱਟਰ 'ਤੇ ਇੱਕ ਪੋਸਟ ਵਿਚ ਕਿਹਾ, ਭਾਰਤ ਨੂੰ ਇੱਕ ਲੋਕਤੰਤਰ ਵਜੋਂ ਉਜਾਗਰ ਕੀਤਾ, ਜੋ ਨਤੀਜੇ ਪ੍ਰਦਾਨ ਕਰਦਾ ਹੈ। ਪ੍ਰਚਲਿਤ ਸਿਆਸੀ ਨਿਰਾਸ਼ਾਵਾਦ ਨਾਲ ਅਸਹਿਮਤ ਹਾਂ। ਉਨ੍ਹਾਂ ਨੇ ਵਿਦੇਸ਼ੀ ਦਖਲਅੰਦਾਜ਼ੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਜੈਸ਼ੰਕਰ ਤੋਂ ਇਲਾਵਾ, ਪੈਨਲ ਵਿਚ ਨਾਰਵੇ ਦੇ ਪ੍ਰਧਾਨ ਮੰਤਰੀ ਜੋਨਸ ਗਹਿਰ ਸਟੋਰੀ, ਅਮਰੀਕੀ ਸੈਨੇਟਰ ਐਲੀਸਾ ਸਲੋਟਕਿਨ ਅਤੇ ਵਾਰਸਾ ਦੇ ਮੇਅਰ ਰਾਫਾਲ ਟ੍ਰਜ਼ਾਸਕੋਵਸਕੀ ਸ਼ਾਮਲ ਸਨ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ 80 ਕਰੋੜ ਲੋਕਾਂ ਨੂੰ ਪੋਸ਼ਣ ਸਹਾਇਤਾ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਉਸ ਨੇ ਅਮਰੀਕੀ ਸੈਨੇਟਰ ਐਲੀਸਾ ਸਲੋਟਕਿਨ ਦੀ ਟਿੱਪਣੀ ਦਾ ਖੰਡਨ ਕੀਤਾ ਕਿ ਲੋਕਤੰਤਰ ਭੋਜਨ ਪ੍ਰਦਾਨ ਨਹੀਂ ਕਰਦਾ।

ਦੋਸਤੋ, ਜੇਕਰ ਅਸੀਂ ਪਿਛਲੇ ਸੈਸ਼ਨ ਵਿਚ ਜ਼ਮੀਨ ਦੀ ਬਹਾਲੀ ਅਤੇ ਸੁਰੱਖਿਆ ਦੀ ਗੱਲ ਕਰਦੇ ਹਾਂ, ਤਾਂ ਜ਼ਮੀਨ ਕਦੋਂ

ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀਨ
ਗੋਂਡੀਆ, ਮਹਾਰਾਸ਼ਟਰ
92841-41425
ਪੰਜਾਬ ਮੇਲ USA



ਵਿਵਾਦ ਦਾ ਕਾਰਨ ਬਣ ਜਾਂਦੀ ਹੈ? ਤਿੰਨ ਬਿਲੀਅਨ ਲੋਕਾਂ ਲਈ, ਜ਼ਮੀਨ ਉਨ੍ਹਾਂ ਦੇ ਬਚਾਅ ਅਤੇ ਵਿਕਾਸ ਲਈ ਬਹੁਤ ਜ਼ਰੂਰੀ ਹੈ, ਪਰ 20 ਤੋਂ 40 ਪ੍ਰਤੀਸ਼ਤ ਵਿਸ਼ਵ ਭੂਮੀ ਪਹਿਲਾਂ ਹੀ ਘਟੀ ਹੋਈ ਹੈ, ਬਹੁਤ ਸਾਰੇ ਭਾਈਚਾਰੇ ਇਸ ਮਹੱਤਵਪੂਰਨ ਸਰੋਤ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਗਾਇਬ ਹੁੰਦੇ ਦੇਖਦੇ ਹਨ। ਜਿਉਂ-ਜਿਉਂ ਸਿਹਤਮੰਦ ਜ਼ਮੀਨ ਘੱਟ ਜਾਂਦੀ ਹੈ, ਉਤਪਾਦਕ ਜ਼ਮੀਨ ਨੂੰ ਲੈ ਕੇ ਮੁਕਾਬਲਾ ਅਤੇ ਵਿਵਾਦ ਵਧਦੇ ਜਾਂਦੇ ਹਨ। ਪਿਛਲੇ 60 ਸਾਲਾਂ ਵਿਚ, 40 ਪ੍ਰਤੀਸ਼ਤ ਅੰਤਰਰਾਜੀ ਸੰਘਰਸ਼ਾਂ ਵਿਚ ਕੁਦਰਤੀ ਸਰੋਤ ਸ਼ਾਮਲ ਹਨ। ਹਾਲਾਂਕਿ, ਭੂਮੀ ਬਹਾਲੀ ਦੀ ਸਹਿਯੋਗੀ, ਲਚਕੀਲਾਪਣ-ਨਿਰਮਾਣ ਅਤੇ ਸ਼ਾਂਤੀ-ਪ੍ਰੇਰਕ ਸੰਭਾਵਨਾਵਾਂ ਦਾ ਅਜੇ ਵੀ ਪੂਰੀ ਤਰ੍ਹਾਂ ਵਰਤੋਂ ਨਹੀਂ ਕੀਤਾ ਗਿਆ ਹੈ। ਇਸ ਪਾੜੇ ਨੂੰ ਪੂਰਾ ਕਰਨ ਲਈ, ਸੰਯੁਕਤ ਰਾਸ਼ਟਰ ਕਨਵੈਨਸ਼ਨ ਟੂ ਕੰਬੈਟ ਡੈਜ਼ਰਟੀਫਿਕੇਸ਼ਨ ਨੇ ਜ਼ਮੀਨ, ਸ਼ਾਂਤੀ ਅਤੇ ਸੁਰੱਖਿਆ ਵਿਚਕਾਰ ਸਬੰਧਾਂ 'ਤੇ ਸ਼ਾਂਤੀ ਲਈ ਆਧਾਰ ਰਿਪੋਰਟ ਤਿਆਰ ਕੀਤੀ, ਜਿਸ ਨੂੰ ਥਿੰਕ ਟੈਂਕ ਅਡੇਲਫੀ ਰਿਸਰਚ ਦੁਆਰਾ ਅਨੁਭਵ ਕੀਤਾ ਗਿਆ ਅਤੇ 2024 ਵਿਚ 16ਵੀਂ ਯੂ.ਐੱਨ.ਸੀ.ਸੀ.ਡੀ. ਕਾਨਫਰੰਸ ਵਿਚ ਪੇਸ਼ ਕੀਤਾ ਗਿਆ। ਰਿਪੋਰਟ ਦੇ ਨਤੀਜਿਆਂ ਦੇ ਆਧਾਰ 'ਤੇ, ਇਹ ਗੱਲਬਾਤ, ਯੂ.ਐੱਨ.ਸੀ.ਸੀ.ਡੀ. ਅਤੇ ਐਡੇਲਫੀ ਰਿਸਰਚ ਦੁਆਰਾ ਆਯੋਜਿਤ, ਇਸ ਗੱਲ ਦੀ ਪੜਚੋਲ ਕਰਦੀ ਹੈ ਕਿ ਸੁਰੱਖਿਆ ਭਾਈਚਾਰੇ ਲਈ ਜ਼ਮੀਨ ਕਿਉਂ ਮਾਇਨੇ ਰੱਖਦੀ ਹੈ। ਇਹ ਜ਼ਮੀਨੀ ਗਿਰਾਵਟ, ਸੰਘਰਸ਼ ਅਤੇ ਮਨੁੱਖੀ ਸੁਰੱਖਿਆ ਅਤੇ ਸੰਘਰਸ਼ ਨੂੰ ਰੋਕਣ, ਸਹਿਯੋਗ ਨੂੰ ਉਤਸ਼ਾਹਿਤ ਕਰਨ ਅਤੇ ਲਚਕੀਲੇਪਣ ਨੂੰ ਮਜ਼ਬੂਤ ਕਰਨ ਵਿਚ ਜ਼ਮੀਨੀ ਬਹਾਲੀ ਦੀ ਭੂਮਿਕਾ ਦੇ ਵਿਚਕਾਰ ਸਬੰਧਾਂ ਨੂੰ ਉਜਾਗਰ ਕਰਦਾ ਹੈ।

ਇਸ ਲਈ, ਜੇਕਰ ਅਸੀਂ ਉਪਰੋਕਤ ਪੂਰੇ ਵੇਰਵਿਆਂ ਦਾ ਅਧਿਐਨ ਕਰਦੇ ਹਾਂ ਅਤੇ ਇਸਦਾ ਵਿਸ਼ਲੇਸ਼ਣ ਕਰਦੇ ਹਾਂ, ਤਾਂ ਸਾਨੂੰ ਪਤਾ ਲੱਗੇਗਾ ਕਿ 61ਵੀਂ ਮਿਊਨਿਖ (ਜਰਮਨੀ) ਸੁਰੱਖਿਆ ਕਾਨਫਰੰਸ 14-16 ਫਰਵਰੀ 2025 ਨੂੰ ਸ਼ੁਰੂ ਹੋ ਰਹੀ ਹੈ। ਭਾਰਤ ਇੱਕ ਸਫਲ ਲੋਕਤੰਤਰੀ ਦੇਸ਼ ਹੈ, ਜੋ ਲੋਕਾਂ ਦੇ ਜੀਵਨ ਵਿਚ ਸੁਧਾਰ ਕਰ ਰਿਹਾ ਹੈ, ਕਿਉਂਕਿ ਭਾਰਤ ਨੇ ਆਜ਼ਾਦੀ ਤੋਂ ਬਾਅਦ ਲੋਕਤੰਤਰ ਨੂੰ ਅਪਣਾਇਆ ਹੈ ਕਿਉਂਕਿ ਸਾਡੀ ਸੰਸਕ੍ਰਿਤੀ ਸਲਾਹ-ਮਸ਼ਵਰੇ ਅਤੇ ਬਹੁਵਚਨਵਾਦ 'ਤੇ ਆਧਾਰਿਤ ਹੈ।

# "ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ"

## 21 ਫਰਵਰੀ ...

ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲ USA






ਭਾਸ਼ਾ ਦੀਆਂ ਪਰਿਭਾਸ਼ਾਵਾਂ ਵਿਚ: ਭਾਸ਼ਾ ਸ਼ਬਦ ਸੰਸਕ੍ਰਿਤ ਦੇ ਧਾਤ ਤੋਂ ਬਣਿਆ ਹੈ, ਜਿਸ ਦਾ ਮਤਲਬ ਹੈ ਬੋਲਣਾ ਜਾਂ ਕਹਿਣਾ। ਅਰਥਾਤ ਭਾਸ਼ਾ ਉਹ ਹੈ, ਜਿਸ ਨੂੰ ਬੋਲਿਆ ਜਾਵੇ। ਪਲੈਟੋ ਅਨੁਸਾਰ ਕਿ ਵਿਚਾਰ ਅਤੇ ਭਾਸ਼ਾ ਵਿਚ ਥੋੜਾ ਹੀ ਅੰਤਰ ਹੈ। ਵਿਚਾਰ ਆਤਮਾ ਦੀ ਮੂਕ ਜਾਂ ਅਧੁਨੀਰੂਪ ਗੱਲਬਾਤ ਹੈ। ਪਰ ਉਹ ਹੀ ਜਦੋਂ ਧੁਨੀਰੂਪ ਹੋ ਕੇ ਬੁੱਲੀਆਂ ਉੱਤੇ ਜ਼ਾਹਿਰ ਹੁੰਦੀ ਹੈ, ਉਸ ਨੂੰ ਭਾਸ਼ਾ ਦੀ ਸੰਗਿਆ ਦਿੰਦੇ ਹਨ। ਭਾਸ਼ਾ ਅੰਦਰੂਨੀ ਪ੍ਰਕਾਸ਼ਨ ਦਾ ਸਭ ਤੋਂ ਜ਼ਿਆਦਾ ਭਰੋਸੇਯੋਗ ਸਾਧਨ ਹੈ। ਇਹੀ ਨਹੀਂ, ਉਹ ਸਾਡੇ ਅੰਦਰੂਨੀ ਦੇ ਉਸਾਰੀ, ਵਿਕਾਸ, ਸਾਡੀ ਅਸਮਿਤਾ, ਸਮਾਜਿਕ, ਸੰਸਕ੍ਰਿਤਿਕ ਪਹਿਚਾਣ ਦਾ ਵੀ ਸਾਧਨ ਹੈ। ਭਾਸ਼ਾ ਦੇ ਬਿਨਾਂ ਮਨੁੱਖ ਸਰਵਥਾ ਅਪੂਰਣ ਅਤੇ ਇਤਿਹਾਸ ਆਦਿ ਪ੍ਰਸੰਗ ਨਾਲੋਂ ਵੱਖ ਹੁੰਦਾ ਹੈ।

ਇਹ ਦਿਹਾੜਾ ਲੋਕਾਂ ਦੇ ਆਪਣੀਆਂ ਭਾਸ਼ਾਵਾਂ ਨੂੰ ਸੁਰੱਖਿਅਤ ਰੱਖਣ, ਮੁੜ ਸੁਰਜੀਤ ਕਰਨ, ਭਾਸ਼ਾਈ ਸੱਭਿਆਚਾਰਕ ਵਿਭਿੰਨਤਾ ਪ੍ਰਤੀ ਜਾਗਰੂਕਤਾ ਅਤੇ ਬਹੁ-ਭਾਸ਼ਾਈਵਾਦ ਨੂੰ ਉਤਸ਼ਾਹਿਤ ਕਰਨ ਦੇ ਅਧਿਕਾਰ ਨੂੰ ਯਕੀਨੀ ਬਣਾਉਣਾ ਹੈ। ਇਹ ਨੀਤੀ ਵਿਕਾਸ ਦੇ ਖੇਤਰਾਂ ਵਿਚ ਸਹਿਯੋਗ ਕਰਨ ਅਤੇ ਇਕ ਵਿਸ਼ਵਵਿਆਪੀ ਵਾਰਤਾਲਾਪ ਨੂੰ ਉਤੇਜਿਤ ਕਰਨ ਅਤੇ ਵਿਸ਼ਵ ਭਰ ਵਿਚ ਭਾਸ਼ਾਵਾਂ ਦੀ ਸੰਭਾਲ, ਵਰਤੋਂ ਅਤੇ ਪ੍ਰਚਾਰ ਲਈ ਲੋੜੀਂਦੇ ਉਪਾਅ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ।

ਇਹ ਦਿਨ ਚਿੰਤਾ ਦੇ ਮੁੱਦਿਆਂ 'ਤੇ ਲੋਕਾਂ ਨੂੰ ਜਾਗਰੂਕ ਕਰਨ ਵਿਸ਼ਵਵਿਆਪੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਰਾਜਨੀਤਿਕ ਇੱਛਾ ਸ਼ਕਤੀ ਅਤੇ ਸਰੋਤਾਂ ਨੂੰ ਜੁਟਾਉਣ ਅਤੇ ਮਨੁੱਖਤਾ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਅਤੇ ਮਜ਼ਬੂਤ ਕਰਨ ਦੇ ਮੌਕੇ ਹਨ। ਅੰਤਰਰਾਸ਼ਟਰੀ ਦਿਨਾਂ ਦੀ ਹੋਂਦ ਸੰਯੁਕਤ ਰਾਸ਼ਟਰ ਦੀ ਸਥਾਪਨਾ ਤੋਂ ਪਹਿਲਾਂ ਹੈ। ਪਰ ਸੰਯੁਕਤ ਰਾਸ਼ਟਰ ਨੇ ਇਨ੍ਹਾਂ ਨੂੰ ਇਕ ਸ਼ਕਤੀਸ਼ਾਲੀ ਵਕਾਲਤ ਸਾਧਨ ਵਜੋਂ ਅਪਣਾਇਆ ਹੈ। ਜਿਵੇਂ: ਅੰਤਰਰਾਸ਼ਟਰੀ ਸਿੱਖਿਆ ਦਿਵਸ (24 ਜਨਵਰੀ), ਸੱਭਿਆਚਾਰਕ ਵਿਭਿੰਨਤਾ ਲਈ ਵਿਸ਼ਵ ਦਿਵਸ (21 ਮਈ), ਵਿਸ਼ਵ ਦੇ ਆਦਿਵਾਸੀ ਲੋਕਾਂ ਦਾ ਅੰਤਰਰਾਸ਼ਟਰੀ ਦਿਵਸ (9 ਅਗਸਤ), ਅੰਤਰਰਾਸ਼ਟਰੀ ਸਾਖਰਤਾ ਦਿਵਸ (8 ਸਤੰਬਰ), ਸੰਕੇਤਕ ਭਾਸ਼ਾਵਾਂ ਦਾ ਅੰਤਰਰਾਸ਼ਟਰੀ ਦਿਵਸ (30 ਸਤੰਬਰ)।

21 ਫਰਵਰੀ ਨੂੰ ਆਯੋਜਿਤ ਇਕ ਵਿਸ਼ਵਵਿਆਪੀ ਸਾਲਾਨਾ ਸਮਾਰੋਹ ਹੈ। ਪਹਿਲੀ ਵਾਰ ਯੂਨੈਸਕੋ ਵੱਲੋਂ 17 ਨਵੰਬਰ, 1999 ਨੂੰ ਆਯੋਜਿਤ ਕੀਤਾ ਗਿਆ ਸੀ। ਇਸ ਨੂੰ ਸੰਯੁਕਤ ਰਾਸ਼ਟਰ ਮਹਾਂਸਭਾ ਵੱਲੋਂ 2002 ਵਿਚ ਸੰਯੁਕਤ ਰਾਸ਼ਟਰ ਦੇ ਮਤੇ 56/262 ਨੂੰ ਅਪਣਾਉਣ ਦੇ ਨਾਲ ਰਸਮੀ ਤੌਰ 'ਤੇ ਮਾਨਤਾ ਦਿੱਤੀ ਗਈ। ਜਿਵੇਂ ਕਿ ਸੰਯੁਕਤ ਰਾਸ਼ਟਰ ਮਹਾਂਸਭਾ ਵੱਲੋਂ 16 ਮਈ 2007 ਨੂੰ ਸੰਯੁਕਤ ਰਾਸ਼ਟਰ ਦੇ ਮਤੇ 61/266 ਵਿਚ ਅਪਣਾਇਆ ਗਿਆ ਸੀ, ਜਿਸ ਨੇ 2008 ਨੂੰ ਭਾਸ਼ਾਵਾਂ ਦੇ ਅੰਤਰਰਾਸ਼ਟਰੀ ਸਾਲ ਵਜੋਂ ਸਥਾਪਿਤ ਕੀਤਾ। ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਉਣ ਦਾ ਵਿਚਾਰ ਬੰਗਲਾਦੇਸ਼ ਦੀ ਪਹਿਲ ਸੀ। ਯੂਨੈਸਕੋ ਨੂੰ ਸਾਲ ਲਈ ਪ੍ਰਮੁੱਖ ਏਜੰਸੀ ਵਜੋਂ ਸੇਵਾ ਕਰਨ ਦਾ ਨਾਮ ਦਿੱਤਾ। ਬੰਗਲਾਦੇਸ਼ ਵਿਚ 21 ਫਰਵਰੀ ਉਸ ਦਿਨ ਦੀ ਵਰ੍ਹੇਗੰਢ ਹੈ, ਜਦੋਂ ਬੰਗਲਾਦੇਸ਼ (ਉਸ ਸਮੇਂ ਪੂਰਬੀ ਪਾਕਿਸਤਾਨ ਦੇ ਲੋਕਾਂ ਨੇ ਬੰਗਲਾ ਭਾਸ਼ਾ ਨੂੰ ਮਾਨਤਾ ਦਿਵਾਉਣ ਲਈ ਲੜਾਈ ਲੜੀ ਸੀ। ਇਹ ਪੱਛਮੀ ਬੰਗਾਲ ਭਾਰਤ ਵਿਚ ਵੀ ਮਨਾਇਆ ਜਾਂਦਾ ਹੈ।

ਬੰਗਾਲੀ ਭਾਸ਼ਾ ਅੰਦੋਲਨ 1952 ਤਤਕਾਲੀਨ ਪੂਰਬੀ ਪਾਕਿਸਤਾਨ (ਵਰਤਮਾਨ ਬੰਗਲਾਦੇਸ਼) ਵਿਚ ਚਲਿਆ ਇਕ ਸੱਭਿਆਚਾਰਕ ਅਤੇ ਰਾਜਨੀਤਿਕ ਅੰਦੋਲਨ ਸੀ, ਜਿਸ ਨੂੰ ਭਾਸ਼ਾ ਅੰਦੋਲਨ ਵੀ ਕਹਿੰਦੇ ਹਨ। ਇਸ ਅੰਦੋਲਨ ਦੀ ਮੰਗ ਸੀ ਕਿ ਬੰਗਲਾ ਭਾਸ਼ਾ ਨੂੰ ਪਾਕਿਸਤਾਨ ਦੀ ਇਕ ਦਫਤਰੀ ਭਾਸ਼ਾ ਵਜੋਂ ਮਾਨਤਾ ਦਿੱਤੀ ਜਾਵੇ। ਇਸ ਦੀ ਵਰਤੋਂ ਸਰਕਾਰੀ ਕੰਮਕਾਰ, ਧੰਦੇ, ਸਿੱਖਿਆ ਦੇ ਮਾਧਿਅਮ ਵਜੋਂ ਸੰਚਾਰ ਮਾਧਿਅਮਾਂ ਵਿਚ ਮੁਦਰਾ ਅਤੇ ਮੁਹਰ ਆਦਿ ਉੱਤੇ ਜਾਰੀ ਰੱਖਿਆ ਜਾਵੇ। ਇਹ ਮੰਗ ਪੂਰਬੀ ਪਾਕਿਸਤਾਨ ਦੇ ਧੀਰੇਂਦਰ ਦੱਤਾ ਵੱਲੋਂ 23 ਫਰਵਰੀ, 1948 ਨੂੰ ਉਠਾਈ ਗਈ। ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਮੁਜ਼ਾਹਰੇ ਕੀਤੇ ਜਾਣ ਲੱਗੇ। ਉਨ੍ਹਾਂ ਨੂੰ ਆਮ ਜਨਤਾ ਦਾ ਵੀ ਸਮਰਥਨ ਪ੍ਰਾਪਤ ਸੀ। 21 ਫਰਵਰੀ, 1952 ਨੂੰ ਪੁਲਿਸ ਵੱਲੋਂ ਗੋਲੀ ਚਲਾ ਦਿੱਤੀ ਗਈ। ਜਿਸ ਵਿਚ ਅਨੇਕਾਂ ਲੋਕ ਜ਼ਖਮੀ ਹੋਏ। ਪਰ ਚਾਰ ਵਿਦਿਆਰਥੀ ਮਾਰੇ ਗਏ, ਜਿਵੇਂ ਕਿ ਅਬਸ ਸਲਾਮ, ਅਬੁਲ ਬਰਕਤ, ਰਫੀਕ ਉਦੀਨ ਅਹਿਮਦ, ਅਬਦੁਲ ਜਬਰ ਅਤੇ ਸਫੀਰ ਰਹਿਮਾਨ, ਇਹ ਦੁਨੀਆਂ ਵਿਚ ਇਕ ਵੱਖਰਾ ਦਰਦਨਾਕ ਅੰਦੋਲਨ ਸੀ, ਜਦ ਕਿਸੇ ਨੇ ਆਪਣੀ ਮਾਂ ਬੋਲੀ ਲਈ ਕੁਰਬਾਨੀਆਂ ਦਿੱਤੀਆਂ।



ਉਦੋਂ ਤੋਂ ਬੰਗਲਾਦੇਸ਼ੀ ਉਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਇਸ ਦਰਦਨਾਕ ਦਿਨ ਨੂੰ ਮਾਤ ਭਾਸ਼ਾ ਦਿਵਸ ਵਜੋਂ ਮਨਾਉਂਦੇ ਹਨ। ਸ਼ਹੀਦਾਂ ਦੀ ਯਾਦ ਵਿਚ ਉਸਰੇ ਸ਼ਹੀਦੀ ਮੀਨਾਰ 'ਤੇ ਜਾਂਦੇ ਹਨ। ਡੂੰਘੇ ਦੁੱਖ ਅਤੇ ਭਾਵਨਾ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦੇ ਹਨ। ਉਸ ਦਿਨ ਬੰਗਲਾਦੇਸ਼ ਵਿਚ ਛੁੱਟੀ ਘੋਸ਼ਿਤ ਹੈ। ਨਵੰਬਰ 17, 1991 ਨੂੰ ਯੂਨੈਸਕੋ ਦੀ 30ਵੀਂ ਮਹਾਂਸਭਾ ਵੱਲੋਂ 21 ਫਰਵਰੀ ਦਾ ਦਿਨ ਮਾਤ ਭਾਸ਼ਾ ਦਿਵਸ ਐਲਾਨ ਕੀਤਾ। ਉਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਜਿਨ੍ਹਾਂ ਨੇ 21 ਫਰਵਰੀ, 1952 ਨੂੰ ਕੁਰਬਾਨੀਆਂ ਦਿੱਤੀਆਂ।

ਅੱਜ ਇਹ ਜਾਗਰੂਕਤਾ ਵੱਧ ਰਹੀ ਹੈ ਕਿ ਭਾਸ਼ਾਵਾਂ ਵਿਕਾਸ ਵਿਚ ਸੱਭਿਆਚਾਰਕ ਵਿਭਿੰਨਤਾ ਅਤੇ ਅੰਤਰ-ਸੱਭਿਆਚਾਰਕ ਸੰਵਾਦ ਨੂੰ ਯਕੀਨੀ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਪਰ ਨਾਲ ਹੀ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਸਾਰਿਆਂ ਲਈ ਮਿਆਰੀ ਸਿੱਖਿਆ ਪ੍ਰਾਪਤ ਕਰਨ, ਸੰਮਲਿਤ ਗਿਆਨ ਸਮਾਜ ਦੇ ਨਿਰਮਾਣ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਵਿਚ ਅਤੇ ਸਿਆਸੀ ਲਾਮਬੰਦੀ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਟਿਕਾਊ ਵਿਕਾਸ ਲਈ ਵਿਗਿਆਨ ਅਤੇ ਤਕਨੀਕੀ ਲਾਭਾਂ ਨੂੰ ਲਾਗੂ ਕਰਨ ਦੀ ਇੱਛਾ।

ਭਾਸ਼ਾਵਾਂ ਅਤੇ ਟਿਕਾਊ ਵਿਕਾਸ ਲਈ ਜ਼ਰੂਰੀ ਹਨ। ਮੁੱਢਲੇ ਸਾਧਨਾਂ ਵਜੋਂ ਕੰਮ ਕਰਦੀਆਂ ਹਨ, ਜਿਸ ਰਾਹੀਂ ਗਿਆਨ ਦਾ ਆਦਾਨ-ਪ੍ਰਦਾਨ, ਤਬਾਦਲਾ ਕੀਤਾ ਜਾਂਦਾ ਹੈ। ਸੱਭਿਆਚਾਰ ਨੂੰ ਸੁਰੱਖਿਅਤ ਰੱਖਿਆ ਜਾਂਦਾ ਹੈ। ਅੱਜ ਦੁਨੀਆਂ ਵਿਚ ਲਗਭਗ 8324 ਭਾਸ਼ਾਵਾਂ ਦੇ ਨਾਲ ਬਹੁਤ ਸਾਰੀਆਂ ਵਿਸ਼ਵੀਕਰਨ ਅਤੇ ਸਮਾਜਿਕ ਤਬਦੀਲੀਆਂ ਕਾਰਨ ਅਲੋਪ ਹੋਣ ਦੇ ਜ਼ੋਖਿਮ ਵਿਚ ਹਨ। ਇਹ ਯਕੀਨੀ ਬਣਾਉਣਾ ਕਿ ਸਿੱਖਿਆ ਪ੍ਰਣਾਲੀਆਂ ਆਪਣੀ ਮਾਤ-ਭਾਸ਼ਾ ਵਿਚ ਸਿੱਖਣ ਦੇ ਅਧਿਕਾਰ ਦਾ ਸਮਰਥਨ ਕਰਦੀਆਂ ਹਨ। ਸਿੱਖਿਆ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਮਹੱਤਵਪੂਰਨ ਹੈ, ਕਿਉਂਕਿ ਜਿਨ੍ਹਾਂ ਵਿਦਿਆਰਥੀਆਂ ਨੂੰ ਅਜਿਹੀ ਭਾਸ਼ਾ ਵਿਚ ਪੜ੍ਹਾਇਆ ਜਾਂਦਾ ਹੈ, ਜੋ ਉਹ ਪੂਰੀ ਤਰ੍ਹਾਂ ਸਮਝਦੇ ਹਨ। ਉਹ ਬਿਹਤਰ ਸਮਝ, ਰੁਝੇਵਿਆਂ ਅਤੇ ਅਲੋਚਨਾਤਮਕ ਸੋਚ ਦੇ ਹੁਨਰ ਨੂੰ ਦਰਸਾਉਂਦੇ ਹਨ। ਬਹੁਭਾਸ਼ਾਈ ਸਿੱਖਿਆ ਖਾਸ ਤੌਰ 'ਤੇ ਘੱਟ ਗਿਣਤੀ ਅਤੇ ਸਵਦੇਸ਼ੀ ਭਾਸ਼ਾਵਾਂ ਲਈ ਨਾ ਸਿਰਫ ਸਿੱਖਿਆਰਥੀਆਂ ਦੀ ਮਦਦ ਕਰਦੀ ਹੈ, ਸਗੋਂ ਸਿੱਖਿਆ ਅਤੇ ਸੱਭਿਆਚਾਰ ਵਿਚਕਾਰ ਡੂੰਘੇ ਸੰਬੰਧ ਨੂੰ ਵੀ ਦਰਸਾਉਂਦੀ ਹੈ, ਜੋ ਵਧੇਰੇ ਸਮਵੇਸ਼ੀ ਅਤੇ ਬਰਾਬਰੀ ਵਾਲੇ ਸਮਾਜਾਂ ਵਿਚ ਯੋਗਦਾਨ ਪਾਉਂਦੀ ਹੈ।

ਅੰਤਰਰਾਸ਼ਟਰੀ ਭਾਸ਼ਾ ਦਿਵਸ ਦੀ ਚੌਥਾਈ ਸਦੀ ਵਰ੍ਹੇਗੰਢ ਭਾਸ਼ਾਈ ਵਿਭਿੰਨਤਾ ਨੂੰ ਸੁਰੱਖਿਅਤ ਰੱਖਣ ਅਤੇ ਮਾਤ-ਭਾਸ਼ਾਵਾਂ ਨੂੰ ਸੁਰੱਖਿਅਤ ਕਰਨ ਦੇ ਜਸ਼ਨ ਮਨਾਉਂਦੀ ਹੈ। ਇਹ ਮੀਲ ਪੱਥਰ ਸੱਭਿਆਚਾਰਕ ਵਿਰਾਸਤ ਦੀ ਰਾਖੀ, ਸਿੱਖਿਆ ਵਿਚ ਸੁਧਾਰ ਅਤੇ ਸ਼ਾਂਤੀਪੂਰਨ ਸਮਾਜ ਨੂੰ ਉਤਸ਼ਾਹਿਤ ਕਰਨ ਵਿਚ ਭਾਸ਼ਾ ਦੀ ਸੰਭਾਲ ਦੇ ਮਹੱਤਵ ਉੱਤੇ ਜ਼ੋਰ ਦਿੰਦਾ ਹੈ।

ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਪਹਿਲਾਂ ਯੂਨੈਸਕੋ ਦੁਆਰਾ ਘੋਸ਼ਿਤ ਕੀਤਾ ਗਿਆ। ਬਾਅਦ ਵਿਚ ਸੰਯੁਕਤ ਜਨਰਲ ਅਸੈਂਬਲੀ ਦੁਆਰਾ ਅਪਣਾਇਆ ਗਿਆ, ਨੂੰ ਕਿਹਾ ਜਾ ਸਕਦਾ ਹੈ ਕਿ ਸਮਾਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਟਿਕਾਊ ਵਿਕਾਸ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਵਿਚ ਭਾਸ਼ਾਵਾਂ ਦੀ ਭੂਮਿਕਾ ਨੂੰ ਉਜਾਗਰ ਕਰਦਾ ਹੈ। ਬਹੁਭਾਸ਼ਾਈ ਸਿੱਖਿਆ ਨਾ ਸਿਰਫ ਸਮਾਵੇਸ਼ੀ ਸਮਾਜਾਂ ਨੂੰ ਉਤਸ਼ਾਹਿਤ ਕਰਦੀ ਹੈ, ਬਲਕਿ ਗੈਰ-ਪ੍ਰਭਾਵਸ਼ਾਲੀ ਘੱਟ ਗਿਣਤੀ ਅਤੇ ਸਵਦੇਸ਼ੀ ਭਾਸ਼ਾਵਾਂ ਨੂੰ ਸੁਰੱਖਿਅਤ ਰੱਖਣ ਵਿਚ ਵੀ ਸਹਾਇਤਾ ਕਰਦੀ ਹੈ। ਇਹ ਸਾਰੇ ਵਿਅਕਤੀਆਂ ਲਈ ਸਿੱਖਿਆ ਅਤੇ ਜੀਵਨ ਭਰ ਸਿੱਖਣ ਦੇ ਮੌਕਿਆਂ ਤੱਕ ਬਰਾਬਰ ਪਹੁੰਚ ਪ੍ਰਾਪਤ ਕਰਨ ਲਈ ਇਕ ਨੀਂਹ ਪੱਥਰ ਹੈ।

*21 ਫਰਵਰੀ ਨੂੰ ਆਯੋਜਿਤ ਇਕ ਵਿਸ਼ਵਵਿਆਪੀ ਸਾਲਾਨਾ ਸਮਾਰੋਹ ਹੈ। ਪਹਿਲੀ ਵਾਰ ਯੂਨੈਸਕੋ ਵੱਲੋਂ 17 ਨਵੰਬਰ, 1999 ਨੂੰ ਆਯੋਜਿਤ ਕੀਤਾ ਗਿਆ ਸੀ। ਇਸ ਨੂੰ ਸੰਯੁਕਤ ਰਾਸ਼ਟਰ ਮਹਾਂਸਭਾ ਵੱਲੋਂ 2002 ਵਿਚ ਸੰਯੁਕਤ ਰਾਸ਼ਟਰ ਦੇ ਮਤੇ 56/262 ਨੂੰ ਅਪਨਾਉਣ ਦੇ ਨਾਲ ਰਸਮੀ ਤੌਰ 'ਤੇ ਮਾਨਤਾ ਦਿੱਤੀ ਗਈ। ਜਿਵੇਂ ਕਿ ਸੰਯੁਕਤ ਰਾਸ਼ਟਰ ਮਹਾਂਸਭਾ ਵੱਲੋਂ 16 ਮਈ 2007 ਨੂੰ ਸੰਯੁਕਤ ਰਾਸ਼ਟਰ ਦੇ ਮਤੇ 61/266 ਵਿਚ ਅਪਣਾਇਆ ਗਿਆ ਸੀ, ਜਿਸ ਨੇ 2008 ਨੂੰ ਭਾਸ਼ਾਵਾਂ ਦੇ ਅੰਤਰਰਾਸ਼ਟਰੀ ਸਾਲ ਵਜੋਂ ਸਥਾਪਿਤ ਕੀਤਾ। ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਉਣ ਦਾ ਵਿਚਾਰ ਬੰਗਲਾਦੇਸ਼ ਦੀ ਪਹਿਲ ਸੀ। ਯੂਨੈਸਕੋ ਨੂੰ ਸਾਲ ਲਈ ਪ੍ਰਮੁੱਖ ਏਜੰਸੀ ਵਜੋਂ ਸੇਵਾ ਕਰਨ ਦਾ ਨਾਮ ਦਿੱਤਾ।*

# ਨੌਜਵਾਨੀ ਪ੍ਰਵਾਸ : ਚਿੰਤਾ ਦਾ ਵਿਸ਼ਾ



ਸੰਜੀਵ ਸਿੰਘ ਸੈਣੀ
ਮੋਹਾਲੀ
78889-66168
ਪੰਜਾਬ ਮੇਲ USA



ਹਾਲ ਹੀ ਵਿਚ ਅਮਰੀਕਾ ਸਰਕਾਰ ਵੱਲੋਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਜਬਰਨ ਕੱਢੇ ਜਾਣ ਦੇ ਫੈਸਲੇ ਤਹਿਤ 104 ਭਾਰਤੀਆਂ ਨੂੰ ਅਮਰੀਕੀ ਫੌਜ ਦਾ ਜਹਾਜ਼ ਲੈ ਕੇ ਅਮ੍ਰਿਤਸਰ ਪੁੱਜਾ। 15 ਫ਼ਰਵਰੀ ਨੂੰ 116 ਗੈਰ ਕਾਨੂੰਨੀ ਭਾਰਤੀ ਅਮਰੀਕੀ ਜਹਾਜ਼ ਰਾਹੀਂ ਅੰਮ੍ਰਿਤਸਰ ਪੁੱਜੇ। 16 ਫ਼ਰਵਰੀ ਨੂੰ ਤੀਜਾ ਜਹਾਜ਼ 112 ਭਾਰਤੀਆਂ ਨੂੰ ਲੈ ਕੇ, ਜਿਸ ਵਿਚ ਪੰਜਾਬ ਦੇ 31 ਨੌਜਵਾਨ ਸਨ, ਅੰਮ੍ਰਿਤਸਰ ਪੁੱਜਾ। ਬੱਚੇ ਤੇ ਔਰਤਾਂ ਵੀ ਸ਼ਾਮਿਲ ਹਨ। ਦੇਖੋ ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਹੱਥਕੜੀਆਂ ਤੇ ਬੇੜੀਆਂ ਲਗਾ ਕੇ ਨੌਜਵਾਨ ਭਾਰਤ ਭੇਜੇ ਗਏ। ਸਿੱਖ ਨੌਜਵਾਨਾਂ ਨੂੰ ਬਿਨਾਂ ਦਸਤਾਰਾਂ ਭੇਜਿਆ ਜਾ ਰਿਹਾ ਹੈ। 40 ਤੋਂ 60 ਲੱਖ ਰੁੱਪਏ ਲਗਾ ਕੇ ਨਾਜਾਇਜ਼ ਤਰੀਕੇ ਨਾਲ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕੁਝ ਦਿਨਾਂ ਬਾਅਦ ਹੀ ਇਨ੍ਹਾਂ ਨੂੰ ਵਾਪਸ ਮੁੜਨਾ ਪਿਆ। ਇੱਕ ਪਰਿਵਾਰ ਦੇ ਦੋ ਜਣੇ 90 ਲੱਖ ਲਗਾ ਕੇ ਗੈਰ ਕਾਨੂੰਨੀ ਤਰੀਕੇ ਨਾਲ ਉੱਥੇ ਪੁੱਜੇ। ਜਿਹੜੇ ਨੌਜਵਾਨ ਹੱਥਕੜੀਆਂ 'ਚ ਮੁੜ ਰਹੇ ਹਨ, ਇਨ੍ਹਾਂ ਨੂੰ ਗਏ ਤਕਰੀਬਨ ਛੇ ਮਹੀਨੇ ਹੀ ਹੋਏ ਸਨ। ਪਰਿਵਾਰ ਵਾਲਿਆਂ ਨੇ ਲੱਖਾਂ ਰੁਪਏ ਕਰਜ਼ਾ ਚੁੱਕ ਕੇ ਨੌਜਵਾਨਾਂ ਨੂੰ ਬਾਹਰ ਭੇਜਿਆ। ਇੱਕ ਪਰਿਵਾਰ ਨੇ ਰੋਂਦੇ ਵਿਲਕਦੇ ਦੱਸਿਆ ਕਿ ਉਨ੍ਹਾਂ ਨੇ ਮੱਝਾਂ ਤੱਕ ਗਹਿਣੇ ਰੱਖ ਦਿੱਤੀਆਂ ਹਨ। ਜ਼ਿਆਦਾਤਰ ਲੋਕ ਮੈਕਸੀਕੋ ਰਾਹੀਂ ਡੌਂਕੀ ਲਗਾ ਕੇ ਅਮਰੀਕਾ ਵੜੇ ਸਨ। ਦਰਅਸਲ ਅਮਰੀਕਾ ਇੱਕ ਸ਼ਕਤੀਸ਼ਾਲੀ ਮੁਲਕ ਹੈ, ਉੱਥੇ ਰੁਜ਼ਗਾਰ ਤਕਰੀਬਨ ਸਭ ਨੂੰ ਮਿਲ ਜਾਂਦਾ ਹੈ। ਅਮਰੀਕਾ ਦੇ ਨਵੇਂ ਬਣੇ ਰਾਸ਼ਟਰਪਤੀ ਟਰੰਪ ਨੇ ਆਉਂਦਿਆਂ ਸਾਰ ਗੈਰ ਕਾਨੂੰਨੀ ਪ੍ਰਵਾਸੀਆਂ 'ਤੇ ਸ਼ਿਕੰਜਾ ਕੱਸਿਆ ਹੈ। ਹਾਲ ਹੀ ਵਿਚ ਅਮਰੀਕਾ ਕੈਨੇਡਾ ਦੇ ਵੀ ਚੰਗੇ ਸੰਬੰਧ ਨਹੀਂ ਰਹੇ ਹਨ। ਅੱਜ ਭਾਰਤ ਸਰਕਾਰ ਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਦੇਸ਼ ਦੇ ਲੋਕ ਗੈਰ ਕਾਨੂੰਨੀ ਪ੍ਰਵਾਸ ਕਿਉਂ ਕਰ ਰਹੇ ਹਨ? ਕਿਉਂ ਲੋਕ ਟਰੈਵਲ ਏਜੰਟਾਂ ਕੋਲ ਫਸ ਜਾਂਦੇ ਹਨ? ਝੂਠ ਬੋਲ ਕੇ ਗਲਤ ਤਰੀਕੇ ਨਾਲ ਲੋਕਾਂ ਨੂੰ ਕਿਉਂ ਗਲਤ ਭੇਜ ਰਹੇ ਹਨ। ਟਰੈਵਲ ਏਜੰਟ ਲੋਕਾਂ ਨੂੰ ਮਿੱਠਾ ਜ਼ਹਿਰ ਦੇ ਕਿ ਉਨ੍ਹਾਂ ਕੋਲੋਂ ਕਮਿਸ਼ਨ ਲੈ ਰਹੇ ਹਨ। ਅੱਜ ਜੋ ਵਾਪਸ ਭਾਰਤ ਪਰਤੇ ਹਨ, ਉਨ੍ਹਾਂ ਨੇ ਕਰਜ਼ਾ ਚੁੱਕ ਕੇ, ਆਪਣੇ ਘਰ ਗਹਿਣੇ ਰੱਖ ਕੇ ਬਾਹਰ ਗਏ ਸਨ। ਉਮੀਦ ਸੀ ਕਿ ਉੱਥੇ ਭਵਿੱਖ ਰੁਸ਼ਨਾ ਜਾਵੇਗਾ ਤੇ ਆਪਣੇ ਘਰਦਿਆਂ ਦੀ ਗਰੀਬੀ ਦੂਰ ਕਰ ਦਿਆਂਗੇ। ਇੰਨੀ ਮੋਟੀ ਰਕਮ ਵਿਆਜ 'ਤੇ ਚੁੱਕ ਕੇ ਜਾਣਾ ਕੋਈ ਚੰਗੀ ਗੱਲ ਨਹੀਂ। ਦਰਅਸਲ ਆਪਣੇ ਭਾਰਤ ਵਿਚ ਬੇਰੁਜ਼ਗਾਰੀ ਬਹੁਤ ਵੱਧ ਚੁੱਕੀ ਹੈ। ਯੋਗਤਾ ਦੇ ਮੁਤਾਬਕ ਲੋਕਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ ਹੈ। ਬੇਰੋਜ਼ਗਾਰੀ ਦਾ ਸਾਹਮਣਾ ਕਰ ਰਹੇ ਨੌਜਵਾਨਾਂ ਦੀ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਸਾਰ ਲੈਣੀ ਚਾਹੀਦੀ ਹੈ।

ਪਿਛੇ ਜਿਹੇ ਖ਼ਬਰ ਪੜ੍ਹੀ ਸੀ ਕਿ ਕੁਵੈਤ ਵਿਖੇ ਇੱਕ ਇਮਾਰਤ ਵਿਚ ਅੱਗ ਲੱਗਣ ਨਾਲ 45 ਭਾਰਤੀਆਂ ਦੀ ਮੌਤ ਹੋ ਗਈ। ਕੁਵੈਤ ਦੇ ਦੱਖਣੀ ਸ਼ਹਿਰ ਮੰਗਾਫ਼ ਵਿਚ ਛੇ ਮੰਜ਼ਿਲਾਂ ਇਮਾਰਤ ਵਿਚ ਬੀਤੇ ਦੋ ਦਿਨ ਪਹਿਲਾਂ ਅੱਗ ਲੱਗੀ ਸੀ। ਖਬਰਾਂ ਮੁਤਾਬਕ ਇੱਥੇ 200 ਦੇ ਕਰੀਬ ਪ੍ਰਵਾਸੀ ਕਾਮੇ ਰਹਿ ਰਹੇ ਸਨ। ਹਾਲਾਂਕਿ ਉੱਥੋਂ ਦੀ ਸਰਕਾਰ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਗਿਆ ਹੈ। ਵਿਚਾਰਨ ਵਾਲੀ ਗੱਲ ਹੈ ਕਿ ਕਿਸ ਦਾ ਆਪਣਾ ਦੇਸ਼ ਛੱਡਣ ਨੂੰ ਦਿਲ ਕਰਦਾ ਹੈ। ਯੋਗਤਾ ਦੇ ਮੁਤਾਬਕ ਉਨ੍ਹਾਂ ਨੂੰ ਜੇ ਇੱਥੇ ਰੁਜ਼ਗਾਰ ਨਹੀਂ ਮਿਲਿਆ, ਤਾਂਹੀ ਉਨ੍ਹਾਂ ਨੇ ਵਿਦੇਸ਼ਾਂ ਵੱਲ ਚਾਲੇ ਪਾਏ। ਇੱਕ ਕਮਰੇ ਵਿਚ ਸੱਤ ਤੋਂ ਦੱਸ ਲੋਕ ਰਹਿ ਕੇ ਗੁਜ਼ਾਰਾ ਕਰ ਰਹੇ ਹਨ, ਤਾਂ ਜੋ ਪਿੱਛੇ ਉਨ੍ਹਾਂ ਦਾ ਪਰਿਵਾਰ ਖੁਸ਼ਹਾਲ ਰਹਿ ਸਕੇ। ਉੱਥੇ ਕਮਾਈ ਕਰਕੇ ਆਪ ਤੰਗੀਆਂ ਕੱਟ ਕੇ ਪਰਿਵਾਰ ਨੂੰ ਖੁਸ਼ਹਾਲ ਦੇਖਣਾ ਚਾਹੁੰਦੇ ਹਨ। ਕਿਹੋ ਜਿਹੇ ਹਾਲਾਤ ਬਣਦੇ ਜਾ ਰਹੇ ਹਨ।

ਵਿਦੇਸ਼ ਜਾਣ ਵਾਲਿਆਂ ਦੀ ਗਿਣਤੀ ਦਿਨੋਂ-ਦਿਨ ਵੱਧ ਰਹੀ ਹੈ। ਭਾਰਤੀ ਲੋਕਾਂ ਦਾ ਵਿਦੇਸ਼ਾਂ ਵਿਚ ਜਾ ਕੇ ਵੱਸਣ ਦਾ ਰੁਝਾਨ ਦਿਨੋਂ-ਦਿਨ ਵੱਧ ਰਿਹਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਮੁਤਾਬਕ 2022 ਵਿਚ ਕਰੀਬ 1.89 ਲੱਖ ਲੋਕਾਂ ਨੇ ਭਾਰਤ ਦੀ ਨਾਗਰਿਕਤਾ ਛੱਡ ਦਿੱਤੀ ਹੈ। ਪੰਜਾਬ ਦਾ ਨੌਜਵਾਨ ਵਿਦੇਸ਼ਾਂ ਨੂੰ ਉਡਾਰੀ ਮਾਰ ਰਿਹਾ ਹੈ। ਪੰਜਾਬ ਵਿਚ ਹਰ ਸਾਲ ਵਿਦੇਸ਼ਾਂ ਲਈ ਪੜ੍ਹਾਈ ਕਰਨ ਲਈ ਨੌਜਵਾਨ 27 ਹਜ਼ਾਰ ਕਰੋੜ ਰੁਪਏ ਖਰਚ ਕਰ ਰਹੇ ਹਨ। ਇਹ ਬਹੁਤ ਹੀ ਚਿੰਤਾ ਵਾਲੀ ਗੱਲ ਹੈ। ਪਾਸਪੋਰਟ ਦਫ਼ਤਰਾਂ ਦੇ ਬਾਹਰ ਨੌਜਵਾਨਾਂ ਦੀ ਲੰਮੀਆਂ-ਲੰਮੀਆਂ ਕਤਾਰਾਂ ਆਮ ਦੇਖਣ ਨੂੰ ਮਿਲਦੀਆਂ ਹਨ। ਮਾਂ-ਬਾਪ ਕਰਜ਼ਈ ਹੋ ਕੇ ਆਪਣੀ ਨੌਜਵਾਨ ਪੀੜ੍ਹੀ ਨੂੰ ਵਿਦੇਸ਼ਾਂ ਵਿਚ ਭੇਜ ਰਹੇ ਹਨ। ਕੋਈ ਸਮਾਂ ਹੁੰਦਾ ਸੀ, ਜਦੋਂ ਸਰਕਾਰੀ ਮੁਲਾਜ਼ਮ ਹੀ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਪੜ੍ਹਾਈ ਲਈ ਭੇਜਦੇ ਸਨ। ਵਿਦੇਸ਼ੀ ਪੜ੍ਹਾਈ ਕਰਕੇ ਫਿਰ ਉਹ ਵਾਪਸ ਪੰਜਾਬ ਆ ਕੇ ਆਪਣੀ ਧਰਤੀ 'ਤੇ ਹੀ ਨੌਕਰੀ ਕਰਦੇ ਸਨ। ਪਰ ਅੱਜ ਜੇ ਕੋਈ ਬੱਚਾ ਵਿਦੇਸ਼ ਚਲਾ ਗਿਆ, ਉਹ ਵਾਪਸ ਮੁੜ ਕੇ ਪੰਜਾਬ ਨਹੀਂ ਆਉਂਦਾ। ਜ਼ਮੀਨਾਂ ਗਹਿਣੇ ਰੱਖ ਕੇ ਜਾਂ ਵੇਚ ਕੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ, ਜੋ ਖੇਤੀ ਯੋਗ ਜ਼ਮੀਨ ਦਾ ਰੇਟ 35 ਤੋਂ 40 ਲੱਖ ਸੀ, ਉਸ ਦੀ ਕੀਮਤ ਵਿਚ ਕਾਫ਼ੀ ਗਿਰਾਵਟ ਆਈ ਹੈ। ਵੀਹ ਲੱਖ ਵਿਚ ਵੀ ਲੋਕ ਪ੍ਰਤੀ ਏਕੜ ਜ਼ਮੀਨ ਵੇਚਣ ਲਈ ਤਿਆਰ ਹਨ।

ਬੇਰੁਜ਼ਗਾਰੀ ਬਹੁਤ ਵੱਧ ਚੁੱਕੀ ਹੈ। ਜਦੋਂ ਕਰੋਨਾ ਮਹਾਂਮਾਰੀ ਨੇ ਭਾਰਤ ਵਿਚ ਦਸਤਕ ਦਿੱਤੀ ਸੀ, ਤਾਂ ਤਾਲਾਬੰਦੀ ਕਰ ਦਿੱਤੀ ਗਈ। ਲੱਖਾਂ ਹੀ ਲੋਕਾਂ ਦਾ ਰੁਜ਼ਗਾਰ ਖੁਸਿਆ ਸੀ। ਫਿਰ ਮਾਂ-ਬਾਪ ਕੋਲ ਕੋਈ ਵੀ ਚਾਰਾ ਨਹੀਂ ਰਹਿੰਦਾ। ਥੱਕੇ-ਹਾਰੇ ਮਾਂ-ਬਾਪ ਫਿਰ ਔਲਾਦ ਨੂੰ (ਆਇਲੈਟਸ) ਦੀ ਤਿਆਰੀ ਕਰਵਾਉਂਦੇ ਹਨ। ਫਿਰ ਜਦੋਂ ਵਧੀਆ ਬੈਂਡ ਆ ਜਾਂਦੇ ਹਨ, ਤਾਂ ਫਿਰ ਬਾਪ ਪੈਸੇ ਦਾ ਹੀਲਾ-ਵਸੀਲਾ ਕਰਨਾ ਸ਼ੁਰੂ ਕਰ ਦਿੰਦਾ ਹੈ। ਰਿਸ਼ਤੇਦਾਰਾਂ, ਸਕੇ-ਸਬੰਧੀਆਂ ਤੋਂ ਆਸ ਰੱਖਦਾ ਹੈ। ਫਿਰ ਜਦੋਂ ਉਹ ਵੀ ਹੱਥ ਖੜ੍ਹੇ ਕਰ ਦਿੰਦੇ ਹਨ, ਤਾਂ ਆਪਣੀ ਜ਼ਮੀਨ ਨੂੰ ਗਹਿਣੇ ਰੱਖ ਦਿੰਦਾ ਹੈ। ਫ਼ਿਰ ਪਿੱਛੋਂ ਉਹ ਮਾਂ-ਬਾਪ ਬੈਂਕ ਦੀਆਂ ਕਿਸ਼ਤਾਂ ਭਰਦੇ ਹਨ। ਸਮੇਂ ਸਿਰ ਕਰਜ਼ਾ ਨਾ ਉਤਾਰਨ ਕਰਕੇ ਉਹੀ ਪਿਓ ਖ਼ੁਦਕੁਸ਼ੀ ਕਰ ਲੈਂਦਾ ਹੈ। ਅੱਜਕੱਲ੍ਹ ਜੋ ਵਿਦੇਸ਼ ਚਲਾ ਜਾਂਦਾ ਹੈ, ਉਹ ਵਤਨ ਵਾਪਸੀ ਨਹੀਂ ਕਰਦਾ। ਸਿਰਫ ਯਾਦਾਂ ਹੀ ਰਹਿ ਜਾਂਦੀਆਂ ਹਨ। ਪਿੱਛੋਂ ਮਾਵਾਂ ਦੀਆਂ ਅੱਖਾਂ ਆਪਣੇ ਲਾਲ ਨੂੰ ਦੇਖਣ ਨੂੰ ਤਰਸਦੀਆਂ ਰਹਿੰਦੀਆਂ ਹਨ। ਕਈ ਵਾਰ ਤਾਂ ਅਸੀਂ ਸੁਣਦੇ ਵੀ ਹਾਂ ਕਿ ਮਾਤਾ-ਪਿਤਾ ਪਿੱਛੋਂ ਇਸ ਸੰਸਾਰ ਤੋਂ ਰੁਖ਼ਸਤ ਕਰ ਗਏ। ਪੁੱਤ ਵਿਦੇਸ਼ ਤੋਂ ਫਿਰ ਵੀ ਨਹੀਂ ਆਉਂਦਾ। ਭਾਈਚਾਰਕ ਸਾਂਝ ਹੀ ਮਾਂ ਬਾਪ ਦੀ ਅੰਤਿਮ ਰਸਮਾਂ ਨਿਭਾਉਂਦੀਆਂ ਹਨ।

ਹੁਣ ਤਾਂ ਵੱਡੇ-ਵੱਡੇ ਬਿਜ਼ਨਸਮੈਨ ਜਿਨ੍ਹਾਂ ਦੇ ਚੰਗੇ ਆਮਦਨ ਦੇ ਵਸੀਲੇ ਹਨ, ਉਹ ਵੀ ਪੰਜਾਬ ਦੀ ਧਰਤੀ ਨੂੰ ਛੱਡਣ ਲਈ ਕਾਹਲੇ ਹਨ। ਪਿਛੇ ਜਿਹੇ ਪੰਜਾਬ ਵਿਚ ਅਜਿਹੀ ਵਾਰਦਾਤਾਂ ਹੋਈਆਂ, ਜਿਸ ਕਾਰਨ ਲੋਕਾਂ ਦੇ ਮਨ ਵਿਚ ਡਰ ਦਾ ਮਾਹੌਲ ਹੈ। ਵਪਾਰੀਆਂ ਤੋਂ ਫਿਰੌਤੀ ਮੰਗੀ ਜਾ ਰਹੀ ਹੈ। ਅਪਰਾਧਿਕ ਘਟਨਾਵਾਂ ਬਹੁਤ ਵੱਧ ਗਈਆਂ ਹਨ। ਹੁਣ ਲੋਕ ਜ਼ਮੀਨ ਜਾਇਦਾਦ, ਘਰ-ਬਾਰ ਵੇਚ ਕੇ ਪਰਿਵਾਰ ਸਮੇਤ ਵਿਦੇਸ਼ਾਂ ਵਿਚ ਵੱਸਣ ਜਾ ਰਹੇ ਹਨ। ਸੂਬੇ ਅੰਦਰ ਅਪਰਾਧੀਆਂ, ਲੁਟੇਰਿਆਂ ਖਾਸ ਤੌਰ 'ਤੇ ਗੈਂਗਸਟਰਾਂ ਵੱਲੋਂ ਫਿਰੌਤੀ ਮੰਗਣ ਵਰਗੀਆਂ ਵਾਰਦਾਤਾਂ ਦਾ ਵੱਧਣਾ ਕਾਨੂੰਨ ਵਿਵਸਥਾ ਲਈ ਠੀਕ ਨਹੀਂ ਹੈ। ਮਜ਼ਬੂਰੀਵੱਸ ਲੋਕ ਆਪਣੇ ਬੱਚਿਆਂ ਨੂੰ ਬਾਰ੍ਹਵੀਂ ਤੋਂ ਬਾਅਦ ਵਿਦੇਸ਼ ਭੇਜ ਰਹੇ ਹਨ। ਵਿਦੇਸ਼ ਜਾਣ ਦਾ ਮੁੱਖ ਕਾਰਨ ਨਸ਼ਾ ਤੇ ਬੇਰੁਜ਼ਗਾਰੀ ਹੈ। ਬੇਰੁਜ਼ਗਾਰੀ ਇੰਨੀ ਵੱਧ ਚੁੱਕੀ ਹੈ ਕਿ ਪੜ੍ਹੇ-ਲਿਖੇ ਨੌਜਵਾਨਾ ਹੱਥਾਂ ਵਿਚ ਡਿਗਰੀਆਂ ਫੜੇ ਧੱਕੇ ਖਾ ਰਹੇ ਹਨ। ਹਾਲ ਹੀ ਵਿਚ ਤਾਜ਼ਾ ਸਰਵੇ ਮੁਤਾਬਕ 70 ਲੱਖ ਤੋਂ ਵਧੇਰੇ ਲੋਕਾਂ ਕੋਲ ਪਾਸਪੋਰਟ ਹੈ। ਨਸ਼ਾ ਪੰਜਾਬ ਦੀ ਜਵਾਨੀ ਨੂੰ ਖ਼ਤਮ ਕਰ ਰਿਹਾ ਹੈ। ਨਸ਼ੇ ਦੇ ਡਰੋਂ ਮਾਂ-ਬਾਪ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ। ਇਹ ਵੀ ਪ੍ਰਵਾਸ ਦਾ ਬਹੁਤ ਵੱਡਾ ਕਾਰਨ ਹੈ।

ਪਿੱਛੇ ਜਿਹੇ ਖ਼ਬਰ ਵੀ ਪੜ੍ਹਨ ਨੂੰ ਮਿਲੀ ਕਿ ਮੋਗਾ ਜ਼ਿਲੇ ਵਿਚ ਇੱਕ ਏਜੰਟ ਨੇ ਲੋਕਾਂ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰ ਲਈ ਤੇ ਆਪ ਫਰਾਰ ਹੋ ਗਿਆ। ਏਜੰਟਾਂ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਵਿਚ ਆ ਕੇ ਪਤਾ ਨਹੀਂ ਕਿੰਨੇ ਕੁ ਪਰਿਵਾਰ ਆਪਣਾ ਘਰ ਤਬਾਹ ਕਰ ਲੈਂਦੇ ਹਨ। ਆਮ ਸੁਣਣ ਵਿਚ ਵੀ ਆਉਂਦਾ ਹੈ ਕਿ ਜਿਹੜੇ ਦੇਸ਼ 'ਚ ਵਿਦਿਆਰਥੀ ਜਾਣਾ ਚਾਹੁੰਦੇ ਹਨ, ਇਹ ਏਜੰਟ ਝੂਠ ਬੋਲ ਕੇ ਉਸ ਨੂੰ ਕਿਸੇ ਹੋਰ ਦੇਸ਼ ਵਿਚ ਭੇਜ ਦਿੰਦੇ ਹਨ। ਤੇ ਕਹਿੰਦੇ ਹਨ ਕਿ ਉੱਥੇ ਜਦੋਂ ਤੂੰ ਪੁੱਜੇਗਾ, ਤੈਨੂੰ ਫਲਾਣਾ ਬੰਦਾ ਅੱਗੇ ਭੇਜੇਗਾ। ਦੋ ਨੰਬਰ ਵਿਚ ਵਿਦੇਸ਼ ਜਾਣ ਕਾਰਨ ਕਈ ਅਜਿਹੇ ਬੱਚੇ ਉਨ੍ਹਾਂ ਮੁਲਕਾਂ ਦੀਆਂ ਜੇਲ੍ਹਾਂ ਵਿਚ ਡੱਕੇ ਹੋਏ ਹਨ ਜਾਂ ਫ਼ਿਰ ਉਥੇ ਖੱਜਲ-ਖੁਆਰ ਹੋ ਕੇ ਫਿਰ ਇਹੀ ਬੱਚੇ ਆਪਣੇ ਘਰ ਨੂੰ ਖ਼ਾਲੀ ਹੱਥ ਵਾਪਸ ਆਉਂਦੇ ਹਨ। ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਦੀ ਲਾਲਚ 'ਚ ਕਈ ਪਰਿਵਾਰ ਲੱਖਾਂ-ਲੱਖਾਂ ਰੁਪਏ ਏਜੰਟਾਂ ਕੋਲ ਫ਼ਸਾ ਲੈਂਦੇ ਹਨ। ਇਥੋਂ ਤੱਕ ਕਿ ਆਪਣੀ ਜ਼ਮੀਨ ਵੀ ਗਹਿਣੇ ਰੱਖ ਦਿੰਦੇ ਹਨ। ਵਿਦੇਸ਼ ਜਾਣ ਦੇ ਲਾਲਚ ਵਿਚ ਇਹ ਏਜੰਟ ਭੋਲੇ-ਭਾਲੇ ਪਰਿਵਾਰਾਂ ਨੂੰ ਆਪਣੇ ਮੱਕੜ ਜਾਲ ਵਿਚ ਫਸਾ ਲੈਂਦੇ ਹਨ।

ਸਾਡੇ ਹੀ ਇੱਕ ਕਰੀਬੀ ਕੋਲੋਂ ਪਿਛਲੇ 5 ਸਾਲ ਪਹਿਲਾਂ ਏਜੰਟ ਨੇ 15 ਲੱਖ ਰੁਪਿਆ ਮੰਗਿਆ। ਏਜੰਟ ਨੂੰ ਪਾਸਪੋਰਟ ਦੇ ਦਿੱਤਾ। ਪਰਿਵਾਰ ਨੇ ਏਜੰਟ ਨੂੰ ਛੇ ਕੁ ਲੱਖ ਰੁਪਏ ਦਿੱਤਾ। ਪਰਿਵਾਰ ਨੂੰ ਕਹਿੰਦਾ ਕਿ ਤੁਸੀਂ ਆਪਣੀ ਤਿਆਰੀ ਖਿੱਚ ਲਓ। ਹਰ ਰੋਜ਼ ਕੋਈ ਨਾ ਕੋਈ ਲਾਰਾ ਲਗਾਉਂਦੇ ਹੋਏ ਏਜੰਟ ਨੇ ਇੱਕ ਸਾਲ ਕੱਢ ਦਿੱਤਾ। ਬਾਅਦ ਵਿਚ ਉਹੀ ਏਜੰਟ ਪੁਲਿਸ ਦੇ ਅੜਿੱਕੇ ਚੜ੍ਹ ਗਿਆ। ਬੜੀ ਮੁਸ਼ੱਕਤ ਨਾਲ ਪਾਸਪੋਰਟ ਉਸ ਏਜੰਟ ਦੇ ਕਬਜ਼ੇ ਤੋਂ ਮਿਲਿਆ। ਛੇ ਲੱਖ ਰੁਪਇਆ ਵੀ ਖੂਹ ਖਾਤੇ ਗਿਆ ਤੇ ਜੋ ਖੱਜਲ-ਖੁਆਰੀ ਹੋਈ, ਉਹ ਅੱਡ ਤੋਂ ਹੋਈ।

ਅੱਜਕੱਲ੍ਹ ਪਰਿਵਾਰਕ ਮੈਂਬਰ ਆਪਣੇ ਪੁੱਤਰ ਲਈ ਆਈਲੈਟਸ ਕੁੜੀ ਲੱਭਦੇ ਹਨ। ਫਿਰ ਉਸ ਕੁੜੀ 'ਤੇ 25 ਤੋਂ 30 ਲੱਖ ਰੁਪਿਆ ਖਰਚ ਕੇ ਉਸ ਨੂੰ ਵਿਦੇਸ਼ ਵਿਚ ਭੇਜ ਦਿੰਦੇ ਹਨ। ਉਨ੍ਹਾਂ ਨੂੰ ਇਹ ਉਮੀਦ ਹੁੰਦੀ ਹੈ ਕਿ ਉਨ੍ਹਾਂ ਦੀ ਨੂੰਹ ਉਥੇ ਜਾ ਕੇ ਉਨ੍ਹਾਂ ਦੇ ਮੁੰਡੇ ਨੂੰ ਸੱਦ ਲਵੇਗੀ। ਪਰ ਅੱਜਕੱਲ੍ਹ ਇਹ ਘਟਨਾਵਾਂ ਆਮ ਵਾਪਰ ਰਹੀਆਂ ਹਨ। ਕੁੜੀ ਉਥੇ ਜਾ ਕੇ ਕਿਸੇ ਹੋਰ ਨੌਜਵਾਨ ਨਾਲ ਪਿਆਰ ਕਰਨਾ ਸ਼ੁਰੂ ਕਰ ਦਿੰਦੀ ਹੈ। ਜਿਨ੍ਹਾਂ ਨੇ ਪੈਸਾ ਲਗਾ ਕੇ ਵਿਦੇਸ਼ ਭੇਜਿਆ, ਉਨ੍ਹਾਂ ਨੂੰ ਟਾਲ-ਮਟੋਲ ਕਰਦੀ ਰਹਿੰਦੀ ਹੈ। ਫਿਰ ਪਿੱਛੋਂ ਪੰਜਾਬ ਵਿਚ ਉਹ ਮੁੰਡਾ ਖੁਦਕੁਸ਼ੀ ਕਰ ਲੈਂਦਾ ਹੈ। ਅਜਿਹੀਆਂ ਘਟਨਾਵਾਂ ਵੀ ਆਮ ਵਾਪਰ ਰਹੀਆਂ ਹਨ।

ਪਿੱਛੇ ਜਿਹੇ ਸਾਰਿਆਂ ਨੇ ਹੀ ਖ਼ਬਰ ਪੜ੍ਹੀ ਸੀ ਕਿ ਅਮਰੀਕਾ ਵਿਚ ਲਾਵਾਰਸ ਛੱਡੇ ਟਰਾਲੇ ਵਿਚ 50 ਪ੍ਰਵਾਸੀਆਂ ਦੀ ਮੌਤ ਹੋ ਗਈ। ਇਹ ਮੈਕਸੀਕੋ ਤੋਂ ਨਾਜਾਇਜ਼ ਤੌਰ 'ਤੇ ਅਮਰੀਕਾ ਜਾ ਰਹੇ ਪ੍ਰਵਾਸੀਆਂ ਦੀ ਮੌਤ ਦੀ ਖ਼ਬਰ ਸੀ। ਜ਼ਿਆਦਾ ਗਰਮੀ ਹੋਣ ਕਰਕੇ ਇਨ੍ਹਾਂ ਪ੍ਰਵਾਸੀਆਂ ਦੀ ਮੌਤ ਹੋਈ ਸੀ ਤੇ ਕਈ ਦਰਜਨ ਪ੍ਰਵਾਸੀ ਜੇਰੇ ਇਲਾਜ ਹੋਏ। ਉੱਥੋਂ ਦੇ ਕਿਸੇ ਅਧਿਕਾਰੀ ਨੇ ਦੱਸਿਆ ਕਿ ਮਰੀਜ਼ਾਂ ਦਾ ਸਰੀਰ ਗਰਮੀ ਨਾਲ ਬਹੁਤ ਤਪ ਰਿਹਾ ਸੀ ਤੇ ਇਹ ਪ੍ਰਵਾਸੀ ਥਕਾਵਟ ਨਾਲ ਜੂਝ ਰਹੇ ਸਨ। ਇਹ ਕੋਈ ਪਹਿਲੀ ਘਟਨਾ ਨਹੀਂ ਸੀ। ਅਮਰੀਕਾ ਦੀ ਸਰਹੱਦ ਪਾਰ ਕਰਦੇ ਹੋਏ ਕਈ ਵਾਰ ਪ੍ਰਵਾਸੀਆਂ ਨੇ ਆਪਣੀ ਜਾਨ ਗੁਆ ਦਿੱਤੀ ਹੈ।

ਨੌਜਵਾਨਾਂ ਦਾ ਵਿਦੇਸ਼ਾਂ 'ਚ ਜਾਣ ਦਾ ਵੱਡਾ ਕਾਰਨ ਬੇਰੁਜ਼ਗਾਰੀ ਵੀ ਹੈ। ਹੱਥਾਂ ਵਿਚ ਫੜੀਆਂ ਡਿਗਰੀਆਂ ਲੈ ਕੇ ਨੌਜਵਾਨ ਦਫਤਰਾਂ ਦੇ ਬਾਹਰ ਧੱਕੇ ਖਾਂਦੇ ਹਨ। ਜਿੱਥੇ ਵੀ ਕੋਈ ਚਪੜਾਸੀ ਦੀ ਅਸਾਮੀ ਨਿਕਲਦੀ ਹੈ, ਉੱਥੇ ਪੋਸਟ ਗ੍ਰੈਜੂਏਟ, ਐੱਮ.ਫਿਲ. ਬੰਦੇ ਆਪਣੀ ਅਰਜ਼ੀ ਭਰਦੇ ਹਨ। ਹਾਲ ਹੀ ਵਿਚ ਅਖਬਾਰ ਵਿਚ ਨਸ਼ਰ ਹੋਈ ਰਿਪੋਰਟ ਦੇ ਮੁਤਾਬਕ ਪਟਵਾਰੀ ਦੀਆਂ ਅਸਾਮੀਆਂ ਲਈ ਲੱਖਾਂ ਉਮੀਦਵਾਰਾਂ ਨੇ ਅਰਜ਼ੀਆਂ ਭਰੀਆਂ। ਇਹ ਬਹੁਤ ਹੀ ਸੋਚਣ ਦਾ ਸਮਾਂ ਹੈ। ਜਿਹੜਾ ਬੰਦਾ ਮਿਹਨਤ ਕਰਦਾ ਹੈ, ਚਾਹੇ ਉਸ ਕੋਲ ਇੱਥੇ ਪੰਜਾਬ ਵਿਚ ਹੀਲੇ-ਵਸੀਲੇ ਘੱਟ ਹਨ, ਫਿਰ ਵੀ ਉਹ ਵਧੀਆ ਰੋਟੀ ਕਮਾ ਰਿਹਾ ਹੈ। ਇਥੋਂ ਦੇ ਨੌਜਵਾਨ ਵਿਦੇਸ਼ਾਂ ਨੂੰ ਉਡਾਰੀ ਮਾਰ ਰਹੇ ਹਨ। ਉਹ ਸਮਾਂ ਦੂਰ ਨਹੀਂ, ਜਦੋਂ ਹੋਰ ਸੂਬਿਆਂ ਦੇ ਨੌਜਵਾਨ ਪ੍ਰਵਾਸੀ ਇੱਥੇ ਆ ਕੇ ਪੜ੍ਹਾਈ ਕਰਨਗੇ ਤੇ ਸਾਡੇ ਉੱਪਰ ਰੌਹਬ ਪਾਉਣਗੇ। ਉਨ੍ਹਾਂ ਦੇ ਹੱਥਾਂ ਵਿਚ ਪੂਰੀ ਮਾਲਕੀ ਆ ਜਾਵੇਗੀ। ਅਸੀਂ ਉਨ੍ਹਾਂ ਦੇ ਗੁਲਾਮ ਬਣ ਕੇ ਰਹਿ ਜਾਵਾਂਗੇ। ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਨਾਲ ਮਿਲ ਕੇ ਪੰਜਾਬ 'ਚ ਹੀ ਵਧੀਆ ਸਨੱਅਤੀ ਨੀਤੀ ਬਣਾਉਣੀ ਚਾਹੀਦੀ ਹੈ, ਤਾਂ ਕਿ ਵੱਧ ਤੋਂ ਵੱਧ ਨੌਜਵਾਨਾਂ ਨੂੰ ਆਪਣੀ ਯੋਗਤਾ ਦੇ ਮੁਤਾਬਕ ਰੁਜ਼ਗਾਰ ਮਿਲ ਸਕੇ। ਫਿਰ ਵਿਦੇਸ਼ ਜਾਣ ਦੀ ਬਜਾਏ ਨੌਜਵਾਨ ਇਥੇ ਆਪਣਾ ਵਧੀਆ ਭਵਿੱਖ ਬਣਾ ਸਕਣਗੇ।

## 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨੜਾਲਾ
ਫੀਨਿਕਸ 480-794-0325



- ਕਵਾਰਿਆਂ ਨੂੰ ਲੱਗਦਾ ਹੈ ਕਿ ਸਾਰੀਆਂ ਸਮੱਸਿਆਵਾਂ ਦਾ ਹੱਲ ਵਿਆਹ ਹੈ, ਜਦਕਿ ਵਿਆਹੇ ਵਰ੍ਹਿਆਂ ਨੂੰ ਲੱਗਦਾ ਹੈ ਕਿ ਸਾਰੀਆਂ ਸਮੱਸਿਆਵਾਂ ਦੀ ਵਜ੍ਹਾ ਸ਼ਾਦੀ ਹੈ।
- ਪਹਿਲਾਂ ਲੋਕ ਕਹਿੰਦੇ ਹੁੰਦੇ ਸਨ, 'ਚਾਦਰ ਵੇਖ ਕੇ ਪੈਰ ਪਸਾਰੋ' ਭਾਵ ਖ਼ਰਚਾ ਸੰਕੋਚ ਕੇ ਕਰੋ। ਹੁਣ ਕਹਿੰਦੇ ਹਨ, 'ਖ਼ਰਚਾ ਕਰੀ ਚੱਲੋ, ਲੱਤਾਂ ਮੋੜ ਕੇ ਸੌਂ ਜਾਵਾਂਗੇ'।
- ਇੱਕੀਵੀਂ ਸਦੀ ਹੈ, ਹਰ ਕੋਈ ਪੁੱਜ ਕੇ ਸਿਆਣਾ ਅਤੇ ਸਮਝਦਾਰ ਹੈ। ਹਰ ਇੱਕ ਨਾਲ ਪਿਆਰ ਨਾਲ ਬੋਲੋ, ਖੰਜਰ ਚੁੱਭੇ ਦਾ ਇਲਾਜ ਹੋ ਜਾਂਦਾ ਹੈ। ਚੁੱਭਿਆ ਹੋਇਆ ਬੋਲ ਡਾਢਾ ਤੰਗ ਕਰਦਾ ਹੈ।
- ਓਸ਼ੋ ਨੇ ਇੱਕ ਲੈਕਚਰ ਵਿਚ ਕਿਹਾ ਸੀ, ਤਿੰਨ ਲੋਕ ਦੀ ਅਤੇ ਸਾਰੇ ਗ੍ਰਹਿਆਂ ਦੀ ਜਾਣਕਾਰੀ ਰੱਖਣ ਦਾ ਦਾਅਵਾ ਕਰਨ ਵਾਲੇ ਵੀ ਰੇਲਵੇ ਸਟੇਸ਼ਨ ਦੀ ਇਨਕੁਆਇਰੀ ਵਾਲੀ ਖਿੜਕੀ ਤੋਂ ਪੁੱਛਦੇ ਵੇਖੇ ਹਨ ਕਿ ਦਾਦਰ ਐਕਸਪ੍ਰੈੱਸ ਕਦੋਂ ਆ ਰਹੀ ਹੈ?
- ਕਿਤਾਬਾਂ ਹੱਥ ਵਿਚ ਰੋਟੀ ਤਾਂ ਨਹੀਂ ਫੜਾਉਂਦੀਆਂ ਪਰ ਰੋਟੀ ਕਮਾਉਣ ਦਾ ਢੰਗ ਜ਼ਰੂਰ ਦੱਸਦੀਆਂ ਹਨ।
- ਕਿਸੇ ਵੀ ਰਿਸ਼ਤੇ ਦਾ ਕਦੇ ਹਾਰਟ ਫੇਲ੍ਹ ਨਹੀਂ ਹੋਇਆ, ਹਰ ਰਿਸ਼ਤਾ ਮੁੱਕਣ ਤੋਂ ਪਹਿਲਾਂ ਵੈਂਟੀਲੇਟਰ 'ਤੇ ਲੱਗਦਾ ਹੈ। ਸਿਆਣੇ ਹੁੰਦੇ ਹਨ ਜੋ ਉਸ ਨੂੰ ਬਚਾਅ ਲੈਂਦੇ ਜਾਂ ਬਚਾਉਣ ਦਾ ਯਤਨ ਕਰਦੇ ਹਨ।

# ਭ੍ਰਿਸ਼ਟਾਚਾਰ + ਅਚਾਰ @ ਭ੍ਰਿਸ਼ਟਾਚਾਰ - ਲੋਕ ਨਿਰਮਾਣ ਮੰਤਰਾਲੇ, ਸਰਕਾਰੀ ਟੈਂਡਰ, ਹੋਮ ਟਰਾਂਸਪੋਰਟ ਨੂੰ ਕਰੀਮ ਵਿਭਾਗ ਕਿਉਂ ਕਿਹਾ ਜਾਂਦਾ ਹੈ?

## ਵਿਭਾਗਾਂ ਦੀ ਮਲਾਈ ਨੂੰ ਲੈ ਕੇ ਵਿਵਾਦ - ਭ੍ਰਿਸ਼ਟਾਚਾਰ 'ਤੇ ਕਿਵੇਂ ਹਮਲਾ ਹੋਵੇਗਾ?

**ਭ੍ਰਿਸ਼ਟਾਚਾਰ ਸਿਰਫ ਸਰਕਾਰੀ ਸਕੀਮਾਂ, ਅਫਸਰਾਂ ਵੱਲੋਂ ਰਿਸ਼ਵਤ ਲੈਣਾ ਹੀ ਨਹੀਂ, ਸਗੋਂ ਆਪਣੇ ਹਿੱਤਾਂ ਲਈ ਕੀਤਾ ਹਰ ਗਲਤ ਕੰਮ ਭ੍ਰਿਸ਼ਟਾਚਾਰ ਹੈ : ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ ਗੋਂਦੀਆ ਮਹਾਰਾਸ਼ਟਰ**



ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀਨ
ਗੋਂਡੀਆ, ਮਹਾਰਾਸ਼ਟਰ
92841-41425
ਪੰਜਾਬ ਮੇਲ USA



ਵਿਸ਼ਵ ਪੱਧਰ 'ਤੇ ਅੱਜ ਪੂਰੀ ਦੁਨੀਆਂ ਭ੍ਰਿਸ਼ਟਾਚਾਰ ਦੇ ਡੰਕੇ ਕਾਰਨ ਅਰਥਵਿਵਸਥਾ ਦੀ ਕਮਜ਼ੋਰੀ ਮਹਿਸੂਸ ਕਰ ਰਹੀ ਹੈ ਕਿਉਂਕਿ ਭ੍ਰਿਸ਼ਟਾਚਾਰ ਦੇ ਰੂਪ 'ਚ ਇਸ ਕਾਲੇ ਧਨ ਨੂੰ ਭ੍ਰਿਸ਼ਟਾਚਾਰੀਆਂ ਵੱਲੋਂ ਬਹੁਤ ਹੀ ਸ਼ੱਕੀ ਥਾਵਾਂ 'ਤੇ ਛੁਪਾ ਕੇ ਰੱਖਿਆ ਜਾਂਦਾ ਹੈ, ਜੋ ਅਰਥਚਾਰੇ ਦੇ ਚਲਣ 'ਚ ਕੋਈ ਲਾਭਦਾਇਕ ਨਹੀਂ ਹੁੰਦਾ। ਉਦਾਹਰਨ ਲਈ, 2000 ਰੁਪਏ ਦੇ ਨੋਟਾਂ ਦੀ ਇੱਕ ਵੱਡੀ ਰਕਮ ਪ੍ਰਚਲਨ ਵਿਚ ਨਹੀਂ ਸੀ, ਜਿਸਦਾ ਮਤਲਬ ਹੈ ਕਿ ਇਹ ਸਪੱਸ਼ਟ ਤੌਰ 'ਤੇ ਭ੍ਰਿਸ਼ਟਾਚਾਰੀਆਂ ਦੇ ਹੱਥਾਂ ਵਿਚ ਬੰਦ ਸਨ, ਨਤੀਜੇ ਵਜੋਂ ਨੋਟਾਂ ਦਾ ਨੋਟਬੰਦੀ ਸਮਾਨਾਰਥੀ ਸੀ। ਪਰ ਇਹ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਇੱਕ ਪਾਸੇ ਤਾਂ ਸਰਕਾਰ ਭ੍ਰਿਸ਼ਟਾਚਾਰ ਨੂੰ ਜ਼ੀਰੋ ਟੋਲਰੈਂਸ ਹਾਸਲ ਕਰਨ ਲਈ ਸਖ਼ਤ ਸੰਘਰਸ਼ ਕਰ ਰਹੀ ਹੈ, ਦੂਜੇ ਪਾਸੇ ਇਹ ਦੇਖਣ ਵਿਚ ਆਉਂਦਾ ਹੈ ਕਿ ਸਿਆਸਤ ਵਿਚ ਵਿਭਾਗਾਂ ਦੀ ਮਲਾਈ ਨੂੰ ਲੈ ਕੇ ਪਾਰਟੀ ਦੇ ਅੰਦਰਲੇ ਭਾਈਵਾਲਾਂ ਜਾਂ ਪਾਰਟੀ ਦੇ ਸੀਨੀਅਰ ਆਗੂਆਂ ਵਿਚ ਝਗੜੇ ਹੁੰਦੇ ਰਹਿੰਦੇ ਹਨ, ਯਾਨੀ ਕਿ ਸਰਕਾਰੀ ਟੈਂਡਰਾਂ ਵਿਚ ਪ੍ਰਤੀਸ਼ਤਤਾ ਦੇ ਮਾਮਲੇ ਹੁੰਦੇ ਹਨ, ਜਿਸ ਕਾਰਨ ਸਿਆਸਤ ਵਿਚ ਹਰ ਵਾਰ 5 ਤੋਂ 4 ਫੀਸਦੀ ਲੋਕ ਹੀ ਜਿੱਤੇ ਹਨ, ਮੰਤਰੀਆਂ ਦੀਆਂ ਚੋਣਾਂ ਅਤੇ ਚਪੜਾਸੀ ਤੋਂ ਲੈ ਕੇ ਉੱਚ ਅਧਿਕਾਰੀ ਤੱਕ ਇਸ ਵਿਚ ਸ਼ਾਮਲ ਹਨ, ਫਿਰ ਭ੍ਰਿਸ਼ਟਾਚਾਰ ਨੂੰ ਜ਼ੀਰੋ ਟਾਲਰੈਂਸ ਦੀ ਨੀਤੀ ਦਾ ਕੀ ਮਤਲਬ ਹੈ? ਜੋ ਗੱਲ ਰੇਖਾਂਕਿਤ ਕਰਨ ਯੋਗ ਹੈ, ਉਹ ਇਸਦੀ ਉੱਤਮ ਉਦਾਹਰਣ ਹੈ ਕਿ ਮਹਾਰਾਸ਼ਟਰ ਦੇ ਇੱਕ ਨੇਤਾ 'ਤੇ ਗ੍ਰਹਿ ਮੰਤਰੀ ਹੋਣ ਦੇ ਬਾਵਜੂਦ 100 ਕਰੋੜ ਰੁਪਏ ਪ੍ਰਤੀ ਮਹੀਨਾ ਤਨਖਾਹ ਲੈਣ ਦੇ ਦੋਸ਼ ਲੱਗੇ ਅਤੇ ਉਹ ਜੇਲ੍ਹ ਵੀ ਗਿਆ। ਅਜਿਹੇ ਕਈ ਇਲਜ਼ਾਮ ਸਿਆਸਤਦਾਨਾਂ ਅਤੇ ਮੰਤਰੀਆਂ 'ਤੇ ਲਗਾਏ ਜਾਂਦੇ ਹਨ, ਜੋ ਕਿ ਰੇਖਾਂਕਿਤ ਕਰਨ ਵਾਲੀ ਗੱਲ ਹੈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਭ੍ਰਿਸ਼ਟਾਚਾਰ ਉੱਪਰ ਤੋਂ ਹੇਠਾਂ ਤੱਕ ਚੱਲਦਾ ਹੈ, ਇਸ ਲਈ ਅੱਜ ਮੀਡੀਆ ਵਿਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਅਸੀਂ ਵਿਭਾਗਾਂ ਦੀ ਮਲਾਈ ਨੂੰ ਲੈ ਕੇ ਚੱਲ ਰਹੇ ਵਿਵਾਦ ਬਾਰੇ ਚਰਚਾ ਕਰਾਂਗੇ ਕਿ ਭ੍ਰਿਸ਼ਟਾਚਾਰ ਨੂੰ ਕਿਵੇਂ ਨੱਥ ਪਾਈ ਜਾਵੇਗੀ! ਅਤੇ ਭ੍ਰਿਸ਼ਟਾਚਾਰ ਦੀ ਦਰ 'ਤੇ ਭ੍ਰਿਸ਼ਟ ਪਲੱਸ ਅਚਾਰ, ਲੋਕ ਨਿਰਮਾਣ ਸਰਕਾਰੀ ਟੈਂਡਰ, ਗ੍ਰਹਿ ਟਰਾਂਸਪੋਰਟ ਮੰਤਰਾਲੇ, ਇਨ੍ਹਾਂ ਨੂੰ ਕਰੀਮ ਵਿਭਾਗ ਕਿਉਂ ਕਿਹਾ ਜਾਂਦਾ ਹੈ?

ਦੋਸਤੋ, ਜੇਕਰ ਅਸੀਂ ਭ੍ਰਿਸ਼ਟਾਚਾਰ ਦੇ ਅਰਥਾਂ ਨੂੰ ਸਮਝਣ ਦੀ ਗੱਲ ਕਰੀਏ, ਤਾਂ ਭ੍ਰਿਸ਼ਟਾਚਾਰ ਸ਼ਬਦ ਦੋ ਸ਼ਬਦਾਂ ਤੋਂ ਬਣਿਆ ਹੈ - ਭ੍ਰਿਸ਼ਟਾਚਾਰ + ਨੈਤਿਕਤਾ, ਜਿਸ ਦੇ ਹੇਠ ਲਿਖੇ ਅਰਥ ਹਨ - ਭ੍ਰਿਸ਼ਟ = ਭ੍ਰਿਸ਼ਟ, ਗੰਦਾ, ਅਨੈਤਿਕ, ਗਲਤ, ਅਪਰਾਧੀ; ਨੈਤਿਕਤਾ = ਆਚਰਣ, ਵਿਹਾਰ, ਕੰਮ। ਇਸ ਲਈ ਸੌਖੇ ਸ਼ਬਦਾਂ ਵਿਚ ਭ੍ਰਿਸ਼ਟਾਚਾਰ ਦਾ ਅਰਥ ਹੈ, ਉਹ ਕੰਮ ਜੋ ਗਲਤ, ਅਨੈਤਿਕ, ਅਪਰਾਧੀ ਜਾਂ ਭ੍ਰਿਸ਼ਟਾਚਾਰੀ ਸ਼ਬਦ ਹੈ, ਜੋ ਕਿ ਸਾਡੇ ਸਿਆਸੀ ਸੰਦਰਭਾਂ ਵਿਚ ਮੁੱਖ ਤੌਰ 'ਤੇ ਵਰਤਿਆ ਜਾਂਦਾ ਹੈ। ਪਰ ਆਮ ਤੌਰ 'ਤੇ, ਭ੍ਰਿਸ਼ਟਾਚਾਰ ਕਿਸੇ ਗਲਤ ਉਦੇਸ਼ ਨੂੰ ਪ੍ਰਾਪਤ ਕਰਨ ਲਈ ਅਨੈਤਿਕ ਅਤੇ ਬਦਨੀਤੀ ਨਾਲ ਕੀਤਾ ਜਾਂਦਾ ਹੈ, ਭ੍ਰਿਸ਼ਟਾਚਾਰ ਹੀ ਨਹੀਂ, ਸਗੋਂ ਆਪਣੇ ਆਦਰਸ਼ਾਂ ਨਾਲ ਸਮਝੌਤਾ ਕਰਨਾ ਅਤੇ ਨਿੱਜੀ ਲਾਭ ਲਈ ਕਿਸੇ ਹੋਰ ਨੂੰ ਦੁੱਖ ਪਹੁੰਚਾਉਣਾ ਵੀ ਭ੍ਰਿਸ਼ਟਾਚਾਰ ਹੈ। ਦੁੱਧ ਵਿਚ ਪਾਣੀ ਮਿਲਾਉਣਾ ਵੀ ਭ੍ਰਿਸ਼ਟਾਚਾਰ ਹੈ ਅਤੇ ਅਧਿਆਪਕ ਨੂੰ ਜਮਾਤ ਵਿਚ ਨਾ ਪੜ੍ਹਾਉਣਾ ਵੀ ਭ੍ਰਿਸ਼ਟਾਚਾਰ ਹੈ। ਕਿਸੇ ਅਧਿਕਾਰੀ ਦਾ ਕੰਮ ਨਾ ਕਰਨਾ ਵੀ ਭ੍ਰਿਸ਼ਟਾਚਾਰ ਹੈ ਅਤੇ ਕੰਮ ਦੇ ਬਦਲੇ ਰਿਸ਼ਵਤ ਮੰਗਣਾ ਵੀ ਭ੍ਰਿਸ਼ਟਾਚਾਰ ਹੈ। ਟੈਕਸ ਚੋਰੀ ਕਰਨਾ ਵੀ ਭ੍ਰਿਸ਼ਟਾਚਾਰ ਹੈ ਅਤੇ ਟ੍ਰੈਫਿਕ ਨਿਯਮਾਂ ਨੂੰ ਨਾ ਮੰਨਣਾ ਵੀ ਭ੍ਰਿਸ਼ਟਾਚਾਰ ਹੈ, ਸੀਮਤ ਸ਼ਬਦਾਂ ਵਿਚ ਭ੍ਰਿਸ਼ਟਾਚਾਰ ਹੀ ਨਹੀਂ, ਸਗੋਂ ਨਿੱਜੀ ਹਿੱਤਾਂ ਦੀ ਪ੍ਰਾਪਤੀ ਲਈ ਕੀਤਾ ਗਿਆ ਹਰ ਗਲਤ ਕੰਮ ਭ੍ਰਿਸ਼ਟਾਚਾਰ ਹੈ।

ਦੋਸਤੋ, ਜੇਕਰ ਅਸੀਂ ਭ੍ਰਿਸ਼ਟਾਚਾਰ ਦੇ ਆਰਥਿਕ ਮਾੜੇ ਪ੍ਰਭਾਵਾਂ ਦੀ ਗੱਲ ਕਰੀਏ, ਤਾਂ ਭ੍ਰਿਸ਼ਟਾਚਾਰ ਦਾ ਆਰਥਿਕ ਵਿਕਾਸ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਉਦਾਹਰਣ ਦੇ ਲਈ, ਭ੍ਰਿਸ਼ਟਾਚਾਰ ਕਾਰਨ, ਜਿਸ ਕਾਰਨ ਉਹ ਤੇਜ਼ੀ ਨਾਲ ਟੁੱਟ ਜਾਂਦੇ ਹਨ, ਇਸ ਫਾਰਮੂਲੇ ਦੇ ਮਾੜੇ ਪ੍ਰਭਾਵ ਘੱਟ ਹੋਣੇ ਚਾਹੀਦੇ ਹਨ। ਸਵਾਲ ਇਹ ਉੱਠਦਾ ਹੈ ਕਿ 50 ਲੱਖ ਰੁਪਏ ਦੀ ਰਿਸ਼ਵਤ ਦੀ ਰਕਮ ਨੂੰ ਜੇਕਰ ਸ਼ੇਅਰ ਬਾਜ਼ਾਰ ਵਿਚ ਲਗਾਇਆ ਜਾਵੇ ਤਾਂ ਆਰਥਿਕ ਵਿਕਾਸ 'ਤੇ ਭ੍ਰਿਸ਼ਟਾਚਾਰ ਦੇ ਮਾੜੇ ਪ੍ਰਭਾਵ ਕੁਝ ਹੱਦ ਤੱਕ ਘੱਟ ਹੁੰਦੇ ਹਨ, ਇਹ ਅੰਤਰ ਦੱਖਣੀ ਅਮਰੀਕੀ ਦੇਸ਼ਾਂ ਅਤੇ ਭਾਰਤ ਵਿਚ ਸਪੱਸ਼ਟ ਹੈ। ਦੱਖਣ ਅਮਰੀਕਾ ਦੇ ਨੇਤਾਵਾਂ ਨੇ ਰਿਸ਼ਵਤ ਦਾ ਪੈਸਾ ਸਵਿਸ ਬੈਂਕਾਂ ਵਿਚ ਜਮ੍ਹਾ ਕਰਵਾਇਆ। ਇਸ ਦਾ ਨਤੀਜਾ ਵਿਕਾਸ ਵਿਚ ਗਿਰਾਵਟ ਦੇ ਰੂਪ ਵਿਚ ਨਿਕਲਿਆ, ਪਰ ਭਾਰਤੀ ਨੇਤਾਵਾਂ ਨੇ ਨਾ ਸਿਰਫ਼ ਸਵਿਸ ਬੈਂਕਾਂ ਵਿਚ ਪੈਸਾ ਜਮ੍ਹਾ ਕਰਵਾਇਆ, ਸਗੋਂ ਘਰੇਲੂ ਉੱਦਮੀਆਂ ਕੋਲ ਵੀ ਪੈਸਾ ਜਮ੍ਹਾ ਕਰਵਾਇਆ। ਜੇਕਰ ਰਿਸ਼ਵਤ ਦੇ ਪੈਸੇ ਨੂੰ ਨਿਵੇਸ਼ ਕੀਤਾ ਜਾਂਦਾ ਹੈ, ਤਾਂ ਅਨੈਤਿਕ ਭ੍ਰਿਸ਼ਟਾਚਾਰ ਦਾ ਵੀ ਸਕਾਰਾਤਮਕ ਆਰਥਿਕ ਪ੍ਰਭਾਵ ਹੋ ਸਕਦਾ ਹੈ। ਮੰਨ ਲਓ ਕਿ ਔਸਤਨ 70 ਪ੍ਰਤੀਸ਼ਤ ਪੈਸਾ ਸਰਕਾਰੀ ਨਿਵੇਸ਼ ਵਿਚ ਲਗਾਇਆ ਜਾਂਦਾ ਹੈ, ਜਦੋਂ ਕਿ 90 ਪ੍ਰਤੀਸ਼ਤ ਨਿੱਜੀ ਨਿਵੇਸ਼ ਵਿਚ, ਅਜਿਹੀ ਸਥਿਤੀ ਵਿਚ, ਜੇਕਰ ਇੱਕ ਕਰੋੜ ਰੁਪਏ ਭ੍ਰਿਸ਼ਟਾਚਾਰ ਰਾਹੀਂ ਕੱਢੇ ਜਾਂਦੇ ਹਨ ਅਤੇ ਪ੍ਰਾਈਵੇਟ ਕੰਪਨੀਆਂ ਵਿਚ ਨਿਵੇਸ਼ ਕੀਤੇ ਜਾਂਦੇ ਹਨ, ਤਾਂ 20 ਲੱਖ ਰੁਪਏ ਦਾ ਨਿਵੇਸ਼ ਆਰਥਿਕਤਾ ਵਿਚ ਇੱਕ ਪ੍ਰਕਾਰ ਵਜੋਂ ਜਾਣਿਆ ਜਾਂਦਾ ਹੈ। ਇੱਕ ਵਿਅਕਤੀ ਆਪਣੀ ਵਾਧੂ ਆਮਦਨ ਵਿਚੋਂ ਕਿੰਨੀ ਬਚਤ ਕਰਦਾ ਹੈ, ਉਸਨੂੰ 'ਬਚਤ ਕਰਨ ਦੀ ਪ੍ਰਵਿਰਤੀ' ਕਿਹਾ ਜਾਂਦਾ ਹੈ। ਜੇਕਰ ਕਿਸੇ ਗਰੀਬ ਦੀ 100 ਰੁਪਏ ਦੀ ਵਾਧੂ ਆਮਦਨ ਹੈ, ਤਾਂ ਉਹ 90 ਰੁਪਏ ਦੀ ਖਪਤ ਕਰਦਾ ਹੈ ਅਤੇ 10 ਰੁਪਏ ਦੀ ਬਚਤ ਕਰਦਾ ਹੈ। ਇਸ ਦੇ ਮੁਕਾਬਲੇ, ਜੇਕਰ ਕਿਸੇ ਅਮੀਰ ਵਿਅਕਤੀ ਕੋਲ 100 ਰੁਪਏ ਦੀ ਵਾਧੂ ਆਮਦਨ ਹੈ, ਤਾਂ ਉਹ 10 ਰੁਪਏ ਦੀ ਖਪਤ ਕਰਦਾ ਹੈ ਅਤੇ 90 ਰੁਪਏ ਦੀ ਬਚਤ ਕਰਦਾ ਹੈ। ਮੰਨ ਲਓ ਕਿ ਇੱਕ ਅਮੀਰ ਇੰਜੀਨੀਅਰ ਨੇ ਇੱਕ ਗਰੀਬ ਕਿਸਾਨ ਤੋਂ 100 ਰੁਪਏ ਦੀ ਰਿਸ਼ਵਤ ਲਈ ਹੈ। ਗਰੀਬਾਂ ਦੀ ਆਮਦਨ 100 ਰੁਪਏ ਘੱਟ ਗਈ, ਜਿਸ ਕਾਰਨ ਬਚਤ 10 ਰੁਪਏ ਘੱਟ ਗਈ। ਪਰ ਅਮੀਰ ਇੰਜੀਨੀਅਰ ਨੇ 100 ਰੁਪਏ ਦੀ ਰਿਸ਼ਵਤ ਲੈ ਕੇ 90 ਰੁਪਏ ਬਚਾ ਲਏ। ਇਸ ਤਰ੍ਹਾਂ ਰਿਸ਼ਵਤ ਦੇ ਲੈਣ-ਦੇਣ ਤੋਂ ਹੋਣ ਵਾਲੀ ਕੁੱਲ ਬਚਤ ਵਿਚ 80 ਰੁਪਏ ਦਾ ਵਾਧਾ ਹੋਇਆ ਹੈ। ਅਮੀਰਾਂ ਦੁਆਰਾ ਗਰੀਬਾਂ ਦਾ ਸ਼ੋਸ਼ਣ, ਸਮਾਜਿਕ ਤੌਰ 'ਤੇ ਗਲਤ ਹੋਣ ਦੇ ਬਾਵਜੂਦ, ਆਰਥਿਕ ਤੌਰ 'ਤੇ ਲਾਭਕਾਰੀ ਹੋ ਗਿਆ, ਆਰਥਿਕ ਵਿਕਾਸ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਮਿਸਾਲ ਵਜੋਂ ਭ੍ਰਿਸ਼ਟਾਚਾਰ ਕਾਰਨ ਸੜਕਾਂ ਕਮਜ਼ੋਰ ਹੋ ਜਾਂਦੀਆਂ ਹਨ, ਜਿਸ ਕਾਰਨ ਉਹ ਜਲਦੀ ਟੁੱਟ ਜਾਂਦੀਆਂ ਹਨ। ਇਸ ਫਾਰਮੂਲੇ ਮੁਤਾਬਕ ਭਾਰਤ ਅਤੇ ਚੀਨ ਦੀ ਵਿਕਾਸ ਦਰ ਘੱਟ ਹੋਣੀ ਚਾਹੀਦੀ ਸੀ ਕਿਉਂਕਿ ਇਹ ਦੇਸ਼ ਜ਼ਿਆਦਾ ਭ੍ਰਿਸ਼ਟ ਹਨ। ਪਰ ਅਸਲੀਅਤ ਇਸ ਦੇ ਬਿਲਕੁਲ ਉਲਟ ਹੈ। ਭਾਰਤ ਅਤੇ ਚੀਨ ਦੀ ਵਿਕਾਸ ਦਰ ਵੱਧ ਹੈ। ਭ੍ਰਿਸ਼ਟਾਚਾਰ ਦੇ ਮਾੜੇ ਪ੍ਰਭਾਵ ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਭ੍ਰਿਸ਼ਟਾਚਾਰ ਤੋਂ ਪ੍ਰਾਪਤ ਧਨ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ। ਮੰਨ ਲਓ, 1 ਕਰੋੜ ਰੁਪਏ ਦੇ ਸੜਕ ਨਿਰਮਾਣ ਦੇ ਠੇਕੇ ਵਿਚੋਂ 50 ਲੱਖ ਰੁਪਏ ਭ੍ਰਿਸ਼ਟਾਚਾਰ ਦੀ ਭੇਟ ਚੜ੍ਹ ਗਏ। ਸੜਕ ਦਾ ਨਿਰਮਾਣ ਮਾੜਾ ਸੀ। ਸਵਾਲ ਇਹ ਪੈਦਾ ਹੁੰਦਾ ਹੈ ਕਿ 50 ਲੱਖ ਰੁਪਏ ਦੀ ਰਿਸ਼ਵਤ ਦੀ ਰਕਮ ਕਿਵੇਂ ਵਰਤੀ ਗਈ।


ਦੋਸਤੋ, ਜੇਕਰ ਅਸੀਂ ਭ੍ਰਿਸ਼ਟਾਚਾਰ ਦੇ ਕਾਰਨਾਂ ਨੂੰ ਸਮਝਣ ਦੀ ਗੱਲ ਕਰੀਏ ਤਾਂ ਅਸੀਂ ਇਸ ਨੂੰ ਸਿਸਟਮ ਦਾ ਹਿੱਸਾ ਮੰਨਦੇ ਹਾਂ, ਪਰ ਅਸੀਂ ਆਪ ਹੀ ਉਨ੍ਹਾਂ ਦਾ ਕੰਮ ਜਲਦੀ ਕਰਨ ਲਈ ਪ੍ਰੇਰਿਤ ਕਰਦੇ ਹਾਂ, ਅਸੀਂ ਤੁਹਾਨੂੰ ਪਾਸਪੋਰਟ ਲਈ ਪੁਲਿਸ ਵੈਰੀਫਿਕੇਸ਼ਨ ਕਰਨ ਲਈ ਥੋੜ੍ਹੇ ਜਿਹੇ ਪੈਸੇ ਦੇਵਾਂਗੇ, ਨਾ ਕਿ ਟ੍ਰੈਫਿਕ ਪੁਲਿਸ ਵਾਲੇ ਨੂੰ 100-50 ਦੇ ਕੇ ਬਚ ਜਾਵਾਂਗੇ। ਇਹ ਯਕੀਨੀ ਬਣਾਉਣ ਲਈ ਕਿ ਅਸੀਂ ਸਰਕਾਰੀ ਬਾਬੂਆਂ ਨੂੰ ਕੁਝ ਮਠਿਆਈਆਂ ਭੇਜਦੇ ਹਾਂ ਅਤੇ ਫਿਰ ਜੋ ਪੈਸਾ ਉਸ ਦੀ ਭਲਾਈ 'ਤੇ ਖਰਚ ਹੁੰਦਾ ਹੈ, ਅਸੀਂ ਇਸ ਸਭ ਦੇ ਲਈ ਸਾਡਾ 'ਸੌਖਾ ਰਵੱਈਆ' (ਸਭ ਕੁਝ ਠੀਕ ਹੈ) ਜ਼ਿੰਮੇਵਾਰ ਹੈ, ਕੁਝ ਨਹੀਂ ਹੋਵੇਗਾ, ਸਭ ਤੋਂ ਪਹਿਲਾਂ ਆਪਣੀ ਸੋਚ ਨੂੰ ਬਦਲਣਾ ਹੋਵੇਗਾ।

ਦੋਸਤੋ, ਜੇਕਰ ਕਰੀਮ ਵਿਭਾਗ ਨੂੰ ਸਮਝਣ ਦੀ ਗੱਲ ਕਰੀਏ, ਤਾਂ ਪੁਲਿਸ ਵਿਭਾਗ ਹੋਰ ਵਿਭਾਗਾਂ ਵਾਂਗ ਭ੍ਰਿਸ਼ਟ ਨਹੀਂ ਹੈ। ਅੱਜ ਦੇ ਘਪਲਿਆਂ ਵਿਚ ਇਸ ਵਿਭਾਗ ਦੀ ਵੱਡੀ ਭੂਮਿਕਾ ਹੈ ਅਤੇ ਇਹ ਵਿਭਾਗ ਇਸ ਦੇ ਸੰਪਰਕ ਵਿਚ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਨਹੀਂ ਬਖਸ਼ਦਾ। ਮਾਈਨਿੰਗ ਵਿਭਾਗ ਸਭ ਤੋਂ ਭ੍ਰਿਸ਼ਟ ਵਿਭਾਗ ਹੈ। ਇਹ ਉਹੋ ਮਹਿਕਮਾ ਹੈ, ਜਿਸ ਵਿਚ ਘੁਟਾਲੇ ਦਾ ਸਵਾਲ ਹਮੇਸ਼ਾ ਉੱਠਦਾ ਰਹਿੰਦਾ ਹੈ, ਇਹ ਉਹ ਵਿਭਾਗ ਹੈ ਜਿਸ ਦੇ ਚਪੜਾਸੀ ਤੋਂ ਲੈ ਕੇ ਕਮਿਸ਼ਨਰ ਤੱਕ ਦੇ ਨੌਕਰਸ਼ਾਹ ਅਤੇ ਵਿਭਾਗ ਦੇ ਮੰਤਰੀ ਤੱਕ ਜੇਲ੍ਹ ਜਾ ਚੁੱਕੇ ਹਨ। ਜਦੋਂ ਇਸ ਮਹਿਕਮੇ ਵਿਚ ਹੋਏ ਘਪਲੇ ਦੀ ਰਕਮ ਅਖਬਾਰ ਵਿਚ ਛਪੀ, ਤਾਂ ਇੱਕ ਆਮ ਆਦਮੀ ਘੱਟੋ-ਘੱਟ ਤਿੰਨ ਵਾਰ ਜ਼ੀਰੋ ਗਿਣਦਾ ਹੈ, ਕਈ ਆਗੂ ਅਤੇ ਮੰਤਰੀ ਵੀ ਮਾਈਨਿੰਗ ਘੁਟਾਲੇ ਵਿਚ ਸਲਾਖਾਂ ਪਿੱਛੇ ਚਲੇ ਗਏ ਅਤੇ ਕਈ ਦੋਸ਼ੀ ਹੋਏ! ਇਨ੍ਹਾਂ ਵਿਚ ਗਾਇਤਰੀ ਪ੍ਰਜਾਪਤੀ, ਬੀ.ਐੱਸ. ਯੇਦੀਯੁਰੱਪਾ ਜਨਾਰਦਨ ਰੈੱਡੀ ਅਤੇ ਸ੍ਰੀਨਿਵਾਸ ਰੈੱਡੀ, ਰਮੇਸ਼ ਪੋਖਰਿਆਲ ਨਿਸ਼ੰਕ, ਜੈਲਲਿਤਾ, ਸਿਬੂ ਸੋਰੇਨ ਅਤੇ ਦਿਗੰਬਰ ਕਾਮਤ ਵਰਗੇ ਕਈ ਨਾਮ ਸ਼ਾਮਲ ਹਨ। ਇਸ ਘਪਲੇ ਵਿਚ ਸ਼ਾਮਲ ਹੋਣ ਤੋਂ ਬਾਅਦ ਇਸ ਵਿਭਾਗ ਦੇ ਕਈ ਆਈ.ਏ.ਐੱਸ. ਵੀ ਸ਼ਾਮਲ ਹਨ, ਜਿਨ੍ਹਾਂ ਵਿਚ ਅਸ਼ੋਕ ਸਿੰਘਵੀ ਅਤੇ ਚੰਦਰ ਕਾਲਾ ਪ੍ਰਮੁੱਖ ਹਨ। 2012 ਦਾ ਕੋਲਾ ਖਾਨ ਅਲਾਟਮੈਂਟ 10.7 ਲੱਖ ਕਰੋੜ ਦਾ ਘੁਟਾਲਾ ਸੀ, ਜੋ ਕਿ ਹੁਣ ਤੱਕ ਦਾ ਸਭ ਤੋਂ ਵੱਡਾ ਘੁਟਾਲਾ ਹੈ। ਮਾਈਨਿੰਗ ਵਿਭਾਗ ਦਾ ਕੰਮ ਰੇਤ ਅਤੇ ਮਿੱਟੀ ਤੋਂ ਲੈ ਕੇ ਸੋਨੇ ਦੀ ਮਾਈਨਿੰਗ ਤੱਕ ਹੈ। ਮਾਈਨਿੰਗ ਵਿਭਾਗ ਹੀ ਅਜਿਹਾ ਵਿਭਾਗ ਹੈ, ਜੋ ਮਿੱਟੀ ਦੀ ਖੁਦਾਈ ਵਿਚ ਭ੍ਰਿਸ਼ਟਾਚਾਰ ਕਰਕੇ ਮਿੱਟੀ ਤੋਂ ਪੈਸਾ ਕਮਾਉਂਦਾ ਹੈ।

ਇਸ ਲਈ, ਜੇ ਅਸੀਂ ਉਪਰੋਕਤ ਸਾਰੇ ਵੇਰਵੇ ਦਾ ਅਧਿਐਨ ਕਰੀਏ ਅਤੇ ਇਸਦਾ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਭ੍ਰਿਸ਼ਟਾਚਾਰ + ਅਚਾਰ @ ਭ੍ਰਿਸ਼ਟਾਚਾਰ - ਲੋਕ ਨਿਰਮਾਣ ਮੰਤਰਾਲੇ, ਸਰਕਾਰੀ ਟੈਂਡਰ, ਗ੍ਰਹਿ ਟਰਾਂਸਪੋਰਟ ਵਿਭਾਗਾਂ ਦੀ ਮਲਾਈ ਨੂੰ ਲੈ ਕੇ ਵਿਵਾਦ ਕਿਵੇਂ ਹੋਵੇਗਾ - ਭ੍ਰਿਸ਼ਟਾਚਾਰ ਸਿਰਫ ਰਿਸ਼ਵਤ ਲੈਣਾ ਹੀ ਨਹੀਂ ਹੈ, ਬਲਕਿ ਹਰ ਸਰਕਾਰੀ ਸਕੀਮਾਂ ਵਿਚ ਭ੍ਰਿਸ਼ਟਾਚਾਰ, ਆਪਣੇ ਆਪ ਲਈ ਕੀਤਾ ਜਾਂਦਾ ਹੈ?

# ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ : ਸਾਕਾ ਨਨਕਾਣਾ ਸਾਹਿਬ





-ਇਕਵਾਕ ਸਿੰਘ ਪੱਟੀ
ਅੰਮ੍ਰਿਤਸਰ ਸਾਹਿਬ।
ਮੋ. 94787-67620
ਪੰਜਾਬ ਮੇਲ USA



ਜਗਤ ਗੁਰੂ, ਗੁਰੂ ਨਾਨਕ ਸਾਹਿਬ ਜੀ ਦੇ ਪਾਵਨ ਜਨਮ ਅਸਥਾਨ ਗੁਰਦੁਆਰਾ ਨਨਕਾਣਾ ਸਾਹਿਬ ਜੀ ਦੀ ਪਵਿੱਤਰ ਧਰਤੀ ਨੂੰ ਭ੍ਰਿਸ਼ਟ ਮਹੰਤਾਂ ਤੋਂ ਆਜ਼ਾਦ ਕਰਵਾਉਣ ਹਿੱਤ ਵਾਪਰੇ ਦੁਖਾਂਤ ਦੇ ਉਸ ਕਹਿਰੀ ਸਮੇਂ ਨੂੰ ਸਾਕਾ ਨਨਕਾਣਾ ਸਾਹਿਬ ਦੇ ਨਾਮ ਨਾਲ ਹਰ ਸਾਲ ਯਾਦ ਕੀਤਾ ਜਾਂਦਾ ਹੈ। ਯਾਦ ਰਹੇ ਕਿ ਗੁਰਦੁਆਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਦਾ ਮਕਸਦ ਸਿਰਫ਼ ਸਬੰਧਿਤ ਜਗ੍ਹਾ ਨੂੰ ਆਪਣੇ ਕਬਜ਼ੇ ਵਿਚ ਲੈਣਾ ਹੀ ਨਹੀਂ ਸੀ, ਬਲਕਿ ਉਸ ਪਵਿੱਤਰ ਅਸਥਾਨ ਨੂੰ ਗੁਰੂ ਨਾਨਕ ਦੇ ਸਿਧਾਂਤਾਂ ਨੂੰ ਪ੍ਰਚਾਰਣ ਦੇ ਕੇਂਦਰ ਵਜੋਂ ਪੇਸ਼ ਕਰਕੇ ਉੱਥੇ ਗੁਰ ਮਰਿਯਾਦਾ ਲਾਗੂ ਕਰਵਾਉਣਾ ਵੀ ਸੀ। ਕਿਉਂਕਿ ਸਮੇਂ ਦੇ ਮਹੰਤ ਨਰੈਣੂ (ਨਰਾਇਣ ਦਾਸ) ਨੇ ਅਤੇ ਇਸਤੋਂ ਪਹਿਲਾਂ ਦੇ ਰਹਿ ਚੁੱਕੇ ਮਹੰਤ ਸਾਧੂ ਰਾਮ ਅਤੇ ਕਿਸ਼ਨ ਦਾਸ ਨੇ ਨਨਕਾਣਾ ਸਾਹਿਬ ਵਿਖੇ ਮੱਸੇ ਰੰਘੜ ਵਾਲੇ ਸਮੇਂ ਦੇ ਹਾਲਾਤ ਤੋਂ ਵੀ ਬੱਦਤਰ ਹਾਲਾਤ ਉਸ ਸਥਾਨ ਦੇ ਬਣਾ ਛੱਡੇ ਸਨ। ਹੁਣ ਕੇਵਲ ਉੱਥੇ ਨਾਚੀਆਂ ਦਾ ਨਾਚ ਹੀ ਨਹੀਂ ਸੀ ਹੁੰਦਾ, ਬਲਕਿ ਹੁਣ ਤਾਂ ਉਸ ਅਸਥਾਨ ਦੇ ਦਰਸ਼ਨ ਕਰਨ ਜਾਣ ਵਾਲੀਆਂ ਬੀਬੀਆਂ/ਔਰਤਾਂ ਦੀਆਂ ਇੱਜ਼ਤਾਂ ਵੀ ਸੁਰੱਖਿਅਤ ਨਹੀਂ ਸਨ ਰਹੀਆਂ। ਅਗਸਤ 1917 ਵਿਚ ਉਸਨੇ ਨਾਚੀਆਂ ਸੱਦ ਕੇ, ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਨਾਚ-ਗਾਣਾ ਕਰਵਾਇਆ। ਜਦ ਸੰਨ 1918 ਵਿਚ ਇੱਕ ਰਿਟਾਇਰਡ ਸਿੰਧੀ ਅਫ਼ਸਰ ਆਪਣੇ ਪਰਿਵਾਰ ਸਮੇਤ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਇਆ, ਤਾਂ ਰਾਤ ਸਮੇਂ ਉਸਦੀ 13 ਵਰ੍ਹਿਆਂ ਦੀ ਮਾਸੂਮ ਬੱਚੀ ਨਾਲ ਮਹੰਤ ਦੇ ਚੇਲੇ ਨੇ ਜਬਰ-ਜਨਾਹ ਕੀਤਾ। ਇਸੇ ਹੀ ਸਾਲ ਪੂਰਨਮਾਸ਼ੀ ਦੀ ਇੱਕ ਰਾਤ ਨੂੰ ਜ਼ਿਲ੍ਹਾ ਲਾਇਲਪੁਰ ਦੇ ਜੜ੍ਹਾਂ ਵਾਲੇ ਇਲਾਕੇ ਦੀਆਂ 6 ਬੀਬੀਆਂ ਜੋ ਗੁਰਦੁਆਰਾ ਸਾਹਿਬ ਦਰਸ਼ਨ ਕਰਨ ਹਿੱਤ ਪੁੱਜੀਆਂ, ਉਨ੍ਹਾਂ ਨਾਲ ਵੀ ਮਹੰਤ ਦੇ ਚੇਲਿਆਂ ਨੇ ਉਹੀ ਹਸ਼ਰ ਕੀਤਾ ਅਤੇ ਖੇਹ ਖਾਧੀ। ਅਜਿਹੀਆਂ ਵਾਰਦਾਤਾਂ ਅਕਸਰ ਹੀ ਇੱਥੇ ਹੋਣ ਲੱਗ ਪਈਆਂ ਸਨ। ਇੱਥੋਂ ਤੱਕ ਕਿ ਜਦ ਸਿੱਖਾਂ ਨੇ ਮਹੰਤ ਦੀਆਂ ਇਹ ਆਪਹੁਦਰੀਆਂ ਕਰਤੂਤਾਂ ਅਤੇ ਮੰਦਭਾਗੀਆਂ ਘਟਨਾਵਾਂ ਵਿਰੁੱਧ ਰੋਸ ਪ੍ਰਗਟ ਕੀਤਾ, ਤਾਂ ਅੱਗੋਂ ਮਹੰਤ ਨੇ ਐਲਾਨੀਆ ਕਹਿ ਦਿੱਤਾ ਕਿ ਇਹ ਗੁਰਦੁਆਰਾ ਸਾਡੀ ਨਿੱਜੀ ਜਾਗੀਰ ਹੈ, ਤੁਸੀਂ ਆਪਣੀਆਂ ਇਸਤਰੀਆਂ ਨੂੰ ਨਾ ਭੇਜਿਆ ਕਰੋ।

ਤਦ ਨਨਕਾਣਾ ਸਾਹਿਬ ਦੇ ਪਵਿੱਤਰ ਸਥਾਨ 'ਤੇ ਐਸੇ ਕੁਕਰਮਾਂ ਨੂੰ ਬੰਦ ਕਰਵਾਉਣ ਅਤੇ ਗੁਰ ਮਰਿਯਾਦਾ ਲਾਗੂ ਕਰਵਾਉਣ ਹਿੱਤ ਕਰਵਾਉਣ ਬਾਬਤ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਇੱਕ ਚਿੱਠੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਂ ਭੇਜੀ, ਜਿਸ ਵਿਚ ਲਿਖਿਆ ਗਿਆ ਕਿ, 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਹਾਲਤ ਦਾ ਫ਼ਿਕਰ ਕਰਨਾ ਚਾਹੀਦਾ ਹੈ ਅਤੇ ਮਹੰਤ ਦੀਆਂ ਕਾਰਵਾਈਆਂ ਦੇ ਖ਼ਿਲਾਫ਼ ਕੋਈ ਕਾਰਵਾਈ ਕਰਨੀ ਚਾਹੀਦੀ ਹੈ, ਵਰਨਾ ਕਿਤੇ ਅਜਿਹਾ ਨਾ ਹੋਵੇ ਕਿ ਸੰਗਤਾਂ ਆਪ ਹੀ ਨਨਕਾਣਾ ਸਾਹਿਬ ਵੱਲ ਚਾਲੇ ਪਾ ਦੇਣ। ਤਾਂ ਸਕੱਤਰ ਨੇ 21 ਜਨਵਰੀ 1921 ਨੂੰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਣ ਵਾਲੀ ਇੱਕ ਮੀਟਿੰਗ ਦੇ ਏਜੰਡੇ ਵਿਚ ਰੱਖ ਦਿੱਤੀ, ਤਾਂ ਇਸ ਬਾਬਤ ਇੱਕ ਵਿਸ਼ੇਸ਼ ਗੁਰਮਤਾ ਪਾਸ ਕਰਕੇ ਮਿਤੀ 4, 5, 6 ਮਾਰਚ 1921 ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਸਿੱਖ ਕੌਮ ਦਾ ਇੱਕ ਭਾਰੀ ਇਕੱਠ ਸੱਦਣ ਬਾਰੇ ਵਿਚਾਰ-ਚਰਚਾ ਕੀਤੀ ਗਈ, ਤਾਂ ਕਿ ਉਸ ਸਮੇਂ ਸਮੁੱਚੇ ਪੰਥਕ ਰੂਪ ਵਿਚ ਮਿਲ ਬੈਠ ਕੇ ਗੁਰਦੁਆਰਿਆਂ ਦੇ ਪ੍ਰਬੰਧ ਅਤੇ ਮਹੰਤ ਨਰਾਇਣ ਦਾਸ ਦਾ ਮਸਲਾ ਵਿਚਾਰਿਆ ਜਾ ਸਕੇ ਅਤੇ ਮਹੰਤ ਨੂੰ ਸੁਧਰਨ ਲਈ ਕਿਹਾ ਜਾਵੇ। ਇਸ ਸਬੰਧੀ ਫ਼ੈਸਲਾ ਹੋਇਆ ਕਿ ਇੱਕ ਖੁੱਲ੍ਹਾ ਚਿੱਠਾ ਛਾਪ ਕੇ ਸੰਗਤਾਂ ਵਿਚ ਵੰਡਿਆ ਜਾਵੇ ਅਤੇ ਮਹੰਤ ਨੂੰ ਆਪ ਸੁਧਾਰ ਵਾਸਤੇ ਕਿਹਾ ਜਾਵੇ। ਕਿਉਂ ਜੁ ਇਸਨੇ ਪ੍ਰਬੰਧ ਸੰਭਾਲਣ ਵੇਲੇ ਇਹ ਗੱਲ ਮੰਨੀ ਸੀ ਕਿ ਪਹਿਲੇ ਮਹੰਤਾਂ ਦੀ ਤਰ੍ਹਾਂ ਕਿਸੇ ਵੀ ਤਰ੍ਹਾਂ ਦੀ ਕੋਈ ਸ਼ਿਕਾਇਤ ਨਹੀਂ ਆਵੇਗੀ ਅਤੇ ਉਹ ਸੰਗਤ ਦੀ ਮਰਜ਼ੀ ਨਾਲ ਹੀ ਚੱਲੇਗਾ, ਪਰ ਉਸ ਨੇ ਇਹ ਪਵਿੱਤਰ ਅਸਥਾਨ 'ਤੇ ਨਸ਼ੇ ਅਤੇ ਵਿਭਚਾਰ ਸ਼ੁਰੂ ਕੀਤਾ ਹੋਇਆ ਸੀ। ਇਹ

ਹੋਣ ਵਾਲੇ ਇਸ ਪੰਥਕ ਇਕੱਠ ਦੀ ਸੂਹ ਮਹੰਤ ਨਰੈਣੂ ਨੂੰ ਲੱਗ ਗਈ, ਤਾਂ ਉਸਨੇ ਵਿਉਂਤ ਘੜ ਲਈ ਕਿ ਉਸ ਸਮੇਂ ਸਿੱਖਾਂ ਦੇ ਉਸ ਭਾਰੀ ਇਕੱਠ ਉੱਤੇ ਹਮਲਾ ਕਰਕੇ ਸਭ ਗੁਰਮਤ ਸੁਧਾਰਕਾਂ ਨੂੰ ਖ਼ਤਮ ਕਰ ਦੇਣਾ ਹੈ। ਇਸ ਲਈ ਉਸਨੇ ਜੰਗੀ ਤਿਆਰੀ ਆਰੰਭ ਦਿੱਤੀ। ਵੱਡੀ ਗਿਣਤੀ ਵਿਚ ਗੁਰਦੁਆਰਾ ਸਾਹਿਬ ਦੀ ਹਦੂਦ ਦੇ ਅੰਦਰ ਗੋਲੀ, ਸਿੱਕਾ, ਟਕੂਏ, ਪਿਸਤੌਲਾਂ, ਬੰਦੂਕ, ਮਿੱਟੀ ਦੇ ਤੇਲ ਦੇ ਪੀਪਿਆਂ ਅਤੇ ਲੱਕੜਾਂ ਦਾ ਜ਼ਖੀਰਾ ਇਕੱਠਾ ਕਰ ਲਿਆ, ਤਾਂ ਕਿ ਉੱਠ ਰਹੀ ਗੁਰਦੁਆਰਾ ਸੁਧਾਰ ਲਹਿਰ ਦੇ ਮੁਖੀਆਂ ਸਮੇਤ ਹਾਜ਼ਰ ਸਾਰੇ ਸਿੱਖ ਆਗੂਆਂ ਦਾ ਖੁਰਾ ਖੋਜ ਉਸ ਦਿਨ ਹੋਣ ਵਾਲੀ ਇੱਤਰਤਾ ਮੌਕੇ ਮਿਟਾਇਆ ਜਾ ਸਕੇ। ਉਸਨੇ 28 ਪਠਾਣ ਅਤੇ ਖ਼ੂੰਖਾਰ ਕਾਤਲ ਭਾੜੇ 'ਤੇ ਰੱਖ ਲਏ। ਗੁਰਦੁਆਰੇ ਦੇ ਬਾਹਰ ਦਾ ਲੱਕੜ ਵਾਲਾ ਦਰਵਾਜ਼ਾ ਹਟਾ ਕੇ ਲੋਹੇ ਦਾ ਲਗਵਾ ਲਿਆ ਅਤੇ ਉਸ ਵਿਚ ਗੋਲੀਆਂ ਚਲਾਉਣ ਲਈ ਛੇਕ ਰੱਖ ਲਏ। ਮਹੰਤ ਨਰੈਣੂ ਦੇ ਇਸ ਕਾਰੇ ਦੀ ਸੂਹ ਗੁਰਸਿੱਖਾਂ ਕੋਲ ਪੁੱਜੀ, ਤਾਂ ਉਨ੍ਹਾਂ ਨੇ 17 ਫਰਵਰੀ 1921 ਨੂੰ ਇੱਕ ਵਿਸ਼ੇਸ਼ ਮੀਟਿੰਗ ਸੱਦ ਕੇ ਇਹ ਮਤਾ ਪਕਾ ਦਿੱਤਾ ਗਿਆ ਕਿ 19 ਫਰਵਰੀ ਨੂੰ ਭਾਈ ਲਛਮਣ ਸਿੰਘ ਅਤੇ ਭਾਈ ਕਰਤਾਰ ਸਿੰਘ ਝੱਬਰ ਸ੍ਰੀ ਨਨਕਾਣਾ ਸਾਹਿਬ ਦੀ ਆਜ਼ਾਦੀ ਲਈ ਚਾਲੇ ਪਾ ਦੇਣਗੇ। ਕਿਉਂਕਿ ਉਸ ਮਹੰਤ ਦੇ ਵਿਰੁੱਧ ਅਤੇ ਗੁਰਦੁਆਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਲਈ ਸਿੱਖ ਸੰਗਤਾਂ ਦੇ ਮਨਾਂ ਵਿਚ ਪਹਿਲਾਂ ਹੀ ਜੋਸ਼ ਠਾਠਾਂ ਮਾਰ ਰਿਹਾ ਸੀ ਅਤੇ ਮਹੰਤ ਦੀ ਸਿੱਖਾਂ ਉੱਪਰ ਹਮਲਾ ਕਰਨ ਦੀ ਬਦਨੀਤੀ ਨੇ ਸਿੱਖਾਂ ਵਿਚਲੇ ਰੋਹ ਨੂੰ ਭਾਂਬੜ ਦਾ ਰੂਪ ਦੇ ਦਿੱਤਾ।

ਮਿਥੀ ਮਿਤੀ 'ਤੇ ਅਰਦਾਸਾ ਸੋਧ ਕੇ ਗੁਰੂ ਦੇ ਲਾਡਲੇ ਸਿੰਘਾਂ ਨੇ ਗੁਰਧਾਮ ਆਜ਼ਾਦ ਕਰਵਾਉਣ ਲਈ ਗੁਰੂ ਦੀ ਸਿੱਖਿਆ 'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥' ਅਤੇ 'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥' ਦੇ ਮਾਹਾਂ ਵਾਕਾਂ ਨੂੰ ਮੰਨਦਿਆਂ ਗੁਰਧਾਮਾਂ ਦੀ ਆਜ਼ਾਦੀ ਲਈ ਅਤੇ ਗੁਰੂ ਅਸਥਾਨ ਦੀ ਬੇਅਦਬੀ ਰੋਕਣ ਲਈ ਸ੍ਰੀ ਨਨਕਾਣਾ ਸਾਹਿਬ ਨੂੰ ਚਾਲੇ ਪਾ ਦਿੱਤੇ। ਰਸਤੇ ਵਿਚ ਪੰਥਕ ਲੀਡਰਾਂ ਦੇ ਕਹੇ 'ਤੇ ਉਨ੍ਹਾਂ ਨੂੰ ਰਸਤੇ ਵਿਚ ਹੀ ਰੋਕਣ ਲਈ ਉਪਰਾਲਾ ਕੀਤਾ ਗਿਆ, ਤਾਂ ਕਿ ਮਾਹੌਲ ਨਾ ਵਿਗੜੇ ਪਰ ਸਿੱਖਾਂ ਨੇ ਇੱਕੋ ਗੱਲ ਕਹੀ ਕਿ "ਅਸੀਂ ਵਾਹਿਗੁਰੂ ਅੱਗੇ ਅਰਦਾਸ ਕਰਕੇ ਤੁਰੇ ਹਾਂ, ਅਕਾਲ ਪੁਰਖ ਆਪ ਸਹਾਈ ਹੋਵੇਗਾ ਅਤੇ ਸਾਡੀ ਜਿੱਤ ਨਿਸ਼ਚਿਤ ਹੈ। ਅਸੀਂ ਅੱਗੇ ਹੋ ਕੇ ਮਰ ਜਾਵਾਂਗੇ ਪਰ ਹੁਣ ਪਿੱਛੇ ਨਹੀਂ ਹਟਾਂਗੇ। ਜਾਂ ਨਾਨਕ ਦਾ ਨਨਕਾਣਾ ਆਜ਼ਾਦ ਕਰਵਾਵਾਂਗੇ ਜਾਂ ਫਿਰ ਸ਼ਹੀਦ ਹੋਵਾਂਗੇ।" ਇਸ ਤਰ੍ਹਾਂ ਭਾਈ ਲਛਮਣ ਸਿੰਘ ਜੀ ਦਾ ਜੱਥਾ ਸ਼ਬਦ ਪੜ੍ਹਦਾ ਹੋਇਆ ਸਵੇਰੇ 6 ਵਜੇ ਨਨਕਾਣਾ ਸਾਹਿਬ ਅੰਦਰ ਦਾਖਲ ਹੋਇਆ। ਮੱਥਾ ਟੇਕ ਕੇ, ਕੀਰਤਨ ਆਰੰਭਿਆ ਗਿਆ। ਇੰਨੇ ਚਰ ਵਿਚ ਮਹੰਤ ਦੇ ਗੁੰਢਿਆਂ ਨੇ ਪੁਜ਼ੀਸ਼ਨਾਂ ਸੰਭਾਲ ਲਈਆਂ। ਮਹੰਤ ਨੇ ਬਾਹਰਲੇ ਗੇਟ ਬੰਦ ਕਰਵਾ ਦਿੱਤੇ ਅਤੇ ਸ਼ਾਂਤਮਈ ਸਿੰਘਾਂ ਉੱਤੇ ਮੀਂਹ ਦੀ ਤਰ੍ਹਾਂ ਗੋਲੀਆਂ ਦੀ ਬੁਛਾੜ ਕਰ ਦਿੱਤੀ। ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਭਾਈ ਲੱਛਮਣ ਸਿੰਘ ਜੀ ਨੂੰ ਗੋਲੀਆਂ ਨਾਲ ਅਧਮੋਇਆ ਕਰਨ ਤੋਂ ਬਾਅਦ ਜੰਡ ਨਾਲ ਪੁੱਠਾ ਲਮਕਾ ਕੇ ਅੱਗ ਲਗਾ ਕੇ ਸ਼ਹੀਦ ਕਰ ਦਿੱਤਾ ਗਿਆ। ਪਾਵਨ ਸਰੂਪ ਵਿਚ ਵੀ ਕਈ ਗੋਲੀਆਂ ਲੰਘੀਆਂ। ਇਹ ਜ਼ੁਲਮ ਦੀ ਇੰਤਹਾ ਸੀ। ਇਸੇ ਤਰ੍ਹਾਂ ਭਾਈ ਦਲੀਪ ਸਿੰਘ ਜੀ ਜਦ ਗੁਰਦੁਆਰਾ ਅੰਦਰ ਦਾਖਲ ਹੋਏ, ਤਾਂ ਉਨ੍ਹਾਂ ਨੂੰ ਵੀ ਬਲਦੀ ਭੱਠੀ ਵਿਚ ਸੁੱਟ ਕੇ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦ ਸਿੰਘਾਂ ਨੂੰ ਮਿੱਟੀ ਦਾ ਤੇਲ ਪਾ ਕੇ ਸਾੜਿਆ ਗਿਆ। ਕਿਹਾ ਜਾਂਦਾ ਹੈ ਕਿ ਦੋ ਸਾਲ ਦਾ ਇੱਕ ਸਿੱਖ ਬੱਚਾ ਜੋ ਕਿ ਇੱਕ ਅਲਮਾਰੀ ਵਿਚ ਬੰਦ ਸੀ, ਨੂੰ ਵੀ ਬਾਹਰ ਕੱਢ ਕੇ ਬਲਦੀ ਅੱਗ ਦੇ ਉੱਪਰ ਸੁੱਟ ਕੇ ਸ਼ਹੀਦ ਕੀਤਾ ਗਿਆ, ਜੋ ਜਰਗ (ਲੁਧਿਆਣਾ) ਨਿਵਾਸੀ ਸ਼ਹੀਦ ਕੇਹਰ ਸਿੰਘ ਦਾ ਪੁੱਤਰ ਸੀ ਅਤੇ ਆਪਣੇ ਪਿਤਾ ਨਾਲ ਇਸ ਸ਼ਹੀਦੀ ਜੱਥੇ ਵਿਚ ਸ਼ਾਮਿਲ ਸੀ। ਜੋ ਮਰਨੋਂ ਬਚ ਗਏ ਉਨ੍ਹਾਂ ਨੂੰ ਟੋਕਿਆਂ, ਛਵੀਆਂ ਨਾਲ ਵੱਢਿਆ ਗਿਆ। ਜਦ ਵੱਡੀ ਗਿਣਤੀ ਵਿਚ ਸਿੱਖ ਸ਼ਹੀਦੀਆਂ ਪ੍ਰਾਪਤ ਕਰ ਗਏ, ਤਾਂ ਮਹੰਤ ਨੇ ਸਾਰੀਆਂ ਲਾਸ਼ਾਂ ਇੱਕ ਥਾਂ ਇਕੱਠੀਆਂ ਕਰਕ ਸਾੜਨ ਦਾ ਹੁਕਮ ਦਿੱਤਾ। ਅੱਗ ਲਾਉਣ ਤੋਂ ਪਹਿਲਾਂ ਮਹੰਤ ਦੇ ਭਾੜੇ ਦੇ ਗੁੰਡਿਆਂ ਨੇ ਸਿੱਖਾਂ ਦੀਆਂ ਤਲਾਸ਼ੀਆਂ ਲਈਆਂ ਅਤੇ ਜੋ ਵੀ ਹੱਥ ਲੱਗਿਆ ਸਾਂਭ ਲਿਆ। ਫਿਰ ਸਾਰਿਆਂ ਨੂੰ ਬਲਦੀ ਅੱਗ ਵਿਚ ਸੁਟਿਆ ਜਾਂਦਾ ਰਿਹਾ, ਜੇਕਰ ਕੋਈ ਵਿਚੋਂ ਜ਼ਖ਼ਮੀ ਹਾਲਤ ਵਿਚ ਜਿਉਂਦਾ ਵੀ ਸੀ ਅਤੇ ਉੱਠਣ ਦੀ ਕੋਸ਼ਿਸ਼ ਕਰਦਾ, ਤਾਂ ਉਸ ਨੂੰ ਛਵੀਆਂ, ਤਲਵਾਰਾਂ ਅਤੇ ਲਾਠੀਆਂ ਮਾਰ ਕੇ ਮੁੜ ਅੱਗ ਵਿਚ ਸੁੱਟ ਦਿੱਤਾ ਜਾਂਦਾ।

ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਇਸ ਸਾਕੇ ਦੀ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਸਿੱਖਾਂ ਦੀ ਵੱਡੀ ਗਿਣਤੀ ਗੁਰਦੁਆਰਾ ਸਾਹਿਬ ਵਿਖੇ ਇਕੱਠੀ ਹੋਣੀ ਸ਼ੁਰੂ ਹੋ ਗਈ। 21 ਫਰਵਰੀ ਸਵੇਰੇ ਗੁਰਦੁਆਰਾ ਸਾਹਿਬ ਦੇ ਅੰਦਰ ਦੇ ਹਾਲਤ ਜ਼ੁਲਮ ਦੀ ਦਾਸਤਾਂ ਦੱਸਦੇ ਸਨ ਕਿ ਕਿਵੇਂ ਅੰਦਰ ਥਾਂ-ਥਾਂ 'ਤੇ ਚੱਲੇ ਕਾਰਤੂਸ, ਇੱਟਾਂ-ਪੱਥਰ, ਖ਼ੂਨ, ਲਾਸ਼ਾਂ ਦੇ ਟੁੱਕੜੇ ਅਤੇ ਅੱਧ ਸੜੀਆਂ ਲਾਸ਼ਾਂ ਦੀ ਬਦਬੂ ਹਰ ਪਾਸੇ ਫੈਲੀ ਹੋਈ ਸੀ। ਪੁਲਿਸ ਨੇ ਪੌਣੇ ਤਿੰਨ ਸੌ ਖੋਲ ਬਰਾਮਦ ਕੀਤੇ। ਛੱਤਾਂ ਉੱਥੇ ਰੋੜਿਆਂ-ਪੱਥਰਾਂ ਦੇ 24 ਵੱਡੇ ਢੇਰ ਅਜੇ ਵੀ ਪਏ ਸਨ। ਸਰਕਾਰ ਮੁਤਾਬਿਕ 157 ਸਿੱਖ ਸ਼ਹੀਦ ਹੋਏ ਸਨ, ਜਦਕਿ ਇੱਕ ਹੋਰ ਰਿਪੋਰਟ ਅਨੁਸਾਰ ਇਹ ਗਿਣਤੀ 168 ਬਣਦੀ ਹੈ।

ਇਸ ਤਰ੍ਹਾਂ 23 ਫਰਵਰੀ ਨੂੰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਅਤੇ ਅੰਗਰੇਜ਼ ਸਰਕਾਰ ਨੇ ਸਿੱਖਾਂ ਦੇ ਰੋਹ ਅੱਗੇ ਝੁਕਦਿਆਂ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸਿੱਖਾਂ ਨੂੰ ਸੌਂਪਿਆ ਅਤੇ ਅੰਗਰੇਜ ਸਰਕਾਰ ਵੱਲੋਂ ਮੌਕੇ 'ਤੇ ਫਰਾਰ ਹੋਏ ਮਹੰਤ ਨੂੰ ਵੀ ਸਖਤ ਸਜ਼ਾ ਦਿੱਤੀ ਗਈ। ਬਾਅਦ ਵਿਚ ਇੱਕ ਅੰਗਰੇਜ਼ ਜੱਜ ਨੇ ਰਿਸ਼ਵਤ ਲੈ ਕੇ ਮਹੰਤ ਦੀ ਸਜ਼ਾ ਘੱਟ ਕਰ ਦਿੱਤੀ ਸੀ, ਜੋ ਅੰਗਰੇਜ਼ਾਂ ਦੀ ਅਖੌਤੀ 'ਇਨਸਾਫ਼-ਪਸੰਦ' ਦੀ ਛਵੀ ਦਾ ਨਮੂਨਾ ਹੈ।

ਇਸ ਤਰ੍ਹਾਂ ਸ਼ਹਾਦਤਾਂ ਤੋਂ ਬਾਅਦ ਗੁਰਧਾਮਾਂ ਨੂੰ ਆਜ਼ਾਦ ਕਰਵਾ ਕੇ ਉੱਥੇ ਗੁਰ-ਮਰਿਯਾਦਾ ਬਹਾਲ ਕੀਤੀ ਗਈ। ਉਪਰੋਕਤ ਅਭੁੱਲ ਸਾਕੇ ਨੂੰ ਰੋਜ਼ਾਨਾ ਅਰਦਾਸ ਕਰਨ ਵੇਲੇ ਯਾਦ ਕੀਤਾ ਜਾਂਦਾ ਹੈ, 'ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।

## ਗੱਲ ਤਾਂ ਇੱਕੋ ਹੈ

ਦਿਲ ਟੁੱਟੇ ਜਾਂ ਤਾਰਾ ਗੱਲ ਤਾਂ ਇੱਕੋ ਹੈ,
ਛੁੱਟਦਾ ਝੱਟ ਸਹਾਰਾ ਗੱਲ ਤਾਂ ਇੱਕੋ ਹੈ।

ਟੁੱਟ ਜਾਏ ਇੱਕ ਵਾਰ ਮੁੜ ਜੁੜਦਾ ਨ੍ਹੀਂ,
ਕੰਬਦਾ ਵਾਂਗੂੰ ਪਾਰਾ ਗੱਲ ਤਾਂ ਇੱਕੋ ਹੈ।

ਇਸ਼ਕ ਕੰਬਖਤ ਕਿਸੇ ਦੀ ਸੁਣਦਾ ਨ੍ਹੀਂ,
ਚੱਲੇ ਨ ਕੋਈ ਚਾਰਾ ਗੱਲ ਤਾਂ ਇੱਕੋ ਹੈ।

ਸਿਰ ਚੜ੍ਹਦੈ ਤਾਂ ਪੱਤਣੀਂ ਤੇ ਜਾ ਖੜ੍ਹਦੈ ,
ਮਿਲੇ ਨਾ ਕਿਨਾਰਾ ਗੱਲ ਤਾਂ ਇੱਕੋ ਹੈ।

ਰੋ ਰੋ ਕਮਲਾ ਹੁੰਦਾ ਮਜਨੂੰ ਬਣ ਜਾਏ,
ਲੈਲਾ ਖੁਣੋਂ ਬਿਚਾਰਾ ਗੱਲ ਤਾਂ ਇੱਕੋ ਹੈ।

ਸੂਰਜ ਬਾਝੋਂ ਛਾਵੇ ਘੁੱਪ ਹਨ੍ਹੇਰ ਜਿਹਾ,
ਚਮਕੇ ਤਾਰਾ ਤਾਰਾ ਗੱਲ ਤਾਂ ਇੱਕੋ ਹੈ।

ਭੀੜ ਬਣੀ ਹੈ ਭਾਰੀ ਗਾਜ਼ਾ ਪੱਟੀ 'ਤੇ,
ਬੇਵੱਸ ਜੱਗ ਸਾਰਾ ਗੱਲ ਤਾਂ ਇੱਕੋ ਹੈ।

ਖੂੰਖਾਰ ਭੇੜੀਏ ਖੱਲ ਪਾਈ ਭੇਡਾਂ ਦੀ,
ਕਰਦੇ ਨਿੱਤ ਕਾਰਾ ਗੱਲ ਤਾਂ ਇੱਕੋ ਹੈ।



-ਸੇਵਾ ਸਿੰਘ "ਨੂਰਪੁਰੀ"

## ਮਾਂ ਬੋਲੀ ਲਈ ਹਾੜ੍ਹੇ

ਮਾਂ ਬੋਲੀ ਪੰਜਾਬੀ ਸਾਡੀ,
ਕੱਖੋਂ ਹੌਲੀ ਹੁੰਦੀ ਜਾਵੇ,
ਆਪਣੀ ਹੋਂਦ ਬਚਾਉਣ ਦੀ ਖ਼ਾਤਰ,
ਹਰ ਦਿਨ ਲੈਂਦੀ ਹੌਕੇ ਹਾਵੇ।

ਪੰਜਾਬ ਪੰਜਾਬੀਅਤ ਦਾ ਹਰ ਨਾਹਰਾ,
ਖੋਖਲਾ ਅਤੇ ਬੇ ਮਤਲਬ ਜਾਪੇ,
ਭੁੱਖ ਨੰਗ ਦਾ ਦੈਂਤ ਜਦ ਸਾਡੇ,
ਹਰ ਜਵਾਨ ਨੂੰ ਖਾਂਦਾ ਜਾਪੇ।

ਚੰਗੀ ਰੋਟੀ ਖਾਣ ਦੀ ਖਾਤਰ,
ਹਰ ਪੰਜਾਬੀ ਦੁਨੀਆਂ ਵਿਚ ਭਟਕੇ,
ਵਸਦੇ ਘਰ ਦੇ ਕੇ ਗੈਰਾਂ ਹੱਥ,
ਹਿੰਦੀਆਂ ਦੇ ਲਈ ਖੋਲ੍ਹੇ ਰਸਤੇ।

ਮਾਂ ਬੋਲੀ ਦੇ ਪਹਿਰੇਦਾਰ ਜਦੋਂ,
ਪੰਜਾਬੀ ਬੋਲਣ ਵਿਚ ਹੇਠੀ ਸਮਝਣ,
ਹੋਰ ਕਿਹੜੇ ਸਪੂਤ ਨਿੱਤਰਨਗੇ,
ਜੋ ਰੋਕਣਗੇ ਐਸੀ ਗਰਕਣ।

ਬੋਲੀ ਦੀ ਡਾਕਟਰੀ ਕਰਨੇ ਵਾਲੇ,
ਖ਼ੁਦ ਪੰਜਾਬੀ ਲਿਖਣੀ ਭੁੱਲ ਗਏ,
ਆਪਣੀਆਂ ਪ੍ਰਾਪਤੀਆਂ ਠੁਮਣ ਲਈ,
ਅੰਗਰੇਜ਼ੀਆਂ ਉੱਤੇ ਖ਼ੁਦ ਹੀ ਡੁੱਲ੍ਹ ਗਏ।

ਰਸਾਲੇ, ਅਖਬਾਰਾਂ, ਸੰਚਾਰ ਦੇ ਸਾਧਨ,
ਲਿਖਣ, ਬੋਲਣ ਗ਼ਲਤ ਪੰਜਾਬੀ,
ਚੰਗੀ ਸਲਾਹ ਤੇ ਤਿੜ ਫਿੜ ਕਰਦੇ,
ਗਲ਼ ਪੈਣ ਦੀ ਕਰਨ ਸ਼ਤਾਬੀ।

ਫੋਕੀਆਂ ਆਕੜਾਂ ਫੋਕੇ ਨਾਹਰੇ,
ਮਾਂ ਬੋਲੀ ਦਾ ਘਾਣ ਕਰਨਗੇ,
ਜਾਨਸ਼ੀਨ ਸਾਡੇ ਵਿਰਸੇ ਦੀ,
ਕਿਹੜੀ ਗੱਲ ਦਾ ਮਾਣ ਕਰਨਗੇ ?

ਕਰ ਲਓ ਹਿੰਮਤ ਜਾਂ ਕੋਈ ਹੀਲਾ,
ਸਹਿਕਦੀ ਮਾਂ ਮੂੰਹ ਪਾਣੀ ਪਾਓ,
ਸੰਜੀਦਾ ਸਿਰ ਜ਼ਰਾ ਜੋੜ ਕੇ ਬੈਠੋ,
ਮੌਤ ਦਾ ਕੋਈ ਲੱਭ ਲਓ ਉਪਾਓ।



-ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ, ਯੂ.ਕੇ.

## ਮਿੱਤਰਾਂ ਦੇ ਕੰਮ

ਕੰਮ ਜਿਹੜੇ ਅੜੇ ਉਹੀ ਮਿੱਤਰਾਂ ਹੱਥੇ ਚੜ੍ਹੇ
ਬਾਬੇ ਦੀ ਮਿਹਰ ਪੂਰੇ ਕਰਵਾਏ ਖੜ੍ਹੇ ਖੜ੍ਹੇ।

ਵੇਖ ਕੰਮ ਚੋਟੀ ਦੇ ਸ਼ਰੀਕਾਂ ਦੇ ਫੰਨੀਅਰ ਲੜੇ
ਕਾਲਜਾ ਫੁੱਕਦਾ ਤੇ ਨੀਲਾ ਥੋਥਾ ਸਿਰ ਚੜ੍ਹੇ॥

ਜ਼ੋਰ ਵੈਰੀਆਂ ਤੂੰ ਅਜਮਾ ਲਈ ਸਿੰਘ ਢਹਿੰਦਾ ਨਹੀ
ਤੀਵੀਆਂ ਤੇ ਦੋਗਲਿਆਂ ਦੀ ਢਾਣੀ ਬਹਿੰਦਾ ਨਹੀ।

ਜੇ ਵਹਿਮ ਕੋਈ ਰਹਿ ਗਿਆ ਕੱਢਣ 'ਚ ਮੈਂ ਰਹਿੰਦਾ ਨਹੀਂ
ਗੁਰੂ ਦਾ ਸਿੰਘ ਹਾਂ ਜੋ ਬੋਲ ਨਾ ਪੁਗੇ ਉਹ ਕਹਿੰਦਾ ਨਹੀਂ।

ਕੱਲਾ ਕਾਰਾ ਮੈਂ ਤੇਰੀ ਝੂਠੀ ਸਲਤਨਤ ਹਿਲਾ ਗਿਆ
ਆਪਣਿਆਂ ਦੇ ਸਾਥ ਬਿਨਾ ਗਰੂਰ ਤੇਰਾ ਮਿੱਟੀ 'ਚ ਮਿਲਾ ਗਿਆ।

ਕਾਹਦਾ ਤੂੰ ਬੰਦਾ ਪਾਣੀ ਤਾਂ ਤੈਨੂੰ ਮੈ ਪਿਲਾ ਗਿਆ
ਝੂਠੀ ਚੌਧਰ ਦਾ ਛੱਜ ਤੇਰਾ ਭੰਨ ਭੋਇ ਰਲਾ ਗਿਆ।

ਜਿੰਨੀ ਵਾਰ ਤੂੰ ਟਕਰਾਉਣਾ ਤੈਨੂੰ ਪੈਣਾ ਪਛਤਾਉਣਾ
ਗੱਲ ਇਹ ਸਾਰੀ ਦੀਨ ਨੂੰ ਸਮਝਾ ਗਿਆ।



-ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।
surinderpalsingh8563@gmail.com

## ਗ਼ਜ਼ਲ

ਰਿਸ਼ਤੇ ਹੁਣ ਅਫਸੋਸ ਕਰਨ ਤੱਕ ਰਹਿ ਗਏ ਨੇ।
ਮੋਹ ਮਮਤਾ ਦੇ ਪਰਬਤ ਸਾਰੇ ਢਹਿ ਗਏ ਨੇ।

ਤੇਜ਼ ਹਵਾਵਾਂ ਏਨਾਂ ਸ਼ੋਰ ਮਚਾਇਆ ਏ,
ਜਿਹੜੇ ਬੱਦਲ ਵਰ੍ਹਦੇ ਸੀ ਉਹ ਲਹਿ ਗਏ ਨੇ।

ਵੇਖ ਸਮੁੰਦਰ ਨੇ ਸਾਹਿਲ ਨੂੰ ਕੀ ਚੁੰਮਿਆ,
ਪਾਣੀ ਵਿਚ ਰੇਤੇ ਦੇ ਕਿਣ ਕੇ ਬਹਿ ਗਏ ਨੇ।

ਅੱਧੀ ਰਾਤੀਂ ਬਾਰਿਸ਼ ਹੋਈ ਖੰਜਰਾਂ ਦੀ,
ਕੱਚੇ ਕੋਠੇ ਸਹਿੰਦੇ ਸਹਿੰਦੇ ਸਹਿ ਗਏ ਨੇ।

ਨਜ਼ਰ ਉਠਾ ਕੇ ਇਕ ਦੂਜੇ ਨੂੰ ਤੱਕਿਆ ਹੈ,
ਆਹਮੋਂ-ਸਾਹਮਣੇਂ ਤੀਰ ਹਵਾ ਵਿਚ ਖਹਿ ਗਏ ਨੇ।

ਪੱਥਰ ਸਾਰੇ ਪਾਣੀ ਦੇ ਵਿਚ ਡੁੱਬ ਗਏ,
ਬਾਲਮ ਕੱਖ ਤਾਂ ਸਾਰੇ ਤਰ ਕੇ ਵਹਿ ਗਏ ਨੇ।



-ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ ਗੁਰਦਾਸਪੁਰ (ਪੰਜਾਬ)
ਮੋ. : 98156-25409

## ਮੇਰਾ ਵਜੂਦ

ਧਰਤ 'ਤੇ ਜਨਮਿਆਂ ਪੰਜਾਬ ਦੀ ਮੁੱਢੋਂ ਪੰਜਾਬੀ
ਬਚਪਨ ਅੱਥਰਾ, ਜਵਾਨੀ ਅੜਬ ਤੇ ਮੜਕ ਨਵਾਬੀ।

ਭਾਈ ਵੀਰ ਸਿੰਘ, ਸੁਰਜੀਤ ਪਾਤਰ ਲਿਖਾਰੀ ਖਿਤਾਬੀ
ਪੀਲੂ, ਵਾਰਿਸ, ਦਮੋਦਰ, ਹਾਸ਼ਮ ਸ਼ਾਹਸਵਾਰ ਕਲਮ ਇਨਕਲਾਬੀ॥

ਟੋਲਣਾ ਹੈ ਗਰਮੀ ਜੇਕਰ ਖ਼ੂਨ ਦੀ ਫਰੋਲ ਵਜੂਦ ਪੰਜਾਬੀ
ਮਾਂ ਬੋਲੀ ਦੇ ਵੈਰੀਆਂ ਦਾ ਚੰਮ ਚੀਰ ਪਾਉ ਤੌੜੀ ਰਕਾਬੀ।

ਮਾਂ ਬੋਲੀ ਦੇ ਜਾਇਆਂ ਦਾ ਨਾ ਬਣ ਬਹੁਤਾ ਹਿਸਾਬੀ
ਜੀਉਂਣ ਦੀ ਲੋਚਾ ਛੱਡ ਮੌਤ ਹੱਥ ਦਿੰਦੇ ਜੀਵਨ ਦੀ ਚਾਬੀ॥

ਧੁਰ ਅੰਦਰ ਤੱਕ ਬੋਲੀ ਦੀ ਫੁੱਟਣ ਕਰੂੰਬਲਾ ਤੇ ਚੜ੍ਹਨ ਬਹਾਰਾਂ
ਬੋਲੀ ਜੇਕਰ ਹੋਵੇ ਪੰਛੀ ਪਿੱਛੇ ਅਣਗਿਣਤ ਪੁੱਤਾਂ ਦੀਆਂ ਡਾਰਾਂ।

ਮਾਂ ਬੋਲੀ ਦੇ ਰਾਖਿਆਂ ਨੂੰ ਮੰਨਜ਼ੂਰ ਨਹੀਂ ਹਾਰਾਂ
ਸੀ ਨਹੀਂ ਉਚਰਦੇ ਭਾਵੇ ਲੱਗਣ ਫੱਟ ਤੇ ਪੈਣ ਮਾਰਾਂ॥



-ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

## ਇਹਦੀ ਸ਼ਾਨ ਨਵਾਬੀ

ਪੜ੍ਹ ਪੰਜਾਬੀ, ਲਿਖ ਪੰਜਾਬੀ, ਬੋਲ ਪੰਜਾਬੀ ਯਾਰ
ਮਾਤ-ਭਾਸ਼ਾ ਦਾ ਕਰਨਾ ਸਿੱਖੀਏ, ਆਪਾਂ ਵੀ ਸਤਿਕਾਰ।

ਗੁਰੂਆਂ-ਭਗਤਾਂ ਦਾ ਗ੍ਰੰਥ, ਜੋ ਲਿਖਿਆ ਵਿਚ ਪੰਜਾਬੀ
ਏਸੇ ਗੁਰੂ ਗ੍ਰੰਥ ਤੋਂ ਮਿਲਦੀ, ਸਾਨੂੰ ਸਮਝ ਖ਼ੁਦਾ ਦੀ
ਪੰਜਾਬੀ ਇਨਸਾਨ ਬਣਾਇਆ, ਸਾਨੂੰ ਸਿਰਜਣਹਾਰ।
ਮਾਤ-ਭਾਸ਼ਾ ਦਾ...

ਇਸ ਭਾਸ਼ਾ ਵਿਚ ਫ਼ਰੀਦ, ਕਬੀਰ ਜੀ, ਰਚੇ ਨੇ ਕਈ ਸ਼ਲੋਕ
ਦੇਸ਼-ਵਿਦੇਸ਼ 'ਚ ਲੱਖਾਂ, ਏਹੋ ਬੋਲੀ ਬੋਲਣ ਲੋਕ
ਉਨ੍ਹਾਂ ਦਰਵੇਸ਼ਾਂ ਜਿਹਾ ਹੋਵੇ, ਸਾਡਾ ਵੀ ਕਿਰਦਾਰ।
ਮਾਤ-ਭਾਸ਼ਾ ਦਾ...

ਗੁਰਬਾਣੀ ਤੇ ਸੂਫ਼ੀ ਕਵਿਤਾ, ਵਾਰਾਂ- ਕਿੱਸੇ- ਦੋਹੇ
ਇਸ ਭਾਸ਼ਾ ਵਿਚ ਵਾਰਿਸ ਸ਼ਾਹ ਨੇ, ਇਸ਼ਕ ਦੇ ਨਗ਼ਮੇ ਛੋਹੇ
ਵਿਚ ਪੰਜਾਬੀ ਲਿਖਿਆ ਪੀਲੂ, ਮੁਕਬਲ, ਅਹਿਮਦ ਯਾਰ।
ਮਾਤ-ਭਾਸ਼ਾ ਦਾ...

ਹਾਸ਼ਮ ਸ਼ਾਹ ਤੇ ਸ਼ਿਵ ਕੁਮਾਰ ਨੇ, ਲਿਖੇ ਨੇ ਬਿਰਹਾ ਗੀਤ
ਏਸੇ ਭਾਸ਼ਾ ਵਿਚ ਲਿਖਦਾ ਹੈ, ਕਵਿਤਾ 'ਨਵ ਸੰਗੀਤ'
ਸਾਰੇ ਨੇ ਪੰਜਾਬੀ, ਹਿੰਦੂ-ਮੁਸਲਿਮ ਤੇ ਸਰਦਾਰ।
ਮਾਤ-ਭਾਸ਼ਾ ਦਾ...

ਕਦੇ ਏਸਨੂੰ ਸਮਝ ਗੰਵਾਰੂ, ਪੈਰਾਂ ਵਿਚ ਹੈ ਰੋਲੀ
ਬੋਲ ਕੇ ਵੇਖ ਪੰਜਾਬੀ ਭਾਸ਼ਾ, ਹੈ ਨਾ ਮਿਸ਼ਰੀ ਘੋਲੀ
ਮਾਂ-ਬੋਲੀ ਬੋਲਣ ਵਾਲੇ ਨੂੰ, ਨਾ ਪਾਈਏ ਫਿਟਕਾਰ।
ਮਾਤ-ਭਾਸ਼ਾ ਦਾ...

ਪਿਉ-ਦਾਦੇ ਦਾ ਖੋਲ੍ਹ ਵੇਖੀਏ, ਇਹ ਅਨਮੋਲ ਖ਼ਜ਼ਾਨਾ
ਆਪਸ ਵਿਚ ਪੰਜਾਬੀ ਬੋਲੋ, ਕੋਈ ਨਾ ਦਿਸੇ ਬੇਗਾਨਾ
ਮਾਂ-ਬੋਲੀ ਦਾ ਉੱਚਾ ਰੁਤਬਾ, ਵਿਰਸਾ, ਸੱਭਿਆਚਾਰ।
ਮਾਤ-ਭਾਸ਼ਾ ਦਾ...

ਜਨਮ-ਮਰਨ ਤੇ ਵਿਆਹ ਦੇ ਮੌਕੇ, ਜਾਂ ਫਿਰ ਖ਼ੁਸ਼ੀ-ਗ਼ਮੀ ਵਿਚ
ਇਹੋ ਭਾਸ਼ਾ ਤ੍ਰਿਪਤੀ ਦੇਵੇ, ਸਾਨੂੰ ਖੁਸ਼ਕ-ਨਮੀ ਵਿਚ
ਗਿਣੇ ਨਾ ਜਾਵਣ ਮਾਂ-ਬੋਲੀ ਦੇ, ਕਿੰਨੇ ਨੇ ਉਪਕਾਰ।
ਮਾਤ-ਭਾਸ਼ਾ ਦਾ...

ਵਿਚ ਸੰਸਾਰ ਦੇ ਇਸ ਭਾਸ਼ਾ ਨੂੰ, ਮਿਲਿਆ ਉੱਚਾ ਦਰਜਾ
ਮੰਨੀਏ ਖ਼ੁਦ ਨੂੰ ਜੇ ਪੰਜਾਬੀ, ਬਿਨ ਇਹਦੇ ਨਾ ਸਰਦਾ
ਰਫ਼ਤਾ-ਰਫ਼ਤਾ ਕਰਕੇ ਇਸ ਦੀ, ਤੇਜ਼ ਹੋਈ ਰਫ਼ਤਾਰ।
ਮਾਤ-ਭਾਸ਼ਾ ਦਾ...

ਕੁਝ ਪੜ੍ਹਦੇ ਅਖ਼ਬਾਰ ਰਸਾਲੇ, ਪੜ੍ਹਨ ਕਈ ਗੁਰਬਾਣੀ
ਮਾਂ-ਬੋਲੀ ਪੰਜਾਬੀ ਸਾਡੀ, ਗੱਲ ਇਹ ਸੱਚੀ ਜਾਣੀ
ਦੇਸ਼-ਵਿਦੇਸ਼ੀਂ ਬੋਲਣ, ਮੰਦਿਰ-ਮਸਜਿਦ-ਗੁਰ ਦਰਬਾਰ।
ਮਾਤ-ਭਾਸ਼ਾ ਦਾ...

ਸਮਝੋ-ਸਿੱਖੋ ਹੋਰ ਬੋਲੀਆਂ, ਛੱਡੋ ਨਾ ਪੰਜਾਬੀ
'ਰੂਹੀ' ਉੱਚੀ ਆਖ ਸੁਣਾਵੇ: ਇਹਦੀ ਸ਼ਾਨ ਨਵਾਬੀ
ਮਾਂ-ਬੋਲੀ ਸੁਣ ਕੇ ਹੈ ਛਿੜਦੀ, ਕਣ ਕਣ ਵਿਚ ਝੁਣਕਾਰ।
ਮਾਤ-ਭਾਸ਼ਾ ਦਾ...



-ਪ੍ਰੋ. ਨਵ ਸੰਗੀਤ ਸਿੰਘ
# 1, ਲਤਾ ਗਰੀਨ ਐਨਕਲੇਵ, ਪਟਿਆਲਾ
94176-92015.


RE/MAX
RE/MAX
Outstanding Agents
Outstanding Results®
DRE Lic. # 01215931 (Broker)
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com